Department of Tourism and Cultural Affairs
Government of Punjab

॥ ਸੁਇਨੇ ਕਾ ਬਿਰਖੁ ॥
the golden tree

# ॥ ਸੁਇਨੇ ਕਾ ਬਿਰਖੁ ॥




ਸੁਇਨੇ ਕਾ ਬਿਰਖੁ ਪਤ ਪਰਵਾਲਾ
ਫੁਲ ਜਵੇਹਰ ਲਾਲ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ
ਹਿਰਦੈ ਰਿਦੈ ਨਿਹਾਲ ॥ਮ:1

Guru is the golden tree
with leaves of coral
and blossoms of jewels and rubies.
It bears the fruits of diamonds.
When he speaks,
the hearts are filled with bliss.

# the golden tree

# ॥ ਸੁਇਨੇ ਕਾ ਬਿਰਖੁ ॥

ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ॥
ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ॥



# the golden tree

Guru is the golden tree
with leaves of coral
and blossoms of jewels and rubies.
It bears the fruits of diamonds.
When he speaks,
the hearts are filled with bliss.



# ਸੁਇਨੇ ਕਾ ਬਿਰਖੁ
# the golden tree

ਸੰਪਾਦਕ

ਸੁਰਜੀਤ ਪਾਤਰ  Surjit Patar

ਸੰਪਾਦਕੀ ਮੰਡਲ

ਲਖਵਿੰਦਰ ਜੌਹਲ  Lakhwinder Johal
ਦੀਵਾਨ ਮਾਨਾ  Diwan Manna
ਚਮਕੌਰ ਸਿੰਘ  Chamkaur Singh
ਮੁਹੰਮਦ ਇਦਰੀਸ  Mohmmed Idris

ਸੁਇਨੇ ਕਾ ਬਿਰਖੁ
The Golden Tree
A book on the life and Bani of Sri Guru Nanak Dev ji

Editor: Surjit Patar

English translation: Puneet Kaur Hundal

Painting on the title: Sidharth

Design & Layout: Preetinder Singh Bajwa at

plough arts

Published by
Department of Tourism and Cultural Affairs, Punjab

Printed and Bound in India by

BurdaMedia India

**Burda Media India Pvt. Ltd. New Delhi, India**

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book. The copy right of paintings and sketches rests solely with the copy right holding artist.



# ॥ ਸੁਇਨੇ ਕਾ ਬਿਰਖੁ ॥

ਜਗਤ ਗੁਰੂ ਸ੍ਰੀ ਗੁਰੁ ਨਾਨਕ ਦੇਵ ਜੀ ਦੇ
੫੫੦ਵੇਂ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ ਤੇ
ਪੰਜਾਬ ਸਰਕਾਰ ਵੱਲੋਂ ਭੇਟ ਕੀਤੀ ਗਈ ਪੁਸਤਕ

# the golden tree

A book presented by
Government of Punjab
to commemorate
the 550th birth anniversary
of Jagat Guru Sri Guru Nanak Dev ji



## ਮੁੱਖ ਮੰਤਰੀ, ਪੰਜਾਬ

### ਸੰਦੇਸ਼

ਮੈਨੂੰ ਇਹ ਜਾਣ ਕੇ ਹਾਰਦਿਕ ਖੁਸ਼ੀ ਹੋਈ ਹੈ ਕਿ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਦੋ-ਭਾਸ਼ਾਈ ਪੁਸਤਕ 'ਸੁਇਨੇ ਕਾ ਬਿਰਖੁ' ਪ੍ਰਕਾਸ਼ਿਤ ਕੀਤੀ ਗਈ ਹੈ।

ਪੰਜਾਬੀ ਦੇ ਉੱਘੇ ਸ਼ਾਇਰ  ਸੁਰਜੀਤ ਪਾਤਰ ਦੁਆਰਾ ਤਿਆਰ ਕੀਤੀ ਗਈ ਇਸ ਪੁਸਤਕ ਵਿਚ ਪ੍ਰਥਮ ਪਾਤਸ਼ਾਹ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਦਰਸ਼ਨ ਦਾ ਬਾਖ਼ੂਬੀ ਬਿਆਨ ਕੀਤਾ ਗਿਆ ਹੈ। ਇਸ ਪੁਸਤਕ ਵਿਚ ਡਾ. ਸਰਵਪੱਲੀ ਰਾਧਾਕ੍ਰਿਸ਼ਨਨ, ਖੁਸ਼ਵੰਤ ਸਿੰਘ, ਆਰਨੋਲਡ ਟੌਇਨਬੀ, ਪਰਲ ਐੱਸ. ਬੱਕ, ਰਾਬਿੰਦਰ ਨਾਥ ਟੈਗੋਰ, ਮੁਹੰਮਦ ਇਕਬਾਲ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਅੱਲਾ ਯਾਰ ਖਾਂ ਜੋਗੀ ਵਰਗੀਆਂ ਪ੍ਰਸਿੱਧ ਸ਼ਖ਼ਸੀਅਤਾਂ ਦੀਆਂ ਗੁਰੂ ਸਾਹਿਬ ਦੇ ਜੀਵਨ, ਬਾਣੀ ਅਤੇ ਫ਼ਿਲਾਸਫ਼ੀ ਬਾਰੇ ਰਚਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਪੁਸਤਕ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ  ਦੀਆਂ ਸਿੱਖਿਆਵਾਂ ਦਾ ਆਲਮੀ ਪੱਧਰ 'ਤੇ ਪਾਸਾਰ ਕਰਨ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿਚ ਅਹਿਮ ਯੋਗਦਾਨ ਪਾਵੇਗੀ।

ਚੰਡੀਗੜ੍ਹ, 23 ਅਕਤੂਬਰ, 2019

(ਅਮਰਿੰਦਰ ਸਿੰਘ)

**CHIEF MINISTER, PUNJAB**

MESSAGE

I am delighted to learn that the Tourism and Cultural Affairs Department, Punjab, has brought out a bilingual book 'The Golden Tree', in Punjabi and English, to mark the 550th Prakash Purb celebrations of Sri Guru Nanak Dev Ji.

Edited by eminent Punjabi poet Surjit Patar, the book is a creditable showcase of the ideology of the first Sikh Guru, with a vivid portrayal of his life and philosophy by noted personalities, scholars and luminaries, such as Dr. Sarvepalli Radhakrishnan, Khushwant Singh, Arnold Toynbee, Pearl S. Buck, Rabindera Nath Tagore, Mohammed Iqbal, Bhai Vir Singh, Prof. Puran Singh, and Alla Yar Khan Jogi.

I am sure this publication would contribute immensely to the state government's efforts to disseminate the teachings of the founder of the Sikh faith across the globe.

Chandigarh, 23rd October, 2019

(Amarinder Singh)



**ਮੰਤਰੀ, ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ**

**ਸੰਦੇਸ਼**

ਸਤਿਕਾਰਯੋਗ ਜੀਓ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ ਤੇ ਆਪ ਜੀ ਦੀਆਂ ਪ੍ਰਾਪਤੀਆਂ ਅਤੇ ਆਪ ਜੀ ਵੱਲੋਂ ਸਮਾਜ ਨੂੰ ਦਿੱਤੇ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਹੋਇਆਂ, ਕੈਪਟਨ ਅਮਰਿੰਦਰ ਸਿੰਘ ਜੀ ਦੀ ਗਤੀਸ਼ੀਲ ਅਗਵਾਈ ਵਿਚ ਪੰਜਾਬ ਸਰਕਾਰ ਵੱਲੋਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਹੈ।

ਏਸੇ ਸੰਬੰਧ ਵਿਚ ਯਾਤਰਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦਾ ਮੰਤਰੀ ਹੋਣ ਦੇ ਨਾਤੇ ਆਪਣੇ ਵਿਭਾਗ ਵੱਲੋਂ ਵਿਸ਼ੇਸ਼ ਤੌਰ ਤੇ ਪ੍ਰਕਾਸ਼ਿਤ ਕੀਤੀ ਗਈ ਬਹੁ-ਪੱਖੀ ਅਤੇ ਦੋ-ਭਾਸ਼ਾਈ ਪੁਸਤਕ ਸੁਇਨੇ ਕਾ ਬਿਰਖੁ (ਦ ਗੋਲਡਨ ਟ੍ਰੀ) ਆਪ ਜੀ ਨੂੰ ਭੇਟ ਕਰਦਿਆਂ ਮੈਂ ਅਸੀਮ ਖੁਸ਼ੀ ਮਹਿਸੂਸ ਕਰਦਾ ਹਾਂ।

ਪ੍ਰਮੁਖ ਪੰਜਾਬੀ ਕਵੀ ਪਦਮਸ਼੍ਰੀ ਡਾ ਸੁਰਜੀਤ ਪਾਤਰ ਦੁਆਰਾ ਸੰਪਾਦਿਤ ਇਸ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਵਿਸ਼ਵ ਪੱਧਰ ਦੇ ਸਾਹਿਤਕਾਰਾਂ ਅਤੇ ਵਿਦਵਾਨਾਂ ਦੇ ਵਿਚਾਰਾਂ ਨੂੰ ਸੰਜੋਅ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਸ਼ਵ ਵਿਆਪੀ ਸੰਦੇਸ਼ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ।ਇਸ ਪੁਸਤਕ ਵਿਚ ਨੋਬਲ ਪੁਰਸਕਾਰ ਵਿਜੇਤਾ ਪਰਲ ਐੱਸ ਬੱਕ, ਆਰਨੋਲਡ ਟੌਇਨਬੀ, ਰਾਬਿੰਦਰ ਨਾਥ ਟੈਗੋਰ, ਡਾ ਰਾਧਾ ਕ੍ਰਿਸ਼ਨਨ, ਮੁਹੰਮਦ ਇਕਬਾਲ, ਭਾਈ ਵੀਰ ਸਿੰਘ, ਪ੍ਰੋ ਪੂਰਨ ਸਿੰਘ, ਜੋਗੀ ਅੱਲਾ ਯਾਰ ਖ਼ਾਂ, ਨਜ਼ੀਰ ਅਕਬਰਾਬਾਦੀ, ਨਿਹਾਰਰੰਜਨ ਰੇ ਅਤੇ ਹੋਰ ਬਹੁਤ ਸਾਰੀਆਂ ਨਾਮਵਰ ਹਸਤੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ ।ਗੁਰੂ ਨਾਨਕ ਦੇਵ ਜੀ ਦੁਆਰਾ ਦਿੱਤੇ ਗਏ ਵਿਸ਼ਵ ਭਾਈਚਾਰਕ ਭਾਵਨਾ ਦੇ ਸੰਦੇਸ਼, ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਉੱਥਾਨ ਦੀ ਸੋਚ ਤੇ ਸਭ ਧਰਮਾਂ ਲਈ ਸਤਿਕਾਰ ਦੀ ਭਾਵਨਾ ਪੈਦਾ ਕਰਨ ਵਾਲੀ ਉਨ੍ਹਾਂ ਦੀ ਦੂਰ-ਦਰਸ਼ਤਾ ਨੂੰ ਬਹੁਤ ਸਾਦਾ ਢੰਗ ਨਾਲ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਆਓ ਇਸ ਸ਼ੁਭ ਦਿਹਾੜੇ ਤੇ, ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਜਿਊਣ ਦਾ ਪ੍ਰਣ ਕਰੀਏ।

ਚਰਨਜੀਤ ਸਿੰਘ ਚੰਨੀ

**Minister, Department of Tourism and Cultural Affairs**

**Message**

Respected ,

Government of Punjab under the dynamic leadership of Capt. Amarinder Singh ji, in appreciation of your achievements and services to the society, has conferred an honour to you on the auspicious occasion of 550th Prakash Purab of Sri Guru Nanak Dev Ji.

Further, being the Minister-In-charge for the Department of Tourism and Cultural Affairs, it gives me immense pleasure in also presenting to you, this multifaceted bilingual book, Seone ka Birkh (The Golden Tree), specifically brought out by my department.

Edited by prominent Punjabi poet, Padmashree Dr. Surjit Patar, this book, through a compilation of thoughts expressed by litterateurs and scholars of global acclaim on Guru Nanak Dev ji, highlights the universal message of Guru Nanak. The thoughts of many prominent personalities on Guru Nanak Dev ji, including luminaries such as Nobel laureate author Pearl S. Buck, Arnold Toynbee, Rabindra Nath Tagore, Mohammed Iqbal, Dr. Radhakrishnan, Bhai Vir Singh, Prof. Puran Singh, Alla Yar Khan Jogi, Nazeer Akbarabadi, Niharranjan Ray and many others have been incorporated in the book. Guru Nanak's message of universal brotherhood, his caring concern for weaker sections of society and his foresight in establishing respect for all religions is being brought to light in a very simple form.

On this auspicious day, let us make a resolution to follow the thoughts, discourse and teachings of Guru Nanak Dev ji.

Charanjit Singh Channi

# ਸੁਇਨੇ ਕਾ ਬਿਰਖੁ

ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਉਨ੍ਹਾਂ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਪੁਸਤਕ ਤਿਆਰ ਕਰਦਿਆਂ, ਇਸ ਦਾ ਇਹ ਨਾਮ 'ਸੁਇਨੇ ਕਾ ਬਿਰਖੁ' ਸਾਨੂੰ ਉਨ੍ਹਾਂ ਦੀ ਹੀ ਬਾਣੀ ਵਿਚੋਂ ਬਖ਼ਸ਼ਿਸ਼ ਵਾਂਗ ਪ੍ਰਾਪਤ ਹੋਇਆ।

ਇਸ ਪੁਸਤਕ ਦੇ ਪੰਜ ਪ੍ਰਮੁਖ ਭਾਗ ਹਨ :

ਪਾਵਨ ਪ੍ਰਕਾਸ਼

ਭਾਗਾਂ ਵਾਲ਼ੀ ਧਰਤੀ

ਪਤ ਪਰਵਾਲਾ

ਨਾਦ ਅਨੇਕ ਅਸੰਖਾ

ਅਤੇ

ਪ੍ਰਗਟ ਭਈ ਸਗਲੇ ਜਗ ਅੰਦਰ

ਪਹਿਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਦੇ ਪ੍ਰਮੁਖ ਪਹਿਲੂਆਂ ਨੂੰ ਬਹੁਤ ਹੀ ਸੰਖੇਪ ਰੂਪ ਵਿਚ ਪੇਸ਼ ਕਰਨ ਦੀ ਸਨਿਮਰ ਕੋਸ਼ਿਸ਼ ਕੀਤੀ ਗਈ ਹੈ।

ਦੂਜੇ ਭਾਗ ਵਿਚ ਜਨਮ-ਸਾਖੀਆਂ ਨੂੰ ਆਧਾਰ ਬਣਾ ਕੇ ਗੁਰੂ ਸਾਹਿਬ ਦੇ ਜੀਵਨ ਨੂੰ ਕਾਵਿਮਈ ਰੰਗ ਵਿਚ ਚਿਤਰਣ ਦਾ ਉਪਰਾਲਾ ਕੀਤਾ ਗਿਆ ਹੈ।

ਤੀਜਾ ਭਾਗ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਤੁਕਾਂ ਲੈ ਕੇ ਸੰਜੋਇਆ ਗਿਆ ਹੈ।

ਚੌਥੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਵਿਚ ਸੰਗੀਤ ਦੇ ਵਿਸ਼ੇਸ਼ ਮਹਾਤਮ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

ਪੰਜਵੇਂ ਭਾਗ ਵਿਚ ਵਿਸ਼ਵ ਦੇ ਕੁਝ ਚੋਣਵੇਂ ਵਿਦਵਾਨਾਂ, ਇਤਿਹਾਸਕਾਰਾਂ ਅਤੇ ਕਵੀਆਂ ਵੱਲੋਂ ਲਿਖੇ ਗਏ ਵਿਚਾਰਾਂ ਤੇ ਭਾਵਾਂ ਨੂੰ ਪੇਸ਼ ਕੀਤਾ ਗਿਆ ਹੈ।

ਇਸ ਪੁਸਤਕ ਦਾ ਅੰਗਰੇਜ਼ੀ ਤਰਜਮਾ ਪੁਨੀਤ ਕੌਰ ਹੁੰਦਲ ਨੇ ਬਹੁਤ ਥੋੜ੍ਹੇ ਸਮੇਂ ਪਰ ਕਮਾਲ ਦੀ ਲਗਨ ਅਤੇ ਸੁਯੋਗਤਾ ਨਾਲ ਕੀਤਾ। ਗੁਰਬਾਣੀ ਅਨੁਵਾਦ ਲਈ ਅਸੀਂ ਬਹੁਤ ਸਾਰੇ ਸ੍ਰੋਤਾਂ ਦਾ ਆਸਰਾ ਲਿਆ।

ਇਸ ਦਾ ਖ਼ੂਬਸੂਰਤ ਸਰਵਰਕ ਮਸ਼ਹੂਰ ਚਿੱਤਰਕਾਰ ਸਿਧਾਰਥ ਦੀ ਰਚਨਾ ਹੈ।

ਇਸ ਪੁਸਤਕ ਦੀ ਦਿੱਖ ਨੂੰ ਅਮੀਰ ਕਰਨ ਵਾਲੇ ਚਿੱਤਰ ਸਿਧਾਰਥ, ਹਰਪ੍ਰੀਤ ਸਿੰਘ ਨਾਜ਼, ਸਵਰਨਜੀਤ ਸਵੀ, ਜਸਪ੍ਰੀਤ ਸਿੰਘ, ਮਨਦੀਪ ਸਿੰਘ ਮਨੂ, ਅੰਕੁਰ, ਰਾਜਿੰਦਰ ਕੌਰ, ਵਿਨੋਦ ਕੁਮਾਰ, ਤਨਵੀ ਰਾਨਾ, ਪ੍ਰਭਸਿਮਰ ਕੌਰ ਤੇ ਪੰਕਜ ਸ਼ਰਮਾ ਦੀ ਰਚਨਾ ਹਨ।

ਵਿਦਵਾਨਾਂ, ਸਾਹਿਤਕਾਰਾਂ ਤੇ ਇਤਿਹਾਸਕਾਰਾਂ ਦੇ ਰੇਖਾ ਚਿੱਤਰ ਜਸਪ੍ਰੀਤ ਸਿੰਘ ਨੇ ਬੜੀ ਬਾਰੀਕਬੀਨੀ ਨਾਲ ਬਣਾਏ।

ਸ ਦਵਿੰਦਰ ਪਾਲ ਸਿੰਘ ਨੇ ਬੜੀ ਉਦਾਰਤਾ ਨਾਲ ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਦਰਵਾਜ਼ੇ ਸਾਡੇ ਲਈ ਖੋਲ੍ਹ ਦਿੱਤੇ।

ਇਸ ਪੁਸਤਕ ਵਿਚ ਸ਼ਾਮਿਲ ਕਵਿਤਾਵਾਂ ਵਿਚੋਂ ਤਿੰਨ ਕਵਿਤਾਵਾਂ ਮੈਂ ਅਮਰਜੀਤ ਚੰਦਨ ਦੀ ਸਦਾ ਨਮਸਕਾਰ ਵਿਚੋਂ ਲਈਆਂ।

# The Golden Tree

While preparing this book on Guru Nanak Dev Ji, dedicated to the occasion of his 550th Prakash Purab, the title for this book came to us from within his own hymns like a blessed gift.

This book has five main sections:

The divine illumination

The blessed land

Leaves of Coral

The countless musicians play and

Manifest through all the ages

In the first section, a humble attempt has been made to present the main aspects of the teachings and life of Guru Nanak Dev Ji in a very concise manner.

In the second section, taking the Janam sakhis as our basis, we endeavoured to depict the life of Guru Nanak in a poetic hue.

The third section has been strung together with verses taken from the hymns of Guru Nanak.

In the fourth section an attempt is made to understand the special significance of music in the life and hymns of Guru Nanak Dev Ji.

In the fifth section the thoughts and feelings penned by some eminent scholars, historians and poets of the world have been presented.

The English translation of this book was done in very little time but with diligence and competence by Puneet Kaur Hundal. We consulted various sources for the Gurbani translation.

The beautiful cover page is the creation of renowned artist Sidharth.

The paintings enriching this book are by Sidharth, Harpreet Singh Naz, Swaranjit Savi, Jaspreet Singh, Mandeep Singh Manu, Ankur, Rajinder Kaur, Vinod Kumar, Tanvi Rana, Prabhsimar and Pankaj Sharma.

The sketches of scholars, litterateurs and historians were drawn by Jaspreet Singh with a fine eye for detail.

S Davinder Pal Singh generously opened the doors of Punjab Digital Library for us.

ਇਸ ਪੁਸਤਕ ਦੀ ਸਮੱਗਰੀ ਇਕੱਠੀ ਕਰਨ ਵਿਚ ਪ੍ਰੋ ਅਵਤਾਰ ਸਿੰਘ ਹੋਰਾਂ ਮੇਰੀ ਬਹੁਤ ਸਹਾਇਤਾ ਕੀਤੀ।

ਇਸ ਪੁਸਤਕ ਵਿਚ ਪੇਸ਼ ਕੀਤਾ ਹੋਰ ਬਹੁਤ ਕੁਝ ਕਿਤਾਬਾਂ, ਇੰਟਰਨੈਟ ਅਤੇ ਗੱਲਾਂ ਬਾਤਾਂ ਦੇ ਬੇਸ਼ੁਮਾਰ ਸੋਮਿਆਂ ਤੋਂ ਆਇਆ।

ਸਮੁੱਚੀ ਡੀਜ਼ਾਈਨਿੰਗ ਦਾ ਕੰਮ ਪ੍ਰੀਤਇੰਦਰ ਸਿੰਘ ਬਾਜਵਾ ਨੇ ਬਹੁਤ ਸੁਘੜਤਾ ਨਾਲ ਕੀਤਾ। ਸਿਧਾਰਥ ਹੋਰਾਂ ਦੀ ਅਸੀਸ ਉਸ ਦੇ ਅੰਗ ਸੰਗ ਰਹੀ।

ਇਸ ਕਾਰਜ ਵਿਚ ਦੀਵਾਨ ਮਾਨਾ ਦੀ ਮੌਜੂਦਗੀ ਅਤੇ ਕਲਾਮਈ ਸਲਾਹਾਂ ਮਾਰਗ ਨੂੰ ਰੌਸ਼ਨ ਕਰਦੀਆਂ ਰਹੀਆਂ।

ਡਾ ਚਮਕੌਰ ਸਿੰਘ ਨੇ ਗੁਰਬਾਣੀ ਦੇ ਸ਼ਬਦਾਂ ਅਤੇ ਤੁਕਾਂ ਦੇ ਹਿੱਜੇ ਸਹੀ ਰੱਖਣ ਵਿਚ ਬਹੁਤ ਮਿਹਨਤ ਕੀਤੀ। ਹੋਰ ਵੇਰਵਿਆਂ ਤੇ ਤਸਵੀਰਾਂ ਦੀ ਚੋਣ ਨੂੰ ਸੇਧ ਦੇਣ ਵਿਚ ਵੀ ਉਨ੍ਹਾਂ ਸਾਡੀ ਅਗਵਾਈ ਕੀਤੀ।

ਡਾ ਲਖਵਿੰਦਰ ਸਿੰਘ ਜੌਹਲ ਨੇ ਸਮੁੱਚੀ ਪੁਸਤਕ ਦੀ ਰੂਪਰੇਖਾ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ।

ਮੇਰੇ ਸਾਰੇ ਦਾਨਿਸ਼ਵਰ ਦੋਸਤ ਡਾ ਤੇਜਵੰਤ ਸਿੰਘ ਗਿੱਲ, ਡਾ ਬਲਕਾਰ ਸਿੰਘ ਤੇ ਪ੍ਰੋ ਹਰਪਾਲ ਸਿੰਘ ਪੰਨੂ ਵੀ ਸੂਖ਼ਮ ਰੂਪ ਵਿਚ ਇਸ ਪੁਸਤਕ ਵਿਚ ਮੌਜੂਦ ਹਨ।

ਅਮਰਜੀਤ ਗਰੇਵਾਲ ਦੀ ਸੁਪਨਸਾਜ਼ੀ ਦੀ ਝਲਕ ਵੀ ਕਿਤਿਓਂ ਜ਼ਰੂਰ ਮਿਲੇਗੀ।

ਇਸ ਪੁਸਤਕ ਦੇ ਪ੍ਰਕਾਸ਼ਨ ਵਿਚ ਮਾਣਯੋਗ ਮੁੱਖ ਮੰਤਰੀ,ਪੰਜਾਬ, ਸ ਅਮਰਿੰਦਰ ਸਿੰਘ ਹੋਰਾਂ ਦੀ ਸਰਪ੍ਰਸਤੀ ਸਾਡੇ ਲਈ ਪ੍ਰੇਰਣਾ ਦਾ ਮੁਖ ਸ੍ਰੋਤ ਰਹੀ।

ਸ ਚਰਨਜੀਤ ਸਿੰਘ ਚੰਨੀ, ਮਾਣਯੋਗ ਮੰਤਰੀ ਯਾਤਰਾ ਅਤੇ ਸਭਿਆਚਾਰਕ ਮਾਮਲੇ, ਦੀ ਅਗਵਾਈ ਅਤੇ ਅਪਣੱਤ ਸਾਡਾ ਉਤਸ਼ਾਹ ਵਧਾਉਂਦੀ ਰਹੀ।

ਚੀਫ਼ ਪ੍ਰਿੰਸੀਪਲ ਸਕੱਤਰ ਸ਼੍ਰੀ ਸੁਰੇਸ਼ ਕੁਮਾਰ ਹੋਰਾਂ ਦੀ ਨਿਗਹਬਾਨੀ ਤੇ ਪ੍ਰਿੰਸੀਪਲ ਸਕੱਤਰ ਸ ਤੇਜਵੀਰ ਸਿੰਘ ਹੋਰਾਂ ਦੀ ਨਿਰੰਤਰ ਦਿਲਚਸਪੀ ਨੇ ਸਾਡੀ ਗਤੀ ਨੂੰ ਮੱਧਮ ਨਾ ਹੋਣ ਦਿੱਤਾ।

ਯਾਤਰਾ ਤੇ ਸਭਿਆਚਾਰ ਵਿਭਾਗ ਦੇ ਸਕੱਤਰ ਸ਼੍ਰੀ ਵਿਕਾਸ ਪ੍ਰਤਾਪ ਜੀ ਸਾਡੇ ਲਈ ਸਿਆਣਪ ਤੇ ਅਪਣੱਤ ਭਰੇ ਸਲਾਹ ਮਸ਼ਵਰੇ ਲਈ ਸਦਾ ਉਪਲਬਧ ਰਹੇ। ਏਸੇ ਹੀ ਵਿਭਾਗ ਦੇ ਡਾਇਰੈਕਟਰ ਸ਼੍ਰੀ ਮ ਸ ਜੱਗੀ ਵੀ ਇਸ ਪੁਸਤਕ ਦੀ ਤਿਆਰੀ ਵਿਚ ਨਿਰੰਤਰ ਸ਼ਾਮਿਲ ਰਹੇ। ਐਡੀਸ਼ਨਲ ਡਾਇਰੈਟਰ ਸ ਲਖਮੀਰ ਸਿੰਘ ਚਾਅ ਅਤੇ ਉਤਸ਼ਾਹ ਨਾਲ ਸਾਰਿਆਂ ਦਰਮਿਆਨ ਸੰਯੋਜਕ ਦੀ ਭੂਮਿਕਾ ਨਿਭਾਉਂਦੇ ਰਹੇ। ਸ ਹਰਦੀਪ ਸਿੰਘ ਢਿੱਲੋਂ ਆਈ ਪੀ ਐਸ, ਡਾ ਮੁਹੰਮਦ ਇਦਰੀਸ ਤੇ ਸ੍ਰੀ ਮਲਹੋਤਰਾ ਸ਼ੁਰੂ ਤੋਂ ਹੀ ਇਸ ਕਾਰਜ ਨਾਲ ਜੁੜੇ ਰਹੇ।

ਧੰਨਵਾਦ ਕਿਸ ਦਾ ਕਰਾਂ?

ਬਾਬੇ ਨਾਨਕ ਦੇ ਦਰ ਇਹ ਸਾਡੀ ਸਭ ਦੀ ਸਾਂਝੀ ਨਿਮਰ ਭੇਟ ਹੈ।

ਸੁਰਜੀਤ ਪਾਤਰ

Three poems in this book are from Amarjit Chandan's book Sda Namaskar.

Prof Avtar Singh helped me a lot in collecting the material.

What I have presented in this book came from countless sources including books, the internet and conversations.

Preetinder Singh Bajwa did the entire designing work very skillfully. The guidance of Sidharth was always available to him.

The presence and artful suggestions of Diwan Manna in this task kept illuminating the path.

Dr. Chamkaur Singh worked very assiduously in keeping the spellings of the verses and hymns of Gurbani accurate. He also guided us in the right direction in selecting pictures and other details.

Dr. Lakhwinder Singh Johal played a major role in creating the blueprint of the entire book.

My learned friends Dr. Tejwant Singh Gill, Dr. Balkar Singh, and Harpal Singh Pannu are also present in this book in an invisible way.

Amarjit Grewal's supansazi of course, would flash here and there.

In the publication of this book, the patronage of the Honourable Chief Minister, Punjab, Capt. Amarinder Singh was the main source of inspiration for us.

The guidance and approachability of S. Charanjit Singh Channi, Honourable Minister, Tourism and Cultural Affairs, kept our enthusiasm high.

The evaluative and supportive spirit of Chief Principal Secretary to CM Sh. Suresh Kumar and the continuous interest taken by Principal Secretary S. Tejvir Singh did not allow our pace to flag.

The Secretary of the Department of Tourism and Culture, Sh. Vikas Pratap always remained available to us for wise, enabling and friendly consultation. The Director of this department, Sh. M. S. Jaggi, was also earnestly involved throughout the preparation of this book. Additional Director S. Lakhmir Singh fulfilled the role of coordinating between everyone with passion and enthusiasm. S Hardeep Singh Dhillon IPS, Sh Malhotra and Dr Mohammed Idris had been the associated in the prepration of this book from the very begining.

Who should I thank?

This is the collective humble offering of all of us at the door of Baba Nanak.

Surjit Patar

## ਆਦਿਕਾ

ਪੰਦਰ੍ਹਵੀਂ ਸਦੀ ਈਸਵੀ ਦੇ ਛੇਵੇਂ ਦਹਾਕੇ ਦਾ ਆਖਰੀ ਸਾਲ।

ਮਹਾਨ ਰੂਹਾਨੀ ਰਹਿਬਰ, ਇਲਾਹੀ ਬਾਣੀਕਾਰ, ਸਾਰੇ ਜਹਾਨ ਨੂੰ ਸਾਂਝਾ ਸੰਦੇਸ਼ ਦੇਣ ਵਾਲੇ ਜਗਤ ਗੁਰੂ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ-ਸਮੇਂ ਨੂੰ ਭਾਈ ਗੁਰਦਾਸ ਜੀ ਨੇ ਇਨ੍ਹਾਂ ਤੁਕਾਂ ਨਾਲ ਨਿਰੂਪਿਤ ਕੀਤਾ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।

ਉਸ ਵੇਲੇ ਦਿੱਲੀ ਦੇ ਤਖ਼ਤ ਉਤੇ ਲੋਧੀ ਵੰਸ਼ ਦਾ ਬਾਦਸ਼ਾਹ ਬਹਿਲੋਲ ਖ਼ਾਂ ਤਖ਼ਤਨਸ਼ੀਨ ਸੀ। ਏਸੇ ਵੰਸ਼ ਦੇ ਇਬਰਾਹੀਮ ਲੋਧੀ ਨੂੰ ਹਰਾ ਕੇ 1526 ਵਿਚ ਬਾਬਰ ਦਿੱਲੀ ਦੇ ਤਖ਼ਤ ਤੇ ਬਿਰਾਜਮਾਨ ਹੋ ਗਿਆ। ਪਠਾਣਾਂ ਅਤੇ ਮੁਗਲਾਂ ਦੀ ਇਸ ਲੜਾਈ ਅਤੇ ਇਸ ਲੜਾਈ ਦੌਰਾਨ ਨਾਲ ਵਿਚਾਰੀ ਖ਼ਲਕਤ ਨਾਲ ਜੋ ਬੀਤੀ ਉਸ ਦਾ ਵਰਣਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਜਿਸ ਵਿਸਥਾਰ ਤੇ ਸ਼ਿੱਦਤ ਨਾਲ ਆਇਆ ਉਸ ਦੀ ਕੋਈ ਹੋਰ ਮਿਸਾਲ ਮਿਲਣੀ ਅਸੰਭਵ ਹੈ:

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥

ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

ਗੁਰੂ ਨਾਨਕ ਦੇਵ ਜੀ ਦੀ ਆਰਜਾ ਨੂੰ ਚਾਰ ਕਾਲ-ਖੰਡਾਂ ਵਿਚ ਵੰਡਿਆ ਜਾਂਦਾ ਹੈ; ਭਾਂਵੇਂ ਇਨ੍ਹਾਂ ਕਾਲ-ਖੰਡਾਂ ਦੇ ਸਾਲਾਂ ਦੀ ਗਿਣਤੀ ਬਾਰੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਵਿਚ ਸਹਿਮਤੀ ਨਹੀਂ, ਪਰ ਖੰਡਾਂ ਦੀ ਗਿਣਤੀ ਨਾਲ ਸਾਰੇ ਵਿਦਵਾਨ ਸਹਿਮਤ ਹਨ।

ਆਪਣੀ ਆਰਜਾ ਦਾ ਪਹਿਲਾ ਕਾਲ-ਖੰਡ ਗੁਰੂ ਨਾਨਕ ਦੇਵ ਜੀ ਨੇ ਆਪਣੀ ਜਨਮ-ਭੂਮੀ ਰਾਏ ਭੋਇ ਦੀ ਤਲਵੰਡੀ ਵਿਚ ਹੀ ਗੁਜ਼ਾਰਿਆ। ਪ੍ਰੋ ਸਾਹਿਬ ਸਿੰਘ ਲਿਖਦੇ ਹਨ: ਸੱਤ ਸਾਲਾਂ ਦੀ ਉਮਰ ਵਿਚ ਨਾਨਕ ਜੀ ਗੋਪਾਲ ਦਾਸ ਪੰਡਿਤ ਪਾਸ ਹਿੰਦੀ ਪੜ੍ਹਨ ਬਿਠਾਏ ਗਏ। ਫਿਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ। ਤੇਰਾਂ ਸਾਲ ਦੀ ਉਮਰ ਵਿਚ ਮੌਲਵੀ ਕੁਤੁਬਦੀਨ ਪਾਸ ਫ਼ਾਰਸੀ ਪੜ੍ਹਨ। ਗੁਰੂ ਨਾਨਕ ਦੇਵ ਜੀ ਦੀ ਅੱਤ ਉੱਚੇ ਦਰਜੇ ਦੀ ਤੀਖਣ ਬੁੱਧੀ ਵੇਖ ਕੇ ਇਹ ਤਿੰਨੇ ਅਧਿਆਪਕ ਆਪੋ ਆਪਣੀ ਥਾਂ ਬਹੁਤ ਹੈਰਾਨ ਹੋਏ।

ਅਠਾਰਾਂ ਸਾਲ ਦੀ ਉਮਰ ਵਿਚ ਬੀਬੀ ਸੁਲੱਖਣੀ ਜੀ ਨਾਲ ਆਪ ਜੀ ਦਾ ਵਿਆਹ ਹੋਇਆ। ਦੋ ਪੁੱਤਰਾਂ-ਸ੍ਰੀ ਚੰਦ ਤੇ ਲਖਮੀ ਦਾਸ ਦਾ ਜਨਮ ਹੋਇਆ।

ਗੁਰੂ ਨਾਨਕ ਦੇਵ ਜੀ ਦੀ ਆਰਜਾ ਦੇ ਦੂਜੇ ਕਾਲ-ਖੰਡ ਦਾ ਸੰਬੰਧ ਸੁਲਤਾਨ ਪੁਰ ਲੋਧੀ ਨਾਲ ਹੈ ਜੋ ਉਨ੍ਹਾਂ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਸਹੁਰਾ ਨਗਰ ਹੈ। ਬੇਬੇ ਨਾਨਕੀ ਦੇ ਪਤੀ ਜੈ ਰਾਮ ਦੇ ਆਖਣ ਤੇ ਗੁਰੂ ਨਾਨਕ ਦੇਵ ਜੀ ਨੇ ਸੁਲਤਾਨ ਪੁਰ ਮੋਦੀਖ਼ਾਨੇ ਦੀ ਨੌਕਰੀ ਕਰ ਲਈ। ਉਸ

# Prologue

In the last year of the seventh decade of the fifteenth century AD.

Great spiritual preceptor, divine hymn-composer, the Jagat Guru who brought a common message for the whole world, the first supreme Guru, Sri Guru Nanak Dev Ji, the times he was born into have been embodied/described in these lines by Bhai Gurdas Ji:

God, the Great Benefactor, heard the cries (of the world), and sent Guru Nanak into this world.

At that time, Bahlol Khan, the ruler of the Afghan Lodhi dynasty, reigned on the throne of Delhi. In 1526, having defeated Ibrahim Lodhi of this dynasty, Babur ascended the throne of Delhi. The war between the Mughals and the Pathans, and the effects of this same war on the helpless populace is described in such detail and with such intensity in the hymns of Guru Nanak Dev Ji that it is impossible to find another example like this:

The Mughals and the Pathans grappled with each other and the swords clanged on the battle-field. And while the Mughals fired their guns, the others put their elephants forward. ...

(Babar, the Mughal) hath come from Kabul with his bridal procession of sin,

and asketh us by force to part with (our motherland, our daughters). ...

Guru Nanak Dev Ji's life is divided into four distinct stages; though there might be a lack of consensus on the exact number of years in each of these four stages amongst historians and scholars, but they all agree on the number of these stages.

Guru Nanak Dev Ji spent the first stage of his life in his birth place Rai Bhoi's Talwandi. Prof. Sahib Singh writes: at the age of seven Nanak ji was sent to Gopal Das Pandit to learn Hindi. Then he was sent to Brij Lal Pandit to learn Sanskrit. When thirteen years of age he was sent to Maulvi Qutbuddin to learn Persian. Upon beholding Guru Nanak Dev Ji's extraordinary mental acuity each of these three teachers respectively were completely astounded.

Guru Nanak was married to Bibi Sulakhni at the age of eighteen. Born to them were two sons – Sri Chand and Lakhmi.

The second stage of Guru Nanak Dev Ji's life relates to Sultanpur Lodhi, which was the town where his sister Bebe Nanaki was married. With the recommendation of Bebe Nanaki's husband, Jai Ram, Guru Nanak Dev Ji took up a job at the modikhana (granary) of Sultanpur Lodhi. At that time the peasants paid their taxes in kind. Government employees too received a major portion of their salaries in kind. The work of the modi (storekeeper) was to keep account of that produce. Those who wanted to buy that produce would also come there. The tale of chanting 'thirteen, thirteen' and distributing

ਸਮੇਂ ਕਿਸਾਨ ਮਾਮਲਾ ਜਿਨਸ ਦੇ ਰੂਪ ਵਿਚ ਹੀ ਦਿਆ ਕਰਦੇ ਸਨ। ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਦਾ ਬਹੁਤਾ ਹਿੱਸਾ ਵੀ ਜਿਨਸ ਦੇ ਰੂਪ ਵਿਚ ਹੀ ਮਿਲਦਾ ਸੀ। ਮੋਦੀ ਦਾ ਕੰਮ ਹੁੰਦਾ ਸੀ, ਉਸ ਜਿਨਸ ਦਾ ਹਿਸਾਬ ਕਿਤਾਬ ਰੱਖਣਾ। ਓਥੇ ਜਿਨਸ ਨੂੰ ਖਰੀਦਣ ਵਾਲੇ ਵੀ ਆਉਂਦੇ ਸਨ। ਕਿਸੇ ਗਰੀਬ ਦੀ ਝੋਲੀ ਵਿਚ ਤੇਰਾਂ ਤੇਰਾਂ ਆਖ ਕੇ ਅਣਮਿਣੀ ਜਿਨਸ ਪਾ ਦੇਣ ਦੀ ਸਾਖੀ ਦਾ ਸੰਬੰਧ ਇਸੇ ਮੋਦੀਖ਼ਾਨੇ ਨਾਲ ਹੀ ਹੈ। ਤਲਵੰਡੀ ਭੁੱਖੇ ਸਾਧੂਆਂ ਨੂੰ ਰੋਟੀ ਖੁਆਉਣੀ ਤੇ ਗਰੀਬਾਂ ਨੂੰ ਅਣਮਿਣਿਆ ਅਨਾਜ ਦੇ ਦੇਣਾ ਤੇ ਫਿਰ ਆਪਣੀ ਤਨਖਾਹ ਵਿਚੋਂ ਮੋਦੀਖ਼ਾਨੇ ਦਾ ਘਾਟਾ ਪੂਰਾ ਕਰ ਦੇਣਾ ਇਹ ਗੁਰੂ ਨਾਨਕ ਦੇਵ ਜੀ ਦੀ ਆਮ ਲੋਕਾਂ ਪ੍ਰਤੀ ਦਇਆ ਦੀਆਂ ਹੀ ਕਥਾਵਾਂ ਹਨ। ਭੁੱਖ ਤੇ ਅਨਾਜ ਉਨ੍ਹਾਂ ਦੀ ਬਾਣੀ ਵਿਚ ਪਵਿੱਤਰਤਾ ਦੇ ਰੂਪ ਵਿਚ ਆਉਂਦੇ ਹਨ। ਉਹ ਖਾਣ ਪੀਣ ਨਾਲ ਜੁੜੀ ਹੋਈ ਭਿੱਟ ਦਾ ਖੰਡਨ ਕਰਦੇ ਹੋਏ ਲਿਖਦੇ ਹਨ:

ਖਾਣਾ ਪੀਣਾ ਪਵਿੱਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥

ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥

ਉਹ ਪਾਣੀ ਤੇ ਅਗਨੀ ਦੇ ਨਾਲ ਨਾਲ ਅੰਨ, ਲੂਣ ਤੇ ਘਿਉ ਨੂੰ ਵੀ ਦੇਵਤੇ ਦਾ ਰੁਤਬਾ ਦਿੰਦੇ ਹਨ :

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ॥
ਤਾ ਹੋਆ ਪਾਕੁ ਪਵਿਤੁ॥

ਗੁਰੂ ਨਾਨਕ ਦੇਵ ਜੀ ਦੀ ਆਰਜਾ ਦਾ ਤੀਜਾ ਕਾਲ-ਖੰਡ ਉਦਾਸੀਆਂ ਦਾ ਹੈ ਜੋ ਸੁਲਤਾਨ ਪੁਰ ਵੇਈਂ ਨਦੀ ਦੇ ਕਿਨਾਰੇ ਤੋਂ ਸ਼ੁਰੂ ਹੁੰਦਾ ਹੈ। ਜਿਸ ਵੇਈਂ ਨਦੀ ਦੇ ਕਿਨਾਰੇ ਅਕਸਰ ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਜਾਇਆ ਕਰਦੇ ਸਨ। ਇਕ ਸੁਬਹ ਉਹ ਗਏ ਤੇ ਫਿਰ ਦੋ ਦਿਨ ਉਹ ਪਰਤੇ ਨਹੀਂ। ਤੀਜੇ ਦਿਨ ਉਹ ਬੇਈਂ ਨਦੀ ਚੋਂ ਬਾਹਰ ਆਏ। ਪੁਰਾਤਨ ਜਨਮਸਾਖੀ ਅਨੁਸਾਰ ਇਸ ਦੌਰਾਨ ਪਰਮੇਸਰ ਨੇ ਆਪਣੇ ਹੱਥੀਂ ਨਾਨਕ ਜੀ ਨੂੰ ਅੰਮ੍ਰਿਤ ਦਾ ਕਟੋਰਾ ਦਿੱਤਾ। ਹੁਕਮ ਹੋਆ ਇਹ ਅੰਮ੍ਰਿਤ ਮੇਰੇ ਨਾਮ ਦਾ ਪਿਆਲਾ ਹੈ, ਤੂ ਪੀਉ। ਤਬ ਗੁਰੂ ਨਾਨਕ ਤਸਲੀਮ ਕੀਤੀ। ਪਿਆਲਾ ਪੀਤਾ। ਸਾਹਿਬ ਮਿਹਰਵਾਨੁ ਹੋਆ: ਨਾਨਕ ਮੈ ਤੇਰੇ ਨਾਲ ਹਾਂ। ਮੈਂ ਤੇਰੇ ਤਾਈ ਨਿਹਾਲ ਕੀਤਾ ਹੈ ਅਰੁ ਜੋ ਤੇਰਾ ਨਾਮ ਲੇਵੇਗਾ ਸੋ ਸਭ ਨਿਹਾਲ ਕੀਤੇ ਹੈਨਿ। ਤੂ ਜਾਇ ਕਰਿ ਮੇਰਾ ਨਾਮੁ ਜਪਿ, ਅਰੋ ਲੋਕਾਂ ਥੀਂ ਭੀ ਜਪਾਇ।...

ਸਿਰਦਾਰ ਕਪੂਰ ਸਿੰਘ ਹੋਰਾਂ ਅਨੁਸਾਰ ਜਨਮਸਾਖੀਆਂ ਦੇ ਸੱਚ ਨੂੰ ਤਰਕ ਦੀ ਕਸਵੱਟੀ ਤੇ ਲਾ ਕੇ ਨਹੀਂ ਸਮਝਿਆ ਜਾ ਸਕਦਾ। ਇਹ ਇਤਿਹਾਸ ਦਾ ਉਚੇਰਾ ਅਤੇ ਕਾਵਿਕ ਰੂਪ ਹੁੰਦਾ ਹੈ ਵੇਈਂ ਨਦੀ ਦੇ ਕੰਢੇ ਹੀ ਉਨ੍ਹਾਂ ਨੇ ਨਾ ਕੋ ਹਿੰਦੂ ਨਾ ਮੁਸਲਮਾਨ ਦਾ ਵਾਕ ਕਿਹਾ। ਜਿਸ ਦਾ ਭਾਵ ਇਹ ਸੀ ਕਿ ਇਹ ਮਜ਼ਹਬਾਂ ਦੇ ਨਿਖੇੜੇ ਮੇਰੇ ਲਈ ਕੋਈ ਅਰਥ ਨਹੀਂ ਰੱਖਦੇ। ਅਸਲ ਨਿਬੇੜੇ ਸੱਚੇ ਅਮਲ ਤੇ ਹੋਣੇ ਹਨ। ਸੱਚਾ ਪ੍ਰਮਾਣਿਕ ਜੀਵਨ ਹੀ ਸਭ ਧਰਮਾਂ ਤੋਂ ਉੱਚਾ ਧਰਮ ਹੈ। ਉਨ੍ਹਾਂ ਦਾ ਮੁਖਵਾਕ ਹੈ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

ਗੁਰੂ ਨਾਨਕ ਦੇਵ ਜੀ ਦੀ ਆਰਜਾ ਦਾ ਤੀਜਾ ਖੰਡ ਉਨ੍ਹਾਂ ਦੀਆਂ ਯਾਤਰਾਵਾਂ ਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਉਦਾਸੀਆਂ ਕਿਹਾ ਜਾਂਦਾ ਹੈ। ਕੁਝ ਵਿਦਵਾਨਾਂ ਮੁਤਾਬਕ ਉਦਾਸੀਆਂ ਤਿੰਨ ਸਨ, ਕੁਝ ਅਨੁਸਾਰ ਪੰਜ ਪਰ ਬਹੁਸੰਮਤੀ ਅਨੁਸਾਰ ਉਨ੍ਹਾਂ ਨੇ ਚਾਰ ਉਦਾਸੀਆਂ ਕੀਤੀਆਂ।

ਸੁਲਤਾਨ ਪੁਰ ਤੋਂ ਆਪਣੇ ਰਬਾਬੀ ਸੰਗੀ ਭਾਈ ਮਰਦਾਨਾਂ ਨੂੰ ਨਾਲ ਲੈ ਕੇ ਨਾਨਕ ਜੀ ਲਾਹੌਰ, ਗੁਜਰਾਂਵਾਲਾ, ਹਰਿਦੁਆਰ, ਅਯੁੱਧਿਆ, ਪਟਨਾ, ਗਯਾ, ਢਾਕਾ ਤੇ ਕਾਮਰੂਪ ਗਏ। ਵਾਪਸੀ ਤੇ ਜਗਨਨਾਥ ਪੁਰੀ ਗਏ। ਦੂਜੀ ਉਦਾਸੀ ਦੌਰਾਨ ਉਹ ਧੁਰ ਦੱਖਣ, ਤਮਿਲਨਾਡੂ, ਤੇ ਸ੍ਰੀ ਲੰਕਾ ਤੱਕ ਗਏ। ਮੁੜਦੇ ਹੋਏ ਪੱਛਮੀ ਤੱਟ ਥਾਂਣੀਂ ਮਾਲਾਬਾਰ, ਬਿਦਰ, ਕੋਂਕਣ, ਮੁੰਬਈ, ਤੇ ਰਾਜਸਥਾਨ ਹੁੰਦੇ ਹੋਏ ਪੰਜਾਬ ਪਹੁੰਚੇ। ਤੀਜੀ ਉਦਾਸੀ ਦਾ ਪੰਧ ਜੰਮੂ, ਕਸ਼ਮੀਰ, ਲਦਾਖ, ਤਿੱਬਤ, ਸਿੱਕਮ ਅਤੇ ਭੂਟਾਨ ਤੱਕ ਫੈਲਿਆ ਹੋਇਆ ਸੀ। ਚੌਥੀ ਉਦਾਸੀ ਦੌਰਾਨ ਉਹ ਮੱਕਾ ਮਦੀਨਾ ਅਤੇ ਬਗਦਾਦ ਤੱਕ ਗਏ। ਇਨ੍ਹਾਂ ਉਦਾਸੀਆਂ ਦੌਰਾਨ ਸਭ ਧਰਮਾਂ ਦੇ ਤੀਰਥਾਂ, ਸੂਫ਼ੀਆਂ ਦੀਆਂ ਖ਼ਾਨਕਾਹਾਂ, ਸਿੱਧਾਂ ਦੇ ਡੇਰਿਆਂ ਤੇ ਜੋਗੀਆਂ ਦੇ ਟਿੱਲਿਆਂ ਤੇ ਗਏ। ਆਮ ਲੋਕਾਂ ਨੂੰ ਮਿਲੇ। ਸਭਨਾਂ ਨਾਲ ਸੰਵਾਦ ਰਚਾਇਆ। ਉਨ੍ਹਾਂ ਦੀ ਬਾਣੀ ਦਾ ਵਾਕ ਹੈ :

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥

ਉਨ੍ਹਾਂ ਦੀ ਰਚਨਾ ਸਿਧ ਗੋਸਟਿ ਸਿੱਧਾਂ ਨਾਲ ਉਨ੍ਹਾਂ ਦੇ ਸੰਵਾਦ ਦਾ ਲੰਬਾ ਕਾਵਿਕ ਬਿਰਤਾਂਤ ਹੈ। 73 ਬੰਦਾਂ ਦੀ ਇਸ ਰਚਨਾ ਵਿਚ ਸਿੱਧ ਉਨ੍ਹਾਂ ਨੂੰ ਬਹੁਤ ਪ੍ਰਸ਼ਨ ਪੁੱਛਦੇ ਹਨ। ਇਕ ਪ੍ਰਸ਼ਨ ਇਹ ਹੈ :

unmeasured amounts of grain to some poor person relates to this very modikhana. Feeding hungry mendicants and distributing unmeasured grain to the poor in Talwandi and then making up the shortfall in the accounts of the modikhana from his own salary, these are tales of Guru Nanak Dev Ji's compassion towards the common people. Hunger and grain appear in his bani as sacred entities. He rejects the rules of defilement associated with eating and drinking, writing:

Having food is sacred ; for the Lord hath Blest us with them in his Mercy.

Nanak: they who Realise the Truth through the Guru, to them impurity sticketh not.

Along with water and fire, he accords divine status to grain, salt and ghee (clarified butter) as well:

Grain is god, water is god, air, fire and salt are gods

and when the fifth god, the ghee, mixes with it, the food becomes purer still.

The third stage of Guru Nanak's life is that of his udasis which begin from the banks of the River Bein in Sultanpur. The same River Bein whose banks Guru Nanak Dev Ji would often visit in the early mornings. One morning he went there and then for two days he did not return. On the third day he came out of the River Bein. According to the Puratan Janamsakhi it was during this time that the Almighty gave Guru Nanak a bowl of ambrosial nectar with his own hands. The order came that this nectar is that of my Name, drink thou. Then Guru Nanak accepted it. He drank the bowl. The Lord was pleased: Nanak, I am with you. I have exalted you with my Grace, and whoever takes your name will attain my Grace. Go and chant my name, and lead others to chant it too. ...

According to S. Kapur Singh, the truth of the Janamsakhis cannot be understood by measuring it against the touchstone of logic. This is the higher and poetic form of history. It was at the banks of the River Bein that he uttered the line Neither is one a Hindu nor a Muslim. The meaning of this utterance was that these distinctions of religion held no meaning for him. The real conclusions will be those of true conduct. Only a true valid life is the faith higher than all faiths. His utterance is:

Truth is the highest of all virtues; but true living is higher still.

The third stage of Guru Nanak Dev Ji's life is that of his travels which are called his udasis. According to some scholars there were three udasis, some others said there were five, but majority of them agree he undertook four udasis.

Taking along his rabab playing companion Bhai Mardana, Guru Nanak went from Sultanpur to Lahore, Gujranwala, Haridwar, Ayodha, Patna, Gaya, Dhaka and Kamrup (Assam). On the way back he went to Jagannath Puri. On his second peregrination he went to the south, Tamil Nadu and Sri Lanka. On his way back through the western coast he crossed Malabar, Bidar, the Konkan, Mumbai and Rajasthan to arrive in Punjab. The scope of his third peregrination spread across Jammu, Kashmir, Tibet, Sikkim and Bhutan. On his fourth peregrination he went to Mecca, Medina and Baghdad. In the course of these udasis, he visited the pilgrimage places of all religions, the khanqahs of sufis,

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

ਗੁਰੂ ਨਾਨਕ ਜਵਾਬ ਦਿੰਦੇ ਹਨ:

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਸਿੱਧ ਉਨ੍ਹਾਂ ਨੂੰ ਬਹੁਤ ਗਹਿਰੇ ਦਾਰਸ਼ਨਿਕ ਪ੍ਰਸ਼ਨ ਵੀ ਪੁੱਛਦੇ ਹਨ :

ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ॥
ਏਸ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨਾ ਤਮਾਈ॥

ਗੁਰੂ ਨਾਨਕ ਦੇਵ ਜੀ ਉੱਤਰ ਦਿੰਦੇ ਹਨ:

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥

ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਜੀ ਦੀ ਆਰਜਾ ਦਾ ਚੌਥਾ ਤੇ ਆਖ਼ਰੀ ਕਾਲ-ਖੰਡ ਰਾਵੀ ਦੇ ਕੰਢੇ ਉਨ੍ਹਾਂ ਦੇ ਆਪ-ਵਸਾਏ ਨਗਰ ਕਰਤਾਰ ਪੁਰ ਵਿਚ ਗੁਜ਼ਰਿਆ। ਇਨ੍ਹਾਂ 18 ਵਰ੍ਹਿਆਂ ਦੌਰਾਨ ਹੱਥੀਂ ਖੇਤੀ ਕੀਤੀ। ਸਿਆੜਾਂ ਵਿਚ ਬੀਜ ਬੀਜੇ ਤੇ ਮਨਾਂ ਵਿਚ ਸ਼ਬਦ। ਵਿਛੜੇ ਰਬਾਬੀ ਸਾਥੀ ਭਾਈ ਮਰਦਾਨਾ ਦਾ ਬੇਟਾ ਸ਼ਹਿਜ਼ਾਦ ਵੀ ਏਥੇ ਹੀ ਆ ਵਸਿਆ। ਸ਼ਾਮ ਸਵੇਰੇ ਕੀਰਤਨ ਹੁੰਦਾ। ਦੂਰੋਂ ਨੇੜਿਓਂ ਸੰਗਤਾਂ ਜੁੜਦੀਆਂ। ਗੁਰੂ ਦਾ ਲੰਗਰ ਅਤੁੱਟ ਵਰਤਦਾ।

ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ:

ਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ ਆ ਕੇ ਕਣਕ ਦੀ ਖੇਤੀ ਸ਼ੁਰੂ ਕਰ ਦਿੱਤੀ। ਕਰਤਾਰ ਪੁਰ ਨੂੰ ਉਹ ਕਰਤਾ ਪੁਰਖ ਦਾ ਨਗਰ ਕਹਿੰਦੇ ਸਨ। ਓਥੋਂ ਦੇ ਲੋਕ ਖੇਤਾਂ ਵਿਚ ਉਨ੍ਹਾਂ ਦਾ ਹੱਥ ਵਟਾਉਣ ਆ ਜਾਂਦੇ। ਗੁਰੂ ਨਾਨਕ ਦੇਵ ਜੀ ਨੂੰ ਕਣਕ ਬੀਜਣੀ ਤੇ ਪੱਕੀ ਸੁਨਹਿਰੀ ਫ਼ਸਲ ਨੂੰ ਸਾਂਭਣਾ ਬਹੁਤ ਚੰਗਾ ਲਗਦਾ। ਉਹ ਜਿਵੇਂ ਲੋਕਾਂ ਦੇ ਹੀ ਸਨ। ਉਨ੍ਹਾਂ ਨੇ ਲੋਕਾਂ ਲਈ ਆਪਣੇ ਭਰੇ ਭੰਡਾਰਿਆਂ ਦੇ ਬੂਹੇ ਖੋਲ੍ਹ ਦਿੱਤੇ। ਓਥੇ ਅੱਠੇ ਪਹਿਰ ਲੋਕਾਂ ਨੂੰ ਅੰਨ ਪਾਣੀ ਮਿਲ਼ਦਾ। ਸੰਗਤਾਂ ਆਉਂਦੀਆਂ ਤੇ ਬਾਬੇ ਨਾਨਕ ਦੇ ਦਰ ਤੋਂ ਖੁੱਲ੍ਹੇ ਗੱਫੇ ਪ੍ਰਾਪਤ ਕਰਦੀਆਂ। ਗੁਰਾਂ ਦੇ ਖ਼ਜ਼ਾਨੇ ਵਿਚੋਂ ਉਨ੍ਹਾਂ ਨੂੰ ਵਿਚਾਰ, ਪਿਆਰ ਅਤੇ ਊਰਜਾ ਦੀਆਂ ਦਾਤਾਂ ਮਿਲ਼ਦੀਆਂ। ਇਸ ਦਰ ਤੇ ਆ ਕੇ ਉਨ੍ਹਾਂ ਦੇ ਰੋਗ ਸੋਗ ਦੂਰ ਹੋ ਜਾਂਦੇ।

ਪਠਾਣ ਤੇ ਬਲੋਚ, ਤੁਰਕ ਤੇ ਤਾਤਾਰ, ਸੂਫ਼ੀ ਤੇ ਬ੍ਰਾਹਮਣ, ਕਾਲ਼ੇ ਤੇ ਗੋਰੇ ਸਾਰੇ ਬਾਬੇ ਦੇ ਮਹਾਨ ਖੁੱਲ੍ਹੇ ਦਿਲ ਵਿਚ ਸਮੋ ਜਾਂਦੇ।

ਮੈਨੂੰ ਬਚਪਨ ਵਿਚ ,ਕੱਤਕ ਦੀ ਰਸਮਿਸੀ ਰੁੱਤੇ, ਅੰਮ੍ਰਿਤ ਵੇਲੇ ਮੂੰਹ-ਹਨ੍ਹੇਰੇ ਵਿਚੋ ਉਦੈ ਹੁੰਦੀਆਂ ਅਵਾਜਾਂ ਯਾਦ ਆਉਂਦੀਆਂ ਹਨ। ਇਹ ਪਰਭਾਤ ਫੇਰੀ ਵਿਚ ਸ਼ਬਦ ਪੜ੍ਹ ਰਹੀ ਸੰਗਤ ਦੀਆਂ ਆਵਾਜ਼ਾਂ ਹਨ। ਇਕ ਦੂਜੀ ਵਿਚ ਘੁਲੀਆਂ ਸ਼ਰਧਾ ਤੇ ਉਮਾਹ ਭਰੀਆਂ ਆਵਾਜ਼ਾਂ। ਸਾਰੇ ਮਾਹੌਲ ਵਿਚ ਘੁਲ ਰਹੀਆਂ ਅਵਾਜਾਂ। ਢੋਲਕੀ ਛੈਣਿਆਂ ਦੀ ਆਵਾਜ਼ ਨਾਲ ਤਾਲ ਮਿਲਾਉਂਦੀਆਂ ਆਵਾਜ਼ਾਂ। ਕਿਤੋਂ ਦੂਰੋਂ ਇਤਿਹਾਸ ਵਿਚੋਂ ਆ ਰਹੀਆ ਪੁਰਾਣੀਆਂ ਸਦੀਆਂ ਦੀਆ ਵਾਜ਼ਾਂ:

ਧੰਨ ਧੰਨ ਬਾਬਾ ਨਾਨਕ
ਜਿਹੜਾ ਵਿੱਛੜਿਆਂ ਨੂੰ ਮੇਲ਼ਦਾ।

ਇਹ ਤੁਕਾਂ ਮੇਰੀ ਰੂਹ ਤੇ ਲਿਖੀਆਂ ਗਈਆਂ। ਮੈਨੂੰ ਲਗਦਾ ਹੈ ਇਹ ਤੁਕਾਂ ਬਾਬਾ ਨਾਨਕ ਦੇ ਦਰਸ਼ਨ ਨੂੰ, ਬਾਬਾ ਨਾਨਕ ਦੇ ਰਹੱਸ- ਅਨੁਭਵ ਨੂੰ ਪੂਰੀ ਤਰ੍ਹਾਂ ਪਰਿਭਾਸ਼ਿਤ ਕਰ ਦਿੰਦੀਆਂ ਹਨ। ਇਨ੍ਹਾਂ ਤੁਕਾਂ ਦੀਆਂ ਕਈ ਪਰਤਾਂ ਹਨ।

ਬਾਬੇ ਨੇ ਧਰਮਾਂ ਨੂੰ ਧਰਮਾਂ ਨਾਲ ਮਿਲਾਇਆ, ਅੱਗੋਂ ਧਰਮ ਨੂੰ ਉਹਦੀ ਆਤਮਾ ਨਾਲ਼ ਮਿਲਾਇਆ। ਕਥਨੀ ਨੂੰ ਕਰਨੀ ਨਾਲ, ਮਾਨਵਤਾ ਨੂੰ ਕੁਦਰਤ ਨਾਲ਼ ,ਸਬਦ ਨੂੰ ਧੁਨ ਨਾਲ ਤੇ ਧੁਨ ਨੂੰ ਸੁਰਤਿ ਨਾਲ, ਸੁਰਤਿ ਨੂੰ ਸੰਗਤ ਨਾਲ ਤੇ ਸੰਗਤ ਨੂੰ ਸਮੂਹ ਮਾਨਵਤਾ ਨਾਲ, ਮਾਨਵਤਾ ਨੂੰ

the deras of the Sidhs and the mounds of Yogis. He met common people and engaged everyone in discussion. A line from his bani says:

So long as one lives in the world, O Nanak, one should hear and tell (the Name).

His composition, the Sidh Gosht, is a long poetic description of his discussion with the Sidhs. In this composition of 73 stanzas the Sidhs ask him many questions. One of the questions is this:

“Who is thy Guru of whom thou mayest be the follower?

Guru Nanak replies:

“The Word is the Guru: and the mind Attuned (to the Word), the disciple.

The Sidhs also ask him very profound philosophical questions:

“Wherefrom hath man issued, whither doth he go, wherein doth he Merge?

“He who knoweth the meaning of this Mystery, him we call the Guru, the detached one.

Guru Nanak Dev Ji replies:

“Man emergeth from the Lord’s Will; he quitteth as is the Will; he Mergeth too in the Will.

“And practiseth he Truth, by the perfect Guru’s Grace, and Knoweth the Lord’s Extent and Content through the Word.

After about a quarter of a century spent on his udasis, the fourth and final stage of Guru Nanak Ji’s life passed in Sri Kartarpur Sahib, the town he founded on the banks of the River Ravi. During these 18 years he farmed crops with his own hands. In furrows he planted seeds and in minds he planted hymns. Shahzad, the son of the rabab playing musician Bhai Mardana, Nanak’s departed companion, also came and settled here. Morning and evening the Guru’s hymns were sung. The congregation would gather from near and far. The Guru’s langar would be served without pause. In the words of Prof Puran Singh :

Guru Nanak came to Kartarpur and started growing wheat. He called Kartarpur the town of the Karta Purukh (the Creator). The people of the area would come and work with him in the fields. Guru Nanak Dev Ji took keen interest in sowing wheat, and reaping the golden harvests: it was as if he was of the people. He kept open the doors of his full storehouses for the people. Victuals and water was ready for all at all hours of the day. The congregations came and freely partook the Guru's gifts. All comers would receive largesse of thought and love and energy from the Guru's treasury; the diseased and distressed were healed at his door.

The Afghan and the Baloch, the Turk and the Tartar, the Sufi and the Brahmin, the fair and the dark all found place in his great heart. The disciples, both men and women came from all directions, and

ਕੁਦਰਤ ਨਾਲ ਤੇ ਕੁਦਰਤ ਵਿਚ ਵਸਦੇ ਕਾਦਰ ਨਾਲ ਮਲਾਇਆ।

ਆਵਾਜਾਈ ਅਤੇ ਸੰਚਾਰ ਦੇ ਏਨੇ ਸਾਧਨਾਂ ਦੇ ਬਾਵਜੂਦ ਅਜ ਅਸੀਂ ਵਿੱਛੜੇ ਹੋਏ ਲੋਕ ਹਾਂ। ਆਪਣੇ ਅਪ ਤੋਂ ਵਿੱਛੜੇ ਹੋਏ ਮਨ ਹਾਂ। ਆਪਣੇ ਅਸਲੀ ਰਾਹਾਂ ਤੋਂ ਵਿੱਛੜੇ ਹੋਏ ਰਾਹੀ ਹਾਂ। ਸਾਡੀ ਵਿੱਦਿਆ ਪਰਉਪਕਾਰ ਤੋਂ ਵਿੱਛੜੀ ਹੋਈ ਹੈ। ਸਾਡੇ ਮੁਨਸਿਫ਼ ਇਨਸਾਫ਼ ਤੋਂ ਵਿੱਛੜੇ ਹੋਏ ਹਨ। ਗਰੀਬ ਰਿਜ਼ਕ ਤੋਂ ਵਿੱਛੜੇ ਹੋਏ ਹਨ। ਅਮੀਰ ਸੰਤੋਖ ਤੋਂ ਵਿੱਛੜੇ ਹੋਏ ਹਨ। ਸਾਡੇ ਲਫ਼ਜ਼ ਸੱਚ ਤੋਂ ਵਿੱਛੜੇ ਹੋਏ ਹਨ। ਸਾਡੀ ਕਾਇਆ ਕਿਰਤ ਤੋਂ ਵਿੱਛੜੀ ਹੋਈ ਹੈ। ਬਾਬਾ ਨਾਨਕ ਦੇ ਦਰ ਤੇ ਅਰਦਾਸ ਕਰਦੇ ਹਾਂ ਉਹ ਸਾਨੂੰ ਵਿੱਛੜਿਆਂ ਨੂੰ ਮੇਲੇ। ਗੁਰੂ ਅਰਜਨ ਦੇਵ ਜੀ ਦਾ ਪਾਵਨ ਕਥਨ ਹੈ:

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥

took part freely in the song of the Guru.

As a child, in the autumnal weather of Kartik, in the breaking light of dawn, the voices I would hear rising now come back to me. These were the voices of the congregation singing hymns in the Prabhat Pheri (morning procession). Voices full of devotion and yearning melding with each other. Voices pervading into the atmosphere. Voices keeping rhythm with the beats of the drum and the tambourine. Voices of earlier centuries rising from somewhere in the far past:

Glory be to Baba Nanak

who reunites the sundered.

These lines became engraved in my soul. I feel that these lines fully embody the philosophy and mystical experience of Baba Nanak. There are many layers to these lines. The first sentence that Baba Nanak uttered after emerging from the River Bein was for reuniting the sundered:

Neither is one Hindu nor Muslim

Baba Nanak, traveling across the country and abroad, met many unfamiliar people. Baba Nanak brought together different religions. Above all of that he brought together religion with its soul. He tied together telling with doing. He brought together humanity and nature. He introduced word to melody and melody to consciousness, consciousness to congregation and congregation to all of humanity and humanity to Creation and to the Creator residing within Creation. The lesson of this grand union is also contained in the injunction of honest labour, reciting the Name and sharing with others.

I can still hear those voices from the early morning.

Despite so many means of travel and communication, today we are sundered races, sundered religions, sundered nations, and sundered people. We are minds sundered from ourselves. We are travelers sundered from our actual paths. Our knowledge is sundered from benevolence. Our judges are sundered from justice. The poor are sundered from sustenance. The rich are sundered from contentment. Our words are sundered from the truth. Our bodies are sundered from labour. Let us pray at the door of Baba Nanak that he reunites us, sundered. Guru Arjan Dev Ji's blessed utterance is:

I've seen the Guru as was his repute:

The Separated ones he Unites with God

and is an intercessor at the Lord's Court..

ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ

ਭਾਈ ਗੁਰਦਾਸ



ੴ
ਸਤਿ ਨਾਮੁ
ਕਰਤਾ ਪੁਰਖੁ
ਨਿਰਭਉ
ਨਿਰਵੈਰੁ
ਅਕਾਲ ਮੂਰਤਿ
ਅਜੂਨੀ ਸੈਭੰ
ਗੁਰ ਪ੍ਰਸਾਦਿ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

## ਪਾਵਨ ਪ੍ਰਕਾਸ਼

ਅੱਜ ਤੋਂ 550 ਸਾਲ ਪਹਿਲਾਂ
1469 ਈਸਵੀ ਵਿਚ
ਸ੍ਰੀ ਗੁਰੂ ਨਾਨਕ ਜੀ ਦਾ ਪਾਵਨ ਪ੍ਰਕਾਸ਼ ਇਸ ਧਰਤੀ ਤੇ ਹੋਇਆ।

ਗੁਰੂ ਨਾਨਕ ਦੇਵ ਜੀ ਅਦੁੱਤੀ ਰੂਹਾਨੀ ਰਹਿਬਰ ਹਨ
ਜਿਨ੍ਹਾਂ ਨੇ ਸਾਰੀ ਕਾਇਨਾਤ, ਕੁਦਰਤ ਤੇ ਮਾਨਵਤਾ ਨੂੰ
ਇਕ ਹੀ ਕਰਤਾ ਪੁਰਖ ਦੀ ਰਚਨਾ ਮੰਨਿਆ।

ਉਨ੍ਹਾਂ ਆਖਿਆ ਇਹ ਸਭ ੴ ਹੀ ਹੈ
ਜੋ ਅਨੇਕ ਹੋ ਕੇ ਪਸਰਿਆ ਹੋਇਆ ਹੈ

ਕਾਦਰ, ਕੁਦਰਤ, ਬ੍ਰਹਿਮੰਡ ਅਤੇ ਮਾਨਵਤਾ
ਅਸੀਂ ਸਾਰੇ ਇਕ ਹੀ ਹਾਂ

ਸਭਨਾਂ ਵਿਚ ਓਹੀ ਜੋਤ ਜਗ ਰਹੀ ਹੈ

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥

One Supreme Being,
Truth is His name
He is the Creator,
Without Fear,
Without Hate,
the Being beyond Time,
Not-incarnated,
Self-existent,
Is perceived by the grace of the Guru

chant and meditate.

True in the Beginning, True in the Primeval age,
True He is, and True He shall be.

## The divine illumination

550 years ago
in the year 1469 CE
the divine light of Guru Nanak Ji first shone upon this earth.

Guru Nanak Dev Ji was a unique spiritual being
who considered the entire universe, nature and humanity
the creation of the One True Creator.

He said that all of this is nothing but the One Supreme Being
who has become a multiplicity and spread out

The Creator, nature, the cosmos and humanity
all of us are One

That same Light burns within us all

Thou art the spirit that pervadeth all.
'Tis Thy Light, that lights all hearts
Through the Guru's Wisdom doth Thy light burnish



# ਪਵਣੁ ਗੁਰੂ ਪਾਣੀ ਪਿਤਾ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਵਿਚ
ਸਭ ਤੋਂ ਅਨੂਠੀ ਗੱਲ ਕੁਦਰਤ ਦਾ ਵਿਸਮਾਦ ਤੇ ਸੁੰਦਰਤਾ ਹੈ
ਕਿਸੇ ਹੋਰ ਰੂਹਾਨੀ ਪੈਗੰਬਰ ਨੇ ਕੁਦਰਤ ਦੀ ਅਦਭੁਤਤਾ ਨੂੰ
ਇਸ ਦੀ ਵਿਸ਼ਾਲਤਾ,
ਇਸ ਦੀ ਵੰਨਸੁਵੰਨਤਾ,
ਇਸ ਦੇ ਰਹੱਸਮਈ ਵਿਧੀ ਵਿਧਾਨ ਨੂੰ
ਤੇ ਇਸ ਦੀ ਅਨੰਤਤਾ
ਉਨ੍ਹਾਂ ਵਾਂਗ ਬਿਆਨ ਨਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਨੇ
ਸਿਰਫ਼ ਕੁਦਰਤ ਦੀ ਸੁੰਦਰਤਾ ਅਤੇ ਵਿਸ਼ਾਲਤਾ
ਨੂੰ ਹੀ ਬਿਆਨ ਨਹੀਂ ਕੀਤਾ।
ਮਾਨਵ ਨਾਲ ਇਸ ਦੇ ਗਹਿਰੇ ਰਿਸ਼ਤੇ ਨੂੰ ਵੀ ਬਿਆਨ ਕੀਤਾ ਹੈ।
ਉਨ੍ਹਾਂ ਨੇ ਪੌਣ ਨੂੰ ਗੁਰੂ, ਪਾਣੀ ਨੂੰ ਪਿਤਾ
ਧਰਤੀ ਨੂੰ ਮਾਤਾ
ਦਿਨ ਤੇ ਰਾਤ ਨੂੰ ਦਾਈ ਦਾਇਆ ਕਿਹਾ ਹੈ।

ਸਿਰਫ਼ ਏਹੀ ਨਹੀਂ।
ਉਨ੍ਹਾਂ ਲਈ ਕੁਦਰਤ ਕਾਦਰ ਦਾ ਹੀ ਸਰਗੁਣ ਸਰੂਪ ਹੈ।
ਉਨ੍ਹਾਂ ਦੀ ਬਾਣੀ ਮਹਾਨ ਰਹੱਸ ਅਨੁਭਵ ਹੋਣ ਦੇ ਨਾਲ ਨਾਲ
ਸੰਸਾਰ ਦੇ ਵਾਤਾਵਰਣ ਪ੍ਰਤੀ ਅਹਿਸਾਸਮੰਦ ਹੋਣ ਦਾ ਵੀ
ਅਦੁੱਤੀ ਸੁਨੇਹਾ ਹੈ।

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥ ...

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥
ਵਿਸਮਾਦੁ ਸਾਦਿ ਲਗਹਿ ਪਰਾਣੀ॥ ...

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ ...

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ
ਜਗੁ ਖੇਲੈ ਖੇਲਾਈ ਹੇ ॥੧੦॥

ਆਪੇ ਮਛੁਲੀ ਆਪੇ ਜਾਲਾ॥
ਆਪੇ ਗਊ ਆਪੇ ਰਖਵਾਲਾ॥
ਸਰਬ ਜੀਆ ਜਗਿ ਜੋਤਿ ਤੁਮਾਰੀ
ਜੈਸੀ ਪ੍ਰਭਿ ਫੁਰਮਾਈ ਹੇ ॥੧੧॥

# Air, the Guru, Water the father

In the life and teachings of Sri Guru Nanak Dev Ji
the most unique thing is the wonder and beauty of nature
No other spiritual prophet has depicted the marvel of nature
the way that he has described it.
Its immensity,
its diversity,
its mysterious laws and precepts
and its infinitude.

Guru Nanak Dev Ji
did not depict just
the beauty and immensity of nature.
He also described its deep relationship with man
He called the air the Guru,
water the father
earth the mother
and day and night the nurses
Not just this.

For him nature is the immanent form of the Creator.
Guru Nanak Bani is a great mystic experience
while also being a unique message
of caring for the world's environment.

The changing seasons,
Are all created by the same, lone sun.
(Thus) doth permeate through the many the God, the One alone...

Wonderful is the air, wonderful the water.
Wonderful is the fire that worketh many wonders.

Wonderful is the earth; wonderful the species,
Wonderful the tastes that lure away life...

Countless the worlds beneath, countless the worlds above...

Thou Thyself art the air, the Guru; and also water, the father.
And the earth, our mother, too, whose womb giveth birth to all we need;
And night and day, the two nurses, in whose lap the world playeth.

Thou Thyself art the fish and also the net,
And the cow too as also the herdsman.
O God, within all is Thy Light, and (everyone is driven) as is Thy Will.



# ਨਾਨਕੁ ਸਾਇਰੁ ਏਵ ਕਹਤੁ ਹੈ

ਗੁਰੂ ਨਾਨਕ ਦੇਵ ਜੀ ਇਕ ਰੂਹਾਨੀ ਰਹਿਬਰ ਹੋਣ ਦੇ ਨਾਲ ਨਾਲ
ਇਕ ਮਹਾਨ ਇਲਾਹੀ ਬਾਣੀਕਾਰ ਕਵੀ ਵੀ ਸਨ।
ਉਨ੍ਹਾਂ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ
ਸ਼ਾਇਰ ਤੇ ਢਾਡੀ ਕਿਹਾ ਹੈ।
ਉਨ੍ਹਾਂ ਦੀ ਬਾਣੀ ਵਿਚ
ਉੱਚਤਮ ਕਾਵਿ ਦੇ ਅਨੰਤ ਝਲਕਾਰੇ ਹਨ।

ਉਨ੍ਹਾਂ ਦੀ ਬਾਣੀ ਵਿਚ ਚਿੰਤਨ,
ਇਲਾਹੀ ਰਹੱਸ ਦਾ ਅਨੁਭਵ
ਕੁਦਰਤ ਦੀ ਸੁੰਦਰਤਾ, ਅਨੰਤਤਾ
ਮਾਨਵ ਦਾ ਸੰਤਾਪ
ਸੰਜੋਗ ਵਿਜੋਗ
ਆਪਣੇ ਸਮੇਂ ਦੀ ਰਾਜਸੀ, ਸਮਾਜੀ ਤੇ ਧਾਰਮਿਕ ਦਸ਼ਾ ਦਾ ਚਿਤਰਣ
ਅਦਭੁਤ ਭਾਸ਼ਾਈ ਸਮਰੱਥਾ, ਭਾਵਨਾ ਅਤੇ ਵਿਵੇਕ ਦੀਆਂ ਅਦੁੱਤੀ ਸਿਖਰਾਂ ਹਨ।

ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ॥
ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥ ...

ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ
ਇਕ ਸਖਨੀ ਹੋਰ ਫੇਰ ਭਰੀਅਤ ਹੈ॥

ਤੈਸੋ ਹੀ ਇਹੁ ਖੇਲੁ ਖਸਮ ਕਾ
ਜਿਉ ਉਸ ਕੀ ਵਡਿਆਈ॥

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥
ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ॥

# Nanak, the poet, says this

Guru Nanak Dev Ji, in addition to being a spiritual guide
was also a great divine hymn-crafting poet.
He has referred to himself in his hymns
as both a poet and a minstrel.
In his hymns
there are infinite instances of the highest poetry.

His hymns contain incomparable peaks of cogitation,
the experience of divine mystery,
the beauty and infinitude of nature
the grief of humanity, union and separation
the depiction of the political, social and religious conditions of his times,
extraordinary linguistic acumen, emotion and intelligence.

O God, my breath and flesh and soul belong to Thee: I am deeply attached to Thee.
Nanak, the poet, sayeth thus, O Thou True Sustainer of all life.

I would be a Koel, sheltered in a mango grove, and dwell, in peace, on the Word,
If thus do I meet my Lord of indescribable Beauty, the natural way.
I would be a fish, abiding in water, if thus do I remember the Lord who Supporteth all;
And hug Him in a close Embrace, and see him here, there and everywhere.

Thou goest, O my dear, beauteous one, to sleep in the grave.
I, who am torn by Doubt, will also go the same way – who now
cry for the departed ones in my sad, tender voice.

(Babar, the Moghal) hath come from Kabul with sin as his wedding party,
and asketh us by force to part with (our motherland, our daughter)

The sky is the salver, the sun and the moon are the lamps;
The spheres of stars are studded in it as jewels;
Sing the universe, earth, spheres

The buckets on the chain of the Persian wheel rotate
One empties out to fill another.

This just like the play of our Lord
Such is His Greatness

If the mind is alienated
the whole world becomes an alien land
with whom should I open my heart
full of sorrow?



# ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ

ਗੁਰੂ ਨਾਨਕ ਬਾਣੀ ਵਿਚ
ਸੰਗੀਤ ਦਾ ਬਹੁਤ ਵੱਡਾ ਮਹਾਤਮ ਹੈ।

ਉਨ੍ਹਾਂ ਦੀਆਂ ਉਦਾਸੀਆਂ ਦੌਰਾਨ
ਰਬਾਬੀ ਭਾਈ ਮਰਦਾਨਾ ਉਨ੍ਹਾਂ ਦਾ ਸੰਗਤਕਾਰ ਰਿਹਾ।

ਦੁਨੀਆ ਦੇ ਧਰਮਾਂ ਵਿਚ
ਗੁਰੂ ਨਾਨਕ ਦੇਵ ਜੀ ਹੀ ਇਕ ਗਾਉਂਦੇ ਪੈਗੰਬਰ ਹਨ।
ਕਾਦਰ, ਕੁਦਰਤ ਅਤੇ ਮਾਨਵਤਾ ਵਿਚਕਾਰ
ਸੰਗੀਤਮਈ ਇਕਸੁਰਤਾ ਦੀ ਪਛਾਣ ਅਤੇ ਸਥਾਪਨ
ਉਨ੍ਹਾਂ ਦੀ ਬਾਣੀ ਦਾ ਉੱਚਤਮ ਸਰੋਕਾਰ ਹੈ।

ਉਨ੍ਹਾਂ ਦੀ ਬਾਣੀ ਵਿਚ ਸੰਗੀਤ
ਸਿਰਫ਼ ਕਲਾ ਨਹੀਂ
ਦਰਸ਼ਨ ਵੀ ਹੈ।

ਗੁਰੂ ਨਾਨਕ ਬਾਣੀ ਵਿਚ
ਬ੍ਰਹਿਮੰਡੀ ਵ੍ਰਿੰਦਗਾਨ ਦਾ ਅਨੂਠਾ ਦ੍ਰਿਸ਼ ਹੈ,
ਇਸ ਵਿਚ ਅਨੇਕ ਗਾਵਣਹਾਰੇ ਤੇ ਵਾਵਨਹਾਰੇ ਸ਼ਾਮਲ ਹਨ।
ਇਸ ਵਿਚ ਪੌਣ, ਪਾਣੀ ਅਗਨੀ ਵੀ ਗਾ ਰਹੇ ਹਨ।

ਸਬਦ ਗੁਰੂ ਦੇ ਗਾਇਨ ਸਦਕਾ
ਇਸ ਅਨਹਤ ਨਾਦ ਨਾਲ ਇਕ ਸੁਰ ਹੋ ਕੇ ਹੀ
ਮਾਨਵ ਅਤੇ ਸਮਾਜ ਦੇ ਸੰਤਾਪ ਦੂਰ ਹੋ ਸਕਦੇ ਹਨ
ਤਪ ਰਹੇ ਹਿਰਦਿਆਂ
ਅਤੇ ਜਗਤ ਜਲੰਦੇ ਦੀ ਤਪਸ਼ ਦੂਰ ਹੋ ਸਕਦੀ ਹੈ।

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥ ...

# Wind, water and fire sing of you

The singing of hymns and music
are of great significance in Guru Nanak's bani.

During his peregrinations
the rabab player Bhai Mardana was his accompanyist

In all the world's religions
Guru Nanak Dev Ji is the only singing prophet
He is the harbinger who identifies and establishes the musical consonance
between the Creator, his Creation and humanity.

In Guru Nanak's bani
music is not merely an art but also a philosophy.

In the hymns of Guru Nanak
there is a unique depiction of the chorus of the universe,
in which countless minstrels and musicians join in.
Here, air, water and fire are also singing:

Only through the singing of the Guru's hymns
by becoming attuned to the Unstruck Sound
can the grief of humanity and the world be resolved
the heat of burning hearts and a burning world can be resolved.

Where is that Gate, and where is that Dwelling, in which You sit and take care of all?
The Sound-current of the Naad vibrates there,
and countless musicians play on all sorts of instruments there.
So many Ragas, so many musicians signing there.
The praanic wind, water and fire sing;
the Righteous Judge of Dharma sings at Your Door.
Chitr and Gupt, the angles of the conscious and the subconscious who record actions,
and the Righteous Judge of Dharma who judges this record sing.
Shiva, Brahma and the Goddess of Beauty, ever adorned, sing.
Indra, seated upon His Throne, sings with the deities at Your Door.
The Siddhas in Samaadhi sing; the Saadhus sing in contemplation.
The celibates, the fanatics, the peacefully accepting and the fearless warriors sing.
The brave and mighty warriors sing;
the spiritual heroes and the four sources of creation sing.
The Pandits, the religious scholars who recite the Vedas,
with the supreme sages of all the ages, sing.
The Mohinis, the enchanting heavenly beauties who entice hearts in this world,
in paradise, and in the underworld of the subconscious sing.
The celestial jewels created by You, and the sixty-eight holy places of pilgrimage sing ...



# ਨਾਨਕੁ ਤਿਨ ਕੈ ਸੰਗਿ ਸਾਥਿ

ਗੁਰੂ ਨਾਨਕ ਦੇਵ ਜੀ ਦੇ ਮਨ ਵਿਚ ਲੋਕਾਈ ਲਈ ਅਥਾਹ ਦਇਆ ਹੈ
ਉਹ ਆਪਣੇ ਆਪ ਨੂੰ ਗਰੀਬਾਂ ਮਸਕੀਨਾਂ ਦੇ ਸੰਗੀ ਆਖਦੇ ਹਨ।
ਸਿਰਫ਼ ਏਹੀ ਨਹੀਂ
ਉਨ੍ਹਾਂ ਦਾ ਕਥਨ ਹੈ
ਕਿ ਕਰਤਾ ਪੁਰਖ ਦੀ ਮਿਹਰ ਵੀ ਉਨ੍ਹਾਂ ਧਰਤੀਆਂ ਤੇ ਹੀ ਹੁੰਦੀ ਹੈ
ਜਿੱਥੇ ਗਰੀਬਾਂ ਮਸਕੀਨਾਂ ਦਾ ਉੱਥਾਨ ਕੀਤਾ ਜਾਂਦਾ ਹੈ।

ਦਇਆ ਹੀਣ ਰਾਜਸੀ ਪ੍ਰਬੰਧਾਂ
ਅਤੇ ਰੂਹਾਨੀਅਤ ਤੋਂ ਸੱਖਣੇ ਧਾਰਮਿਕ ਪ੍ਰਪੰਚਾਂ ਦੁਆਰਾ ਪੀੜਿਤ
ਗਿਆਨ ਵਿਹੂਣੀ ਅੰਧੀ ਰਯਤਿ ਦੇ ਨੈਣਾਂ ਨੂੰ ਜੋਤ ਦੇਣੀ
ਲੋਕ-ਮਨ ਦਾ ਰੂਪਾਂਤਰਣ ਕਰਨਾ
ਉਨ੍ਹਾਂ ਵਿਚ ਨਵੀਂ ਰੂਹ ਫੂਕਣੀ
ਉਨ੍ਹਾਂ ਨੂੰ ਗਿਆਨਵਾਨ , ਸੁਚੇਤ, ਸੰਵੇਦਨਸ਼ੀਲ
ਨਿਰਭਉ ਤੇ ਨਿਰਵੈਰ ਬਣਾਉਣਾ
ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਦਾ ਮਹਾਨ ਉਦੇਸ਼ ਹੈ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਬਾਬੇ ਨਾਨਕ ਦੇ ਇਹ ਤਿੰਨ ਸੁਨਹਿਰੀ ਉਪਦੇਸ਼
ਲੋਕਧਾਰਾ ਦੇ ਹਿਰਦੇ ਵਿਚ ਵਸਦੇ ਹਨ।
ਕਿਰਤੀ ਭਾਈ ਲਾਲੋ ਕੋਲ ਜਾ ਕੇ
ਬਾਬੇ ਨਾਨਕ ਦਾ ਕਈ ਦਿਨ ਨਿਵਾਸ ਕਰਨਾ
ਮਲਕ ਭਾਗੋ ਦੇ ਮਹਾਭੋਜ ਦੀ ਥਾਂ
ਭਾਈ ਲਾਲੋ ਦੀ ਰੁੱਖੀ ਮਿੱਸੀ ਖਾਣੀ
ਉਸ ਦੀ ਕੋਧਰੇ ਦੀ ਰੋਟੀ ਵਿਚੋਂ ਸਿੰਮਦੀਆਂ ਦੁੱਧ ਦੀਆਂ ਬੂੰਦਾਂ
ਤੇ ਮਲਕ ਭਾਗੋ ਦੇ ਮਹਿੰਗੇ ਪਦਾਰਥਾਂ ਵਿਚੋ ਸਿੰਮਦੀ ਰੱਤ ਦਿਖਾਉਣੀ
ਕਿਰਤ ਨਾਲ ਬਾਬੇ ਦੇ ਅਥਾਹ ਪਿਆਰ ਦੀ ਕਹਾਣੀ ਹੈ।

ਨਾਮ ਜਪਣਾ
ਕੁਦਰਤ ਤੇ ਉਸ ਦੇ ਕਾਦਰ ਦੇ ਬਲਿਹਾਰ ਜਾਣਾ ਹੈ
ਪਰਮ ਸੱਚ ਦੇ ਪ੍ਰਕਾਸ਼ ਵਿਚ ਸ੍ਰਿਸ਼ਟੀ ਨੂੰ
ਤੇ ਆਪਣੀ ਕਰਨੀ ਨੂੰ ਦੇਖਣਾ ਹੈ
ਨਾਮ ਸਾਨੂੰ ਕੁਦਰਤ ਅਤੇ ਕਾਇਨਾਤ ਨਾਲ ਇਕਸੁਰ ਕਰਦਾ ਹੈ।

ਗੁਰੂ ਨਾਨਕ ਜੀ ਦਾ ਕਥਨ ਹੈ
ਕਿ ਉਹ ਜਿਹੜੇ ਮਿਹਨਤ ਮੁਸ਼ੱਕਤ ਕਰ ਕੇ ਕਮਾਉਂਦੇ ਹਨ
ਤੇ ਫਿਰ ਆਪਣੀ ਕਮਾਈ ਵਿਚੋਂ
ਲੋੜਵੰਦਾਂ ਦੀ ਸਹਾਇਤਾ ਵੀ ਕਰਦੇ ਹਨ
ਜ਼ਿੰਦਗੀ ਦੇ ਸੱਚੇ ਮਾਰਗ ਦੇ ਰਾਹੀ ਓਹੀ ਹਨ।
ਵੰਡ ਕੇ ਛਕਣਾ ਭਾਈਚਾਰੇ ਨਾਲ
ਸਮਾਜ ਨਾਲ ਮਾਨਵਤਾ ਨਾਲ ਸਾਂਝ ਪੈਦਾ ਕਰਦਾ ਹੈ।

# Nanak is with the lowest of the low

Guru Nanak Dev Ji's mind contains unfathomable compassion
for the people
He calls himself the companion of the poor and destitute.
Not just that
he also says
that God's Grace is granted to only those places
where the poor and indigent are helped and uplifted.

To give sight to this blind populace
to transform the thinking of the people
to breathe a new soul into them
to make them knowledgeable, alert and sensitive
fearless and free of hate
is the great aim
of Guru Nanak Dev Ji's life and words.

Baba Nanak taught us the method of living a righteous life
three golden injunctions of his
reside in the heart of popular tradition.
Baba Nanak's going to the hardworking Bhai Lalo
and living with him for many days
instead of Malik Bhago's rich feast
eating Bhai Lalo's coarse-grain bread
the drops of milk that dripped from his kodo millet bread
and the blood shown dripping from Malik Bhago's rich food
is the story of Baba Nanak's deep love for labour.

To recite the Name
is to be in awe of Creation and its Creator
to see the universe and one's own deeds
in the light of the Supreme Truth
the Name attunes us to nature and the cosmos

Guru Nanak Ji has said
that those who earn their living through hard work
and then from what they earn
even help those in need
they are travellers on the true path of life.
To share what one has creates a connection
with the community
with society and with humanity



# ਸਾਚਾ ਤਖਤੁ ਰਚਾਇਆ

ਗੁਰੂ ਨਾਨਕ ਦੇਵ ਜੀ ਦੀ ਨਿਰਭਉ ਅਤੇ ਨਿਰਵੈਰ ਬਾਣੀ ਵਿਚ
ਆਪਣੇ ਸਮੇਂ ਦੇ ਅੱਤਿਆਚਾਰੀ ਹਾਕਮਾਂ, ਮੁਕੱਦਮਾਂ, ਰਿਸ਼ਵਤਖੋਰ ਕਾਜ਼ੀਆਂ
ਅਤੇ ਧਰਮ ਦੇ ਪਾਖੰਡੀ ਆਗੂਆਂ ਲਈ ਰੌਦਰਮਈ ਬੋਲ ਹਨ।

ਉਨ੍ਹਾਂ ਅਨੁਸਾਰ ਗਿਆਨ-ਵਿਹੂਣੀ ਮਾਸੂਮ ਖ਼ਲਕਤ ਨੂੰ
ਆਪਣੀ ਐਸ਼ੋ ਇਸ਼ਰਤ ਲਈ ਲੁੱਟਣ ਤੇ ਕੁਰਾਹੇ ਪਾਉਣ ਲਈ
ਸਭ ਤੋਂ ਵੱਧ ਜ਼ਿੰਮੇਵਾਰ ਏਹੀ ਹਨ।

ਅਨਿਆਂਪੂਰਣ ਹਾਕਮਾਂ ਦੇ ਅੱਤਿਆਚਾਰਾਂ ਦਾ
ਇਹੋ ਜਿਹਾ ਬੇਬਾਕ ਵਰਣਨ
ਉਨ੍ਹਾਂ ਸਮਿਆਂ ਵਿਚ ਕਿਤੇ ਹੋਰ ਨਹੀਂ ਮਿਲਦਾ।

ਗੁਰੂ ਨਾਨਕ ਦੇਵ ਜੀ ਅਨੁਸਾਰ ਨਿਆਂ ਕਰਨ ਵਾਲਾ ਬਾਦਸ਼ਾਹ ਹੀ
ਤਖ਼ਤ ਤੇ ਬੈਠਣ ਦੇ ਲਾਇਕ ਹੁੰਦਾ ਹੈ।
ਗੁਰੂ ਨਾਨਕ ਦੇਵ ਜੀ ਇਹ ਵੀ ਕਹਿੰਦੇ ਹਨ
ਕਿ ਸਭ ਤੋਂ ਵੱਡਾ ਸ਼ਹਿਨਸ਼ਾਹ
ਤਾਂ ਉਹ ਸੱਚਾ ਕਰਤਾ ਹੈ ਜੋ
ਹਰ ਕਾਇਆ ਦੇ ਮਹਿਲ ਵਿਚ ਤਖਤ ਤੇ ਸੁਸ਼ੋਭਿਤ ਹੈ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥ ...

ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ
ਸਚੁ ਸਾਚਾ ਤਖਤੁ ਰਚਾਇਆ॥

# His True Throne

In the fearless and free of hate
discourse of Guru Nanak Dev Ji,
there are wrathful words condemning tyrranical rulers,
courtiers, corrupt judges and hypocritical religious heads.

According to him,
these sets of people are the most culpable in looting
and leading astray the ignorant and simple populace
for their own ease and comfort.

Nowhere else in accounts from that time do we find
such a fearless description of the tyranny and cruelty of the rulers.

According to Guru Nanak Dev Ji,
only the king who can deliver justice is deserving of the throne.
Guru Nanak Dev Ji also says that the greatest king of all is the Almighty,
who is enthroned on every throne in the palace of every body.

The Kali-age is the knife; the kings are the butchers.
And righteousness hath taken to the wings;
Yea, it is the dark night of falsehood;
And Truth? O, where is the moon of Truth?
The vain search hath made me mad,
And I see not my Path in the dark.

Avarice and Sin are the king and the minister,
and falsehood is their chief.
And lust, yea, is the advisor, and so they all confabulate.
Their subjects too are blind, without wisdom;
and, like the dead, they dance to their tune. ...

But he doeth injustice, for, his palm is greased,
And if anyone asketh him, he quotes chapter and verse (from the Quran).

In the body fortress is the palace, God is the true master of this palace
true Lord established His true throne there



# ਤੈਂ ਕੀ ਦਰਦੁ ਨ ਆਇਆ

ਮਾਨਵਤਾ ਦੇ ਸੰਤਾਪ ਅਤੇ ਵਿਯੋਗ ਦੀ ਸਭ ਤੋਂ ਸਿਖਰਲੀ ਰਚਨਾ
ਉਹ ਚਾਰ ਸ਼ਬਦ ਹਨ
ਜਿਹੜੇ ਬਾਬਰ ਦੇ ਹਮਲੇ ਵੇਲੇ ਰਚੇ ਗਏ
ਇਨ੍ਹਾਂ ਚਾਰ ਸ਼ਬਦਾਂ ਦਾ ਪਾਸਾਰ
ਕਾਬਲ, ਖੁਰਾਸਾਨ, ਹਿੰਦੁਸਤਾਨ ਤੋਂ ਲੈ ਕੇ
ਕਰਤਾ ਪੁਰਖ ਤਕ ਪਸਰਿਆ ਹੋਇਆ ਹੈ
ਇਨ੍ਹਾਂ ਰਚਨਾਵਾਂ ਵਿਚ
ਗੁਰੂ ਨਾਨਕ ਦੇਵ ਜੀ ਦਾ ਦਰਸ਼ਨ,
ਉਨ੍ਹਾਂ ਦਾ ਹਿਰਦਾ
ਕਾਵਿਕਤਾ
ਨਾਨਕ ਜੀ ਦਾ ਦਰਦ
ਨਾਨਕ ਜੀ ਦੀ ਨਾਨਕਤਾ ਦੇ ਦਰਸ਼ਨ ਹੁੰਦੇ ਹਨ।

ਇਸ ਵਿਚ ਫ਼ਲਸਫ਼ਾ, ਰੂਹਾਨੀਅਤ, ਸਦਾਚਾਰ ਵੀ ਹੈ
ਤੇ ਮਾਂਵਾਂ, ਭੈਣਾਂ, ਧੀਆਂ, ਨਾਰਾਂ ਦੇ ਦਰਦ ਦੀ
ਇਹ ਤੁਕ ਵੀ :

ਜਿਨ੍ ਕੇ ਬੰਕੇ ਘਰੀ ਨ ਆਇਆ
ਤਿਨ੍ ਕਿਉ ਰੈਣਿ ਵਿਹਾਣੀ॥

ਸ਼ਾਮ ਹੋ ਗਈ
ਜਿਨ੍ਹਾਂ ਦੇ ਬਾਂਕੇ ਘਰ ਨਹੀਂ ਮੁੜੇ
ਉਨ੍ਹਾਂ ਮਾਂਵਾਂ ਨਾਰਾਂ ਭੈਣਾਂ ਧੀਆਂ ਨੇ ਰਾਤ ਕਿਵੇਂ ਗੁਜ਼ਾਰੀ ?

ਇਨ੍ਹਾਂ ਚਾਰ ਸ਼ਬਦਾਂ ਵਿਚ ਇਕ ਮਹਾ ਮੰਥਨ
ਮਹਾ ਸੰਵਾਦ ਹੈ।
ਜਿਸ ਸੰਵਾਦ ਵਿਚ ਕਰਤਾ ਪੁਰਖ ਵੀ ਸ਼ਾਮਲ ਹੈ।
ਜੰਗ ਦੇ ਸੰਬੰਧ ਵਿਚ ਏਨੇ ਦਰਦ, ਤੜਪ, ਏਨੀ ਵਿਸ਼ਾਲਤਾ,
ਏਨੀ ਗਹਿਰੀ ਸੋਚ ਵਾਲੀ ਰਚਨਾ
ਕੋਈ ਹੋਰ ਨਹੀਂ ਹੈ।
ਇਹ ਨਾਨਕ-ਨਜ਼ਰ ਦੀ ਅਸੀਮਤਾ ਹੈ।

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥1॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥
ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥

# Thou Feelest not compassion?

The finest composition of human distress and suffering
are the four hymns
composed during the period of Babur's invasion
The extent of these four hymns
extends right from Kabul, Khurasan, and Hindustan
all the way to the Almighty.
In these compositions we get to encounter
Guru Nanak Dev Ji's philosophy, his heart, his poesy his pain
and the very essence that defines him.

Contained here are both philosophy, spirituality and ethics
as well as this line encapsulating
the pain of mothers, sisters, daughters and wives:
And they whose loved ones returned not to their homes,
O, how did they pass their nights?
Evening fell and their loved ones did not come back home:
how did those mothers, wives, sisters and daughters get through the night?

These four hymns contain a great upheaval a great dialogue
and even the Almighty is included in this dialogue
No other composition relating to war
considers the pain and agony of war
with the same breadth and depth of thought.
This is the limitlessness of Nanak's perspective.

Having attacked Khuraasaan, Baabar terrified Hindustan.
The Creator Himself does not take the blame,
but has sent the Mughal as the messenger of death.
There was so much slaughter that the people screamed.
Didn't You feel compassion, Lord?
O Creator Lord, You are the Master of all.
If some powerful man strikes out against another man,
then no one feels any grief in their mind.
But if a powerful tiger attacks a flock of sheep and kills them,
then its master must answer for it.
This priceless country has been laid waste and defiled by dogs,
and no one pays any attention to the dead.
You Yourself unite, and You Yourself separate; I gaze upon Your Glorious Greatness.
One may give himself a great name, and revel in the pleasures of the mind,
but in the Eyes of the Lord and Master, he is just a worm, for all the corn that he eats.
Only one who dies to his ego while yet alive, obtains the blessings,
O Nanak, by chanting the Lord's Name..



# ਸੋ ਕਿਉ ਮੰਦਾ ਆਖੀਐ

ਗੁਰੂ ਨਾਨਕ ਬਾਣੀ ਵਿਚ ਨਾਰੀ ਨੂੰ
ਸਨਮਾਨ ਦਿੱਤਾ ਗਿਆ ਹੈ
ਉਹ ਸਭਨਾਂ ਦੀ ਜਣਨਹਾਰੀ ਹੈ

ਗੁਰੂ ਨਾਨਕ ਬਾਣੀ ਦਾ ਬਹੁਤ ਹਿੱਸਾ
ਪ੍ਰੇਮ ਭਰੀ ਨਾਰੀ ਦੇ ਰੂਪਕ ਦਾ ਧਾਰਨੀ ਹੈ
ਇਹ ਏਨਾ ਕੋਮਲ, ਸਮਰਪਣ ਅਤੇ ਸ਼ਿੱਦਤ ਭਰਿਆ ਹੈ

ਗੁਰੂ ਨਾਨਕ ਬਾਣੀ ਵਿਚ ਇਹ ਵੀ ਕਿਹਾ ਗਿਆ ਹੈ
ਕਿ ਹਰ ਪੁਰਖ ਅੰਦਰ ਨਾਰੀ ਹੈ
ਹਰ ਨਾਰੀ ਅੰਦਰ ਪੁਰਖ ਹੈ
ਇਸ ਤੱਥ ਨੂੰ ਕੋਈ ਬ੍ਰਹਮ ਗਿਆਨੀ ਹੀ ਜਾਣ ਸਕਦਾ ਹੈ

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥੨॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ
ਬੂਝਹੁ ਬ੍ਰਹਮ ਗਿਆਨੀ॥

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ॥

# O why call woman evil

In Guru Nanak's hymns women
are given respect
they give birth to everyone

A significant portion of Guru Nanak's hymns
are sung in the voice of a woman in love
these are so tender, and full of devotion and intensity

Guru Nanak has also said in his discourse that
inside every man is a woman
and inside every woman a man
Only the enlightened can understand this fact

From woman, man is born, with in a woman,
man is concieved, to woman he is engaged and married.
Woman becomes his friend, through woman
his future generations come.
When his woman dies he seeks another woman,
to woman he is bound.
So why call her bad? from her kings are born,
from woman woman is born,
without woman there would be no one at all,
O Nanak only the true Lord is without a woman.
That mouth which praises the Lord countinualy is blessed and beautiful,
O Nanak, those faces shall be radiant in the court of the true Lord.



# ਸਤਿਗੁਰ ਦੀਆਂ ਮਿਹਰ ਮੁਸਾਫ਼ਰੀਆਂ

ਦੇਸ ਪਰਦੇਸ ਦੇ ਨਗਰਾਂ ਸ਼ਹਿਰਾਂ
ਵੱਖ ਵੱਖ ਧਰਮਾਂ ਦੇ ਤੀਰਥ-ਸਥਾਨਾਂ, ਦਰਗਾਹਾਂ
ਤੇ ਗੁਰੂ ਨਾਨਕ ਦੇਵ ਜੀ ਦੀਆਂ ਯਾਤਰਾਵਾਂ ਨੂੰ
ਉਦਾਸੀਆਂ ਦੇ ਤੌਰ ਤੇ ਜਾਣਿਆ ਜਾਂਦਾ ਹੈ
ਵਿਦਵਾਨਾਂ ਤੇ ਕਵੀਆਂ ਨੇ ਇਨ੍ਹਾਂ ਨੂੰ
ਗਿਆਨ ਯਾਤਰਾਵਾਂ
ਦਇਆ ਯਾਤਰਾਵਾਂ
ਤੇ ਮਿਹਰ ਮੁਸਾਫ਼ਰੀਆਂ ਵੀ ਕਿਹਾ ਹੈ
ਇਨ੍ਹਾਂ ਦੌਰਾਨ ਉਨ੍ਹਾਂ ਨੇ ਆਪਣੇ ਬੋਲਾਂ ਤੇ ਬਾਣੀ ਨਾਲ
ਬੇਸ਼ੁਮਾਰ ਲੋਕਾਂ ਦਾ ਉੱਧਾਰ ਕੀਤਾ
ਧਰਮਾਂ ਦੇ ਸਾਧਕਾਂ ਤੇ ਵਿਦਵਾਨਾਂ ਨਾਲ ਗੋਸ਼ਟੀਆਂ ਰਚਾਈਆਂ
ਜਿਨ੍ਹਾਂ ਵਿਚ ਸਿੱਧ ਨਾਥ, ਤਪੀ ਸੰਨਿਆਸੀ, ਸੂਫ਼ੀ, ਵਿਦਵਾਨ ਪੰਡਿਤ ਸ਼ਾਮਲ ਹਨ ਨਾਨਕ ਜੀ
ਨੇ ਦੂਰੀਆਂ ਨੂੰ ਮੇਟ ਦਿੱਤਾ। ਬਾਬੇ ਨਾਨਕ ਤੇ ਭਾਈ ਮਰਦਾਨਾਂ ਦੀਆਂ ਪੈੜਾਂ ਦੀਆਂ ਜ਼ੰਜੀਰੀਆਂ
ਨੇ ਤਲਵੰਡੀ ਨੂੰ ਮੱਕੇ ਮਦੀਨੇ ਨਾਲ਼ ਜੋੜ ਦਿੱਤਾ
ਸ੍ਰੀ ਲੰਕਾ, ਕਾਮਰੂਪ ਤੇ ਜਗਨਨਾਥ ਪੁਰੀ ਨਾਲ ਜੋੜ ਦਿੱਤਾ।

ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥

ਸਤਿਗੁਰੂ ਨਾਨਕ ਆਪਣੀਆਂ ਲੰਮੀਆਂ ਮਿਹਰ ਮੁਸਾਫ਼ਰੀਆਂ ਤੇ ਤੁਰ ਪਏ,
ਜਿਨ੍ਹਾਂ ਨੂੰ ਬਾਬਾ ਨਾਨਕ ਜੀ ਦੀਆਂ ਚਾਰ ਉਦਾਸੀਆਂ ਕਿਹਾ ਜਾਂਦਾ ਹੈ॥

ਸੁਲਤਾਨ ਪੁਰ ਤੋਂ ਨਾਨਕ ਜੀ ਲਾਹੌਰ, ਗੁਜਰਾਂਵਾਲਾ, ਸੈਦਪੁਰ,
ਪਾਕਪਟਨ ਤੇ ਫਿਰ ਤਲਵੰਡੀ ਆਏ।

ਤਲਵੰਡੀ ਤੋਂ ਪੇਹੋਵਾ, ਕੁਰੂਕਸ਼ੇਤਰ, ਹਰਿਦੁਆਰ, ਅਯੁੱਧਿਆ, ਪਟਨਾ, ਗਯਾ, ਢਾਕਾ ਤੇ
ਕਾਮਰੂਪ ਗਏ। ਵਾਪਸੀ ਤੇ ਜਗਨਨਾਥ ਪੁਰੀ ਵੀ ਗਏ।

ਦੂਜੀ ਉਦਾਸੀ ਦੌਰਾਨ ਉਹ ਧੁਰ ਦੱਖਣ ਤਮਿਲਨਾਡੂ ਤੇ ਸ੍ਰੀ ਲੰਕਾ ਤੱਕ ਗਏ।
ਮੁੜਦੇ ਹੋਏ ਪੱਛਮੀ ਤੱਟ ਥਾਂਣੀਂ ਮਾਲਾਬਾਰ, ਬਿਦਰ, ਕੋਂਕਣ,
ਮੁੰਬਈ ਤੇ ਰਾਜਸਥਾਨ ਹੁੰਦੇ ਹੋਏ ਪੰਜਾਬ ਪਹੁੰਚੇ।

ਤੀਜੀ ਉਦਾਸੀ ਦਾ ਪੰਧ ਜੰਮੂ, ਕਸ਼ਮੀਰ, ਲੱਦਾਖ, ਤਿੱਬਤ,
ਸਿੱਕਮ ਅਤੇ ਭੁਟਾਨ ਤੱਕ ਫੈਲਿਆ ਹੋਇਆ ਸੀ

ਚੌਥੀ ਉਦਾਸੀ ਦੌਰਾਨ ਸਤਿਗੁਰੂ ਮੱਕਾ ਮਦੀਨਾ ਤੇ ਬਗਦਾਦ ਗਏ।
ਮੁੜਦੇ ਹੋਏ ਸੈਦ ਪੁਰ (ਏਮਨਾਬਾਦ) ਪਹੁੰਚੇ।

# The True Guru's Journeys of Grace

The travels of Guru Nanak Dev Ji through
the towns and cities of many states and countries
the pilgrimage-places and shrines of various religions
are known as his udasis
scholars and poets have called them
wisdom travels,
compassion journeys,
and even journeys of grace.
During these travels, his words and hymns
liberated and edified countless people
he held discussions with the exponents and scholars of religions
which include Sidh Naths, Ascetic Renunciants, Sufis, and learned Pandits
Guru Nanak Ji effaced distances and differences.
The footprints of Baba Nanak and Bhai Mardana formed chains that linked
Talwandi with Mecca Medina
and Sri Lanka with Kamrup (Assam) and Jagannath Puri.

Baba Nanak looked closely, the whole world seemed to burn
he heard the despairing wails of those with nowhere left to turn
changing his guise he started the tradition of his travels:
For the suffering masses a new era of reform unravels.

From Sultanpur Nanak went to Lahore,
Gujranwala, Saidpur, Pakpatan and then Talwandi.
From Talwandi he proceeded to Pehowa, Kurukshetra, Haridwar,
Ayodha, Patna, Gaya, Dhaka and Kamroop
On the way back he also went to Jagannath Puri.

On his second peregrination he went right down south
all the way to Tamil Nadu and Sri Lanka.
On his way back through the western coast he crossed Malabar,
Bidar, the Konkan, Mumbai and Rajasthan to arrive in Punjab.

The scope of his third peregrination covered Jammu, Kashmir,
Ladakh, Tibet, Sikkim and Bhutan.

On his fourth peregrination he went to Mecca, Medina and Baghdad.
On the way back he reached Saidpur (Aimnabad).



# ਖੋਜੀ ਉਪਜੈ ਬਾਦੀ ਬਿਨਸੈ

ਗੁਰੂ ਨਾਨਕ ਦੇਵ ਜੀ ਮਹਾਨ ਰੂਹਾਨੀ ਰਹਿਬਰ
ਅਤੇ ਰੱਬੀ ਪਿਆਰ ਵਿਚ ਲੀਨ ਮਹਾਨ ਬਾਣੀਕਾਰ ਸਨ।
ਅਨੇਕ ਵਿਦਵਾਨ
ਉਨ੍ਹਾਂ ਦੇ ਮੁਖਵਾਕਾਂ ਵਿਚ
ਧਰਤੀ ਅਤੇ ਬ੍ਰਹਿਮੰਡ ਦੇ ਸਹਿਜ ਗਿਆਨ ਦੀਆਂ
ਅੰਤਰ-ਦ੍ਰਿਸ਼ਟੀਆਂ ਦੇਖ ਕੇ ਹੈਰਾਨ ਹੋਏ ਹਨ।

ਗੁਰੂ ਨਾਨਕ ਦੇਵ ਜੀ ਨੇ
ਅਨੇਕਾਂ ਵਹਿਮਾਂ ਭਰਮਾਂ ਤੇ ਅੰਧ ਵਿਸ਼ਵਾਸਾਂ ਦਾ
ਖੰਡਨ ਵੀ ਕੀਤਾ ਹੈ।

ਜਦੋਂ ਸਿੱਧ ਨਾਥ ਉਨ੍ਹਾਂ ਨੂੰ
ਕਰਾਮਾਤ ਦਿਖਾਉਣ ਲਈ ਆਖਦੇ ਹਨ
ਤਾਂ ਭਾਈ ਗੁਰਦਾਸ ਜੀ ਅਨੁਸਾਰ
ਗੁਰੂ ਨਾਨਕ ਦੇਵ ਜੀ ਨੇ ਕਿਹਾ
ਕਿ ਸੱਚੇ ਨਾਮ ਤੋਂ ਬਿਨਾਂ ਮੇਰੇ ਕੋਲ ਕੋਈ ਹੋਰ ਕਰਾਮਾਤ ਨਹੀਂ।

ਆਪਣੇ ਕਿਸੇ ਵਿਚਾਰ ਤੇ
ਹਠ ਨਾਲ ਅੜੇ ਰਹਿਣ ਵਾਲੇ ਵਾਦੀਆਂ ਨੂੰ
ਉਹ ਗਿਆਨ, ਵਿਚਾਰ, ਸੁਰਤਿ ਨਾਲ ਜੁੜ ਕੇ ਸ਼ੁਭ ਕਰਮ ਕਰਨ
ਕਰਤਾ ਪੁਰਖ ਦੇ ਗੁਣ ਗਾਉਣ,
ਸਬਦ ਨਾਲ ਜੁੜ ਕੇ ਆਪਣੀ ਸੋਚ ਨੂੰ ਸਵਾਰਨ
ਤੇ ਆਤਮ-ਨਿਰੀਖਣ ਕਰਨ ਦਾ ਉਪਦੇਸ਼ ਦਿੰਦੇ ਹਨ।
'ਨਾਨਕ ਭਗਤਾ ਸਦਾ ਵਿਗਾਸੁ' ਦਾ ਰਾਜ਼ ਵੀ ਇਸ ਖੋਜ ਵਿਚ ਹੀ ਨਿਹਿਤ ਹੈ।

ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ॥
ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥
ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ॥
ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ॥

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥

ਬਾਬਾ ਬੋਲੇ ਨਾਥ ਜੀ ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।

## The seeker flourishes ....

Guru Nanak Dev Ji was an exalted spiritual guide
and a great hymn-composer rapt in God's love.
Numerous scholars
reading his hymns
have been astounded by his insights
and his profound knowledge of the earth and the cosmos.

Guru Nanak Dev Ji also
busted countless false beliefs, suppositions
and superstitions.


When the Sidh Naths ask him
to show them miracles
then, according to Bhai Gurdas Ji,
Guru Nanak Dev Ji replied to them
that apart from the True Name I have no other miracles to offer.

For polemicists who dogeddly persist
in sticking with some belief of theirs
he teaches them to join the way of knowledge, thoughtfulness,
attention, and do good deeds
sing the praises of the Almighty
refine their thinking through reciting his words
and engage in self-reflection.

If I keep Service (of God) in my conscious mind, and utter His Praise with Joy and
Reflect on God's Wisdom through the Guru's Word,
Then this Seeking Flowers, for, indeed, discursiveness leads to disintegration:
O, I'm a Sacrifice unto my Guru-God.
(O God), we are low wretches, of False and Ignorant minds, and
Thou it is who Embellishest us with Thy Word.
And wherever men Know their Self, there Thou,
O True Emancipator, art; and Emancipatest them.

Hearing of the invasion of Babar millions of Muslim divines prayed for his halt,
But he burnt all the age-old temples and the resting places, and the princes,
cut-up into pieces, were thrown to the winds.
Yea, not a Moghal was blinded (by God),
No miracle, no charm, saved the man from disaster.

Baba said: "O Great Nath! Heed my words as I utter the Truth
Other than the True Name I have no other miracles to offer."



# ਰੀਤ ਅਤੇ ਪ੍ਰੀਤ

ਸਮਾਜ ਦੀ ਹਰ ਰੀਤ ਸਾਂਭਣਯੋਗ ਨਹੀਂ ਹੁੰਦੀ।
ਜਾਤ ਪਾਤ, ਛੂਤ ਛਾਤ, ਸਤੀ ਆਦਿ ਐਸੀਆਂ ਰੀਤਾਂ ਸਨ
ਜਿਨ੍ਹਾਂ ਬਾਰੇ ਬਾਬਾ ਨਾਨਕ ਜੀ ਦਾ ਕਥਨ ਹੈ
ਕਿ ਇਹ ਰੀਤਾਂ ਜਾਲਣਯੋਗ ਹਨ।

ਗੁਰੂ ਨਾਨਕ ਦੇਵ ਜੀ ਉਸ ਰੀਤ ਨਾਲੋਂ ਪ੍ਰੀਤ ਨੂੰ ਤਰਜੀਹ ਦੇਂਦੇ ਹਨ
ਜਿਹੜੀ ਰੀਤ ਕਾਦਰ ਦੀ ਕੁਦਰਤ ਅਤੇ ਮਾਨਵਤਾ ਤੋਂ ਦੂਰ ਕਰੇ
ਜਿਹੜੀ ਰੀਤ ਰੰਗ, ਨਸਲ, ਜਾਤ ਤੇ ਧਰਮ ਦੇ ਆਧਾਰ ਤੇ ਇਨਸਾਨਾਂ ਵਿਚ ਦਰਜਾਬੰਦੀ ਕਰੇ
ਜਿਹੜੀ ਰੀਤ ਇਨਸਾਫ਼, ਬਰਾਬਰੀ ਅਤੇ ਭਾਈਵਾਲੀ ਵੱਲ ਨਾ ਲਿਜਾਂਦੀ ਹੋਵੇ।

ਲੋਕ-ਲਾਜ ਦੇ ਪ੍ਰਸੰਗ ਵਿਚ ਗੁਰੂ ਸਾਹਿਬ ਦਾ ਕਥਨ ਹੈ
ਕਿ ਲੋਕਾਂ ਦੀਆਂ ਨਿਗਾਹਾਂ ਵਿਚ ਵੱਡੇ ਹੋਣ ਨਾਲੋਂ ਚੰਗਾ ਹੈ
ਆਪਣੇ ਇਸ਼ਟ ਦੀ ਦਰਗਾਹ ਵਿਚ ਪ੍ਰਵਾਨ ਹੋਣਾ

ਗੁਰੂ ਨਾਨਕ ਕਦਰਾਂ ਕੀਮਤਾਂ ਤੇ ਆਧਾਰਿਤ
ਨਵੀਂ ਸੰਗਤ, ਨਵਾਂ ਮਾਨਵ ਸਿਰਜਦੇ ਹਨ

ਉਨ੍ਹਾਂ ਅਨੁਸਾਰ ਜਿਸ ਧੌਲ ਦੇ ਸਹਾਰੇ ਧਰਤੀ ਟਿਕੀ ਹੋਈ ਹੈ
ਉਹ ਧੌਲ ਧਰਮ ਹੈ
ਤੇ ਉਹ ਧੌਲ ਦਇਆ ਦਾ ਪੁੱਤਰ ਹੈ
ਗੁਰੂ ਨਾਨਕ ਦੇਵ ਜੀ ਅਨੁਸਾਰ ਦਇਆ ਹੀ ਧਰਮ ਦੀ ਸਭ ਤੋਂ ਉੱਚੀ ਕਦਰ ਕੀਮਤ ਹੈ
ਦਇਆਹੀਣ ਵਿਅਕਤੀ ਧਾਰਮਿਕ ਕਹਾਉਣ ਦਾ ਹੱਕਦਾਰ ਨਹੀਂ ਹੈ।

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਲੋਕਿ ਪਤੀਣੈ ਨਾ ਪਤਿ ਹੋਇ॥
ਤਾ ਪਤਿ ਰਹੈ ਰਾਖੈ ਜਾ ਸੋਇ॥

# Traditions and True Love

Not every tradition of society is worth preserving.
The caste system, untouchability, sati etc. were some such traditions
about which Baba Nanak Ji said
that these traditions deserve erasure.

Guru Nanak Dev Ji gave preference to affection over such traditions
traditions that distance humanity and the Creator's Creation
traditions that create hierarchies between people
on the basis of colour, race, caste or religion
traditions that do not carry us towards justice, equality and fraternity.

In the context of social approval, Guru Sahib said
that rather than trying to look good in the eyes of other people
one must prove true in the shrine of one's God.

Guru Nanak creates a new congregation, a new human
based on moral values.

According to him, the bull Dhaul on whom the earth rests stably
is the bull of Law
and that bull is the son of compassion
According to Guru Nanak Dev Ji
compassion is the highest moral value underlying law
and the person lacking compassion does not deserve to be called righteous

Burn away those rituals which lead you to forget the Beloved Lord
O Nanak, sublime is that love, which preserves my honor with my love.

The mythical bull is Dharma, the son of compassion.
This is what patiently holds the earth in its place.

Honor is not obtained by trying to please people.
One's honor is preserved, only if the Lord preserves it..



# ਕਿਛੁ ਸੁਣੀਐ ਕਿਛੁ ਕਹੀਐ

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ
ਬੇਸ਼ੁਮਾਰ ਲੋਕਾਂ, ਧਰਮ-ਸਾਧਕਾਂ ਨੂੰ ਮਿਲੇ
ਜਿਨ੍ਹਾਂ ਦੇ ਵਿਸ਼ਵਾਸ, ਬੋਲੀਆਂ ਤੇ ਰੀਤਾਂ ਰਸਮਾਂ ਵੱਖਰੀਆਂ ਸਨ।
ਗੁਰੂ ਜੀ ਨੇ ਸਭਨਾਂ ਨਾਲ ਸੰਵਾਦ ਕੀਤਾ।

ਇਨ੍ਹਾਂ ਸੰਵਾਦਾਂ ਦੌਰਾਨ ਆਪਣੀ ਮਿਠਾਸ, ਨਿਮਰਤਾ, ਸੱਚ
ਆਪਣੀ ਬਾਣੀ ਤੇ ਸੰਗੀਤ ਦੁਆਰਾ
ਸਭ ਨਾਲ ਗਹਿਰਾ ਮਾਨਵੀ ਰਿਸ਼ਤਾ ਸਥਾਪਿਤ ਕੀਤਾ।

ਉਨ੍ਹਾਂ ਦੀ ਬਾਣੀ ਸਿਧ ਗੋਸਟਿ
ਅਧਿਆਤਮਕ ਸੰਵਾਦ ਦੀ ਸਭ ਤੋਂ ਸ੍ਰੇਸ਼ਟ ਮਿਸਾਲ ਹੈ।

ਸੰਵਾਦ ਵਾਸਤੇ ਹੀ ਗੁਰੂ ਨਾਨਕ ਜੀ ਨੇ
ਦੂਸਰੀਆਂ ਭਾਸ਼ਾਵਾਂ ਵਿਚ ਵੀ ਬਾਣੀ ਰਚੀ

'ਰੋਸੁ ਨ ਕੀਜੈ ਉਤਰੁ ਦੀਜੈ' ਦੇ ਮਹਾਂਵਾਕ ਦੁਆਰਾ
ਉਹ ਸੰਵਾਦ ਨੂੰ ਕੁੜੱਤਣ ਤੋ ਮੁਕਤ ਰੱਖਣ ਦਾ ਉਪਦੇਸ਼ ਦਿੰਦੇ ਹਨ।

ਸੰਵਾਦ ਦੁਆਰਾ ਹੀ ਅਸੀਂ ਬੇਗਾਨਿਆਂ ਨੂੰ ਜਾਣ ਸਕਦੇ ਹਾਂ
ਤੇ ਆਪਣਾ ਬਣਾ ਸਕਦੇ ਹੈ

ਸੁਹਿਰਦ ਸੰਵਾਦ ਹੀ ਮਾਨਵਤਾ ਦੇ ਅਜੋਕੇ ਮਸਲਿਆਂ ਦਾ ਹੱਲ ਹੈ

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥
ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ॥
ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ॥

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥

# one should listen and speak as well

In the course of his peregrinations, Guru Nanak Devi Ji
met countless people and religious exponents
whose beliefs, languages and customs and traditions were varied
Guru Ji had discussions with all of them.

During these discussions, with his sweetness, humility and honesty
through his words and hymns
he established a deep humane connection with all.

In order to facilitate discussion Guru Nanak Ji
composed hymns in other languages as well.

Through the line “Take it not ill, but answer”
he preaches that discussion should be kept free of bitterness.

It is only through discussion that we can get to know strangers
and make them our own.

Only well-intentioned discussion can solve the current problems of humanity
“Take it not ill, but answer”

My Prayer is to Thee alone, O Lord, (Said Charpat, the Yogi:)

“The Sea of the world is considered impassable: how is then one to Go across?
“Speak, O Nanak, the detached one, what sayest thou to it, pray?” (Said Nanak:)
“How can one instruct the one who sayeth that he knoweth.
“He who considers himself having crossed the Sea, how can one argue with him?

My Prayer is to Thee alone, O Lord, hear me Thou.
For, Thou art True and Great and Benificient, and Spotless, the Sustenance of all.
The world is a passing vanity, Enshrine thou this truth, O my mind.
Thy forelocks are in the Yama’s grip, still knowest thou not, O mind!



# ਬੋਲੀ ਅਵਰ ਤੁਮਾਰੀ

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ
ਗਹਿਰੇ ਵਿਸਮਾਦੀ ਰੂਹਾਨੀ ਅਨੁਭਵ ਵੀ ਬਿਆਨ ਕੀਤੇ ਗਏ ਹਨ।
ਆਮ ਲੋਕਾਂ ਨੂੰ ਸਾਦਾ ਬੋਲੀ ਵਿਚ ਉਪਦੇਸ਼ ਵੀ ਕੀਤਾ ਗਿਆ ਹੈ।
ਰਾਜਸੀ, ਸਮਾਜਕ ਤੇ ਧਾਰਮਕ ਦਸ਼ਾ ਤੇ ਪ੍ਰਚੰਡ ਚੋਟ ਵੀ ਕੀਤੀ ਗਈ ਹੈ।
ਕੁਦਰਤ ਦੀ ਸੁੰਦਰਤਾ, ਅਨੰਤਤਾ ਅਤੇ ਰੱਬਤਾ ਨੂੰ ਵੀ ਚਿਤਰਿਆ ਗਿਆ ਹੈ।
ਬਾਬਰ ਦੇ ਹਮਲੇ ਵੇਲੇ ਲੋਕਾਂ ਦੀ ਦਸ਼ਾ ਦਾ ਬਹੁਪੱਖੀ ਅਦੁੱਤੀ ਬਿਆਨ ਵੀ ਕੀਤਾ ਗਿਆ।
ਉਨ੍ਹਾਂ ਦੀ ਬਾਣੀ ਵਿਚ ਸ਼ਬਦਾਂ, ਇਜ਼ਹਾਰਾਂ, ਤੁਲਨਾਵਾਂ, ਧੁਨੀਆਂ ਤੇ ਸੁਰਾਂ ਦਾ
ਇਕ ਵਿਸ਼ਾਲ ਪਾਸਾਰ ਹੈ।
ਵੱਖ ਵੱਖ ਇਲਾਕਿਆਂ ਦੇ ਲੋਕਾਂ ਨਾਲ ਸਾਂਝ ਪਾਉਣ ਕਾਰਨ
ਗੁਰੂ ਨਾਨਕ ਬਾਣੀ ਵਿਚ ਕਈ ਬੋਲੀਆਂ ਦੀ ਰੰਗਤ ਹੈ।
ਕਈ ਪੂਰੇ ਪੂਰੇ ਦੇ ਸ਼ਬਦ ਵੀ ਹੋਰ ਬੋਲੀ ਵਿਚ ਹਨ।
ਪਰ ਉਨ੍ਹਾਂ ਦੀ ਬਾਣੀ ਵਿਚ ਬਹੁਤੇ ਵਾਕ ਵਾਕੰਸ਼ ਪੰਜਾਬੀ ਦੇ ਹਨ
ਸੰਚਾਰ ਦੀ ਲੋੜ ਵਜੋਂ
ਆਪਣੀ ਬੋਲੀ ਦੀ ਥਾਂ ਹੋਰ ਬੋਲੀ ਬੋਲਣੀ ਬੁਰੀ ਗੱਲ ਨਹੀ
ਪਰ ਬੇਗਾਨੀ ਬੋਲੀ ਦੀ ਵਰਤੋਂ
ਉਹ ਵੀ ਕਰਦੇ ਹਨ
ਜਿਨ੍ਹਾਂ ਨੇ ਲੋਕਾਂ ਦਾ ਦਮਨ ਕਰਨਾ ਹੁੰਦਾ ਹੈ
ਜਾਂ ਜਿਨ੍ਹਾਂ ਨੇ ਆਪਣੀ ਉੱਚਤਾ ਸਾਬਿਤ ਕਰਨ ਲਈ
ਲੋਕਾਂ ਤੋਂ ਦੂਰੀ ਸਿਰਜਣੀ ਹੁੰਦੀ ਹੈ।
ਗੁਰੂ ਨਾਨਕ ਅਜਿਹੇ ਲੋਕਾਂ ਬਾਰੇ ਲਿਖਦੇ ਹਨ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

ਤੂੰ ਸੁਣਿ ਹਰਣਾ ਕਾਲਿਆ
ਕੀ ਵਾੜੀਐ ਰਾਤਾ ਰਾਮ॥

ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ॥

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕੁਛ ਕਰੀ ਸੁ ਤੇਰੈ ਹਦੂਰਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ॥

# And men have changed their tongue

In Guru Nanak Dev Ji's discourse
deep wondrous spiritual experiences
have also been expressed
and the common people have been instructed
in simple language as well
political, social and religious conditions
have also been dealt a profound blow
the beauty, infinitude and divinity of nature
have also been portrayed
a multifaceted, unique description
of the condition of the populace
at the time of Babur's invasion
has also been presented
His discourse contains
a vast expanse of words,
expressions, comparisons, melodies and tunes.
Having had dealings with people from many different regions
Guru Nanak's discourse is coloured by many different languages.
Sometimes entire hymns have been composed in a different language.
But most of the lines in his hymns are in idiomatic Punjabi.
When required for communication
it is not a bad thing to speak a language other than one's own
But the use of another language
is also made by those
who want to oppress people
or, in order to prove their superiority,
want to create distance from people.
Guru Nanak writes about such people:
And men have changed their tongue and the Muslim way of greeting prevails.

O black deer, hear thou...
why are you so attached to the orchard of passion

The peacocks dance: lo, the rains have come

You are present every where, I had thought that you are far away
what ever I do, I do in your presence

If you want to play the game of love
prepare to be a sacrifice
and then step on to my path



# ਸਰਬ ਸਾਂਝਾ ਉਪਦੇਸ਼

ਬਾਬਾ ਫ਼ਰੀਦ ਜੀ ਦਾ ਗੱਦੀ ਨਸ਼ੀਨ ਸ਼ੇਖ਼ ਇਬਰਾਹੀਮ
ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਮੱਤ ਅਤੇ ਇਸਲਾਮ ਦੇ ਸੰਬੰਧ ਵਿਚ
ਪ੍ਰਸ਼ਨ ਕਰਦਾ ਹੈ:
ਰੱਬ ਇਕ ਤੇ ਰਸਤੇ ਦੋ, ਕਿਹੜਾ ਰਸਤਾ ਠੀਕ ਹੈ?
ਗੁਰੂ ਨਾਨਕ ਜੀ ਆਖਦੇ ਹਨ :
ਰੱਬ ਵੀ ਇਕ ਰਸਤਾ ਵੀ ਇਕ
ਤੇ ਉਹ ਰਸਤਾ ਹੈ ਸੱਚ।
ਮੱਕੇ ਵਿਚ ਕਾਜੀ ਤੇ ਮੁੱਲਾਂ ਵੀ ਬਾਬੇ ਨੂੰ ਏਹੀ ਪ੍ਰਸ਼ਨ ਕਰਦੇ ਹਨ:
ਹਿੰਦੂ ਵਡਾ ਕਿ ਮੁਸਲਮਾਨੋਈ
ਤਾਂ ਓਥੇ ਵੀ ਬਾਬਾ ਜੀ ਦਾ ਜਵਾਬ ਇਹ ਹੈ ਕਿ
ਇਹ ਜਾਂ ਉਹ ਧਰਮ ਵੱਡਾ ਨਹੀਂ ਹੁੰਦਾ
ਸ਼ੁਭ ਅਮਲ ਹੀ ਵੱਡੇ ਹੁੰਦੇ ਹਨ।
ਗੁਰੂ ਨਾਨਕ ਜੀ ਬਾਣੀ ਦਾ ਵਾਕ ਹੈ: ਸਚਹੁ ਓਰੈ ਸਭੁ ਕੋ ਉਪਰਿ ਸੁਚ ਆਚਾਰੁ।
ਹਿੰਦੂਆਂ, ਮੁਸਲਮਾਨਾਂ, ਜੋਗੀਆਂ, ਸੰਨਿਆਸੀਆਂ ਸਭ ਨੂੰ
ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਸਾਂਝਾ ਹੈ
ਉਹ ਉਪਦੇਸ਼ ਹੈ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ।
ਉਹ ਧਾਰਮਿਕ ਚਿੰਨ੍ਹਾਂ ਤੇ ਰੀਤਾਂ ਨੂੰ ਵੀ
ਗੁਰੂ ਨਾਨਕ ਦੇਵ ਜੀ ਦਇਆ, ਨਿਮਰਤਾ, ਮਿਹਰ, ਮਿਠਾਸ, ਸਿਦਕ, ਸੰਤੋਖ ਆਦਿ
ਕਦਰਾਂ ਕੀਮਤਾਂ ਨਾਲ ਜੋੜਦੇ ਹਨ।
ਇਕ ਥਾਂ ਉਹ ਆਖਦੇ ਹਨ ਕਿ ਨਾਮ ਨੂੰ ਸੁਣਨ ਦੀ ਰੀਝ ਹੀ ਮੇਰੀਆਂ ਮੁੰਦਰਾਂ ਹਨ।
ਕਦਰਾਂ ਕੀਮਤਾਂ ਤੋਂ ਸੱਖਣੇ ਚਿੰਨ੍ਹ ਅਤੇ ਪਹਿਰਾਵੇ
ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿਚ ਪਾਖੰਡ ਤੇ ਭੇਖ ਹਨ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

# The common message for all

Shaikh Ibrahim, the successor of Baba Farid Ji
discussing Hindu thought and Islam with Guru Nanak Dev Ji
asked him:
God is one and the paths are two, which is the right path?
God is one and so is the path and that path is Truth.
In Mecca the qazis and mullahs ask the same question:
is the Hindu greater or the Muslim
there too, Baba Nanak's answer is that
this or that religion is not greater than the other
it is good deeds that are greater.
A line in Guru Nanak's hymn says: but true living is higher still
Be they Hindus, Muslims, Yogis, or renunciants
Guru Nanak Dev Ji's message is common for all
his injunction is high and pure moral values.
All religious symbols and traditions too
Guru Nanak Dev Ji connects with compassion, humility,
mercy, sweetness, patience, contentment
and other such moral values.
At one place he says that my ardent desire
for listening to the Name are my ear-rings.
Attire and symbols empty of moral values
are mere hypocrisy and costume in Guru Nanak Dev Ji's eyes.

Make compassion the cotton, contentment the thread,
modesty the knot and truth the twist
this is the sacred thread of the soul. If you have it
then go ahead and put it on me.

Let mercy be your mosque, faith your prayer-mat
and honest living your Koran.

To take what rightfully does not belong to you
is like a Muslim eating pork or a Hindu eating beef

When something is placed on the balancing scale and weighed
the side which descends is heavier

Make contentment your ear-rings, humility your begging bowl
and meditation the ashes you apply to your body.

Truth is higher than anything
but higher still is truthful living.

# ਸਥਾਨਕਤਾ, ਅਤੇ ਸਰਬਵਿਆਪਕਤਾ

ਗੁਰੂ ਨਾਨਕ ਦੇਵ ਜੀ ਬਾਣੀ ਵਿਚ
ਸਥਾਨਕਤਾ, ਅਤੇ ਸਰਵਵਿਆਪਕਤਾ ਦਾ
ਅਦਭੁਤ ਸੁਮੇਲ ਹੈ
ਉਹ ਸਾਰੀ ਮਾਨਵਤਾ ਲਈ
ਸਾਂਝੀਆਂ ਕਦਰਾਂ ਕੀਮਤਾਂ ਦਾ ਸਿਰਜਣ ਅਤੇ ਸੰਚਾਰ ਕਰਦੇ ਹਨ।
ਗੁਰੂ ਨਾਨਕ ਦੇਵ ਜੀ ਰੀਤਾਂ ਰਸਮਾਂ ਨੂੰ ਤੋੜਦੇ ਨਹੀਂ
ਉਨ੍ਹਾਂ ਨੂੰ ਨਵੇਂ ਅਰਥ ਦੇ ਕੇ ਉਨ੍ਹਾਂ ਦਾ ਕਾਇਆ ਕਲਪ ਕਰਦੇ ਹਨ
ਉਨ੍ਹਾਂ ਨੂੰ ਸਥਾਨਕਤਾ ਵੀ ਓਨੀ ਹੀ ਪਿਆਰੀ ਹੈ
ਜਿੰਨੀ ਸਰਬਵਿਆਪਕਤਾ।
ਉਹ ਸਥਾਨਕਤਾ ਦੀ ਅਪਣੱਤ ਤੇ ਸ਼ਨਾਖ਼ਤ ਗੁਆਏ ਬਿਨਾਂ
ਉਸ ਨੂੰ ਸਰਬਵਿਆਪਕਤਾ ਵਿਚ ਬਦਲਣ ਦੀ ਕਰਾਮਾਤ ਕਰਦੇ ਹਨ।

ਕਿਉਂਕਿ ਉਹ ਤੋੜਨਹਾਰ ਨਹੀਂ,
ਜੋੜਨਹਾਰ ਹਨ।



ਗੁਰੂ ਨਾਨਕ ਬਾਣੀ ਵਿਚ ਮਿੱਥਾਂ ਤੇ ਰੀਤਾਂ ਦਾ ਰੂਪਾਂਤਰਣ
ਇਸ ਤਰ੍ਹਾਂ ਕੀਤਾ ਗਿਆ ਹੈ
ਕਿ ਸੁੰਨੇਪਨ ਜਾਂ ਸਦਮੇ ਦੀ ਥਾਂ
ਮਾਨਵ ਨੂੰ ਇਕ ਵਡੇਰਾ ਭਾਵੁਕ ਤੇ ਸੱਚ-ਮੂਲਕ ਸਹਾਰਾ ਮਿਲਦਾ ਹੈ
ਰਾਗ ਧਨਾਸਰੀ ਵਿਚ ਰਚੀ ਆਰਤੀ ਜੋ ਕਿ
ਨਾਨਕ ਜੀ ਦਾ ਬ੍ਰਹਿਮੰਡੀ ਗਾਨ ਹੈ
ਸਿਰਜਣਾਤਮਕ ਵਿਸਮਾਦੀ ਕਾਇਆ ਕਲਪ ਦੀ ਇਕ ਅਦਭੁਤ ਮਿਸਾਲ ਹੈ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥

# The Local and the Universal


In Guru Nanak Dev Ji's discourse
we find an amazing melding
of local specificity with universalism.
For all of humanity
he creates and propagates common moral values.
Guru Nanak Dev Ji doesn't abrogate rituals and traditions
instead he transforms them by giving them new meaning
For him localism is as important as universalism.
Without losing the intimacy and identity of the local
he manages the miracle of changing it into the universal.

Because he is not a destroyer
but a unifier.

In Guru Nanak's discourse
the transformation of beliefs and rituals
is done in such a way
that instead of emptiness and trauma
people find a better emotional and fundamentally true support
The arti, composed in Raga Dhanasri, which is the song of the cosmos
is a marvellous example of creative awe-evoking transformation.

Upon that cosmic plate of the sky, the sun and the moon are the lamps.
The stars and their orbs are the studded pearls.
The fragrance of sandalwood in the air is the temple incense, and the wind is the fan.
All the plants of the world are the altar flowers in offering to You, O Luminous Lord.
What a beautiful Aartee, lamp-lit worship service this is!
O Destroyer of Fear, this is Your Ceremony of Light.
The Unstruck Sound-current of the Shabad is the vibration of the temple drums.
You have thousands of eyes, and yet You have no eyes. You have thousands of forms,
and yet You do not have even one.
You have thousands of Lotus Feet, and yet You do not have even one foot.
You have no nose, but you have thousands of noses. This Play of Yours entrances me.
Amongst all is the Light-You are that Light.
By this Illumination, that Light is radiant within all.
Through the Guru's Teachings, the Light shines forth.
That which is pleasing to Him is the lamp-lit worship service.
My mind is enticed by the honey-sweet Lotus Feet of the Lord.
Day and night, I thirst for them.
Bestow the Water of Your Mercy upon Nanak, the thirsty song-bird,
so that he may come to dwell in Your Name..




੧੩



## ਪਰਲ ਐੱਸ ਬੱਕ

(ਜੂਨ 26, 1892 - ਮਾਰਚ 6, 1973)

ਕਮਾਲ ਜਾਂ ਸ੍ਰੇਸ਼ਟਤਾ ਉਹ ਸ਼ਬਦ ਹੈ ਜਿਸ ਵਿਚ ਕੰਮ ਦੇ ਆਨੰਦ ਦਾ ਰਾਜ਼ ਸਮੋਇਆ ਹੋਇਆ ਹੈ”

ਪਰਲ ਐੱਸ ਬੱਕ ਦਾ ਇਹ ਇਕ ਮਸ਼ਹੂਰ ਕਥਨ ਉਸ ਦੀ ਸ਼ਖ਼ਸੀਅਤ ਨੂੰ ਪਰਿਭਾਸ਼ਿਤ ਕਰਨ ਲਈ ਕਾਫ਼ੀ ਹੈ। ਪਰਲ ਐੱਸ ਬੱਕ ਨੋਬੈੱਲ ਇਨਾਮ ਪ੍ਰਾਪਤ ਕਰਨ ਵਾਲੀ ਪਹਿਲੀ ਅਮਰੀਕਨ ਨਾਰੀ ਸਾਹਿਤਕਾਰ ਹੈ। ਚੰਗੀ ਧਰਤੀ (The Good Earth) ਦਾ ਸ਼ੁਮਾਰ ਸਭ ਤੋਂ ਵੱਧ ਵਿਕਣ ਵਾਲੀ ਅਮਰੀਕਨ ਗਲਪ ਵਿਚ ਹੁੰਦਾ ਹੈ। 1931-32 ਵਿਚ ਉਸ ਨੂੰ ਇਸ ਕਿਤਾਬ ਤੇ ਪੁਲਿਚਰ ਪੁਰਸਕਾਰ ਮਿਲਿਆ। ਚੀਨ ਦੇ ਕਿਸਾਨੀ ਜੀਵਨ ਦੇ ਭਰਪੂਰ ਤੇ ਸਹੀ ਅਰਥਾਂ ਵਿਚ ਮਹਾਕਾਵਿਕ ਚਿਤਰਣ ਲਈ 1938 ਵਿਚ ਉਸ ਨੂੰ ਨੋਬਲ ਇਨਾਮ ਪ੍ਰਾਪਤ ਹੋਇਆ। ਉਸ ਨੇ ਜੀਵਨ ਭਰ ਔਰਤਾਂ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਵਕਾਲਤ ਕੀਤੀ। ਉਸ ਦੀ ਜ਼ਿੰਦਗੀ ਪਤਨੀ, ਮਾਂ, ਸਾਹਿਤਕਾਰ, ਸੰਪਾਦਕ ਅਤੇ ਸਰਗਰਮ ਰਾਜਸੀ ਕਾਰਕ ਕਰਤਾ ਦਾ ਅਨੂਠਾ ਜਿਹਾ ਸੁਮੇਲ ਸੀ।

## Pearl S Buck

(June 26, 1892 - march 6, 1973)

“The secret of joy in work is contained in one word called Excellence” a famous quote of hers is enough to define her personality. Pearl S Buck was the first American woman to win the Nobel Prize for literature. The Good Earth was her bestselling fiction of America in 1931-1932 and she won the Pulitzer Prize in 1932. In 1938 she was awarded Nobel Prize for her rich and truly epic descriptions of Peasant life in China. She advocated the rights of women and minority groups throughout her life. Throughout her life she enjoyed the unique combination of being a wife, mother, author, editor and political activist.

ਸ਼੍ਰੀ ਗੁਰੂ ਗ੍ਰੰਥ ਸਾਹਿਬ ਇਕ ਸ੍ਰੋਤ ਗ੍ਰੰਥ ਹੈ,
ਮਾਨਵ ਦੇ ਬਿਰਹੇ ਦਾ, ਇਕੱਲਤਾ ਦਾ, ਉਹਦੀਆਂ ਤਾਂਘਾਂ ਦਾ ,
ਉਸ ਦੀ ਲੋਚਾ ਦਾ, ਰੱਬ ਲਈ ਉਸਦੀ ਪੁਕਾਰ ਦਾ,
ਰੱਬ ਨਾਲ ਗੱਲਾਂ ਕਰਨ ਦੀ ਉਸਦੀ ਤੜਪ ਦਾ ਪ੍ਰਗਟਾਉ ਹੈ।

ਮੈਂ ਹੋਰ ਵੀ ਬਹੁਤ ਧਰਮਾਂ ਦੇ ਗ੍ਰੰਥ ਪੜ੍ਹੇ।
ਹੋਰ ਕਿਤੇ ਹਿਰਦੇ ਅਤੇ ਮਨ ਨੂੰ
ਇਸਤਰਾਂ ਟੁੰਬਣ ਵਾਲੀ ਸ਼ਕਤੀ ਨਹੀਂ ਮਹਿਸੂਸ ਕੀਤੀ।

ਆਪਣੀ ਵਿਸ਼ਾਲਤਾ ਦੇ ਬਾਵਜੂਦ
ਇਹ ਬਾਣੀ ਬਹੁਤ ਸੰਗਠਿਤ ਹੈ।

ਇਸ ਵਿਚ ਬੰਦੇ ਦੇ ਮਨ ਦੀ
ਵਿਸ਼ਾਲ ਪਹੁੰਚ ਦਾ ਅਗੰਮੀ ਗਿਆਨ ਹੈ
ਜਿਹੜੇ ਮਨ ਵਿਚ ਰੱਬ ਦੇ ਅਜ਼ੀਮਤਰੀਨ ਖ਼ਿਆਲ ਤੋਂ ਲੈ ਕੇ
ਬੰਦੇ ਦੇ ਜੀਅ ਜਾਮੇ ਦੀਆਂ
ਵਿਵਹਾਰਕ ਲੋੜਾਂ ਦੀ ਮਾਨਤਾ,
ਬਲਕਿ ਇਸਰਾਰ, ਤੱਕ ਦੀ ਵੰਨਸੁਵੰਨਤਾ ਹੈ

ਇਸ ਗ੍ਰੰਥ ਦੀ ਸ਼ਕਤੀ ਇਸ ਦੀ ਸਾਂਝੀਵਾਲਤਾ ਵਿਚ ਹੈ।
ਇਸ ਦੇ ਸ਼ਬਦ ਸਾਰੇ ਮਜ਼ਹਬਾਂ ਦੇ ਲੋਕਾਂ ਨਾਲ ਗੱਲਾਂ ਕਰਦੇ ਹਨ,
ਉਨ੍ਹਾਂ ਨਾਲ ਵੀ ਜਿਨ੍ਹਾਂ ਦਾ ਕੋਈ ਮਜ਼ਹਬ ਨਹੀਂ ।
ਇਹ ਬੰਦੇ ਦੇ ਦਿਲ ਨਾਲ ਤੇ ਉਸ ਦੇ
ਜਗਿਆਸੂ ਮਨ ਨਾਲ ਗੱਲਾਂ ਕਰਦੇ ਹਨ।

1962 ਵਿਚ ਮੈਂ ਭਾਰਤ ਗਈ
ਤਾਂ ਮੇਰੇ ਲਈ ਜੋ ਗੱਲਾਂ ਸਭ ਤੋਂ ਅਹਿਮ ਸਨ,
ਉਨ੍ਹਾਂ ਵਿਚੋਂ ਇਕ ਇਹ ਸੀ
ਕਿ ਮੈਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਪ੍ਰਾਪਤ ਹੋਇਆ
ਜੋ ਕਿ ਡਾ ਗੋਪਾਲ ਸਿੰਘ ਹੋਰਾਂ ਦਾ ਕੀਤਾ ਹੋਇਆ ਸੀ।
ਮੈਂ ਇਸ ਰਚਨਾ ਨੂੰ ਪ੍ਰਾਪਤ ਕਰ ਕੇ
ਆਪਣੇ ਆਪ ਨੂੰ ਬਹੁਤ ਸ਼ੁਕਰਾਨੇ ਭਰੀ ਮਹਿਸੂਸ ਕੀਤਾ।
ਕਿਉਂ ਕਿ ਮੂਲ ਰੂਪ ਵਿਚ ਇਹ ਮੇਰੇ ਲਈ ਅਪਹੁੰਚ ਸੀ।

Shri Guru Granth sahib is a source book
an expression of man's loneliness,
his aspirations, his longings, his cry to God
and his hunger for his communication with the Being.


I have studied the scriptures of the great religions,
but I do not find elsewhere the same power
of appeal to the heart and mind
as I find here in these volumes.

They are compact in spite of their length,
and are a revelation

Of the vast reach of the human heart,
varying from the noblest concept of God
to the recognition and indeed the insistence
upon the practical needs of the human body.

Perhaps the sense of unity is the source of power
I find in these volumes.
These hymns speak to persons of any religion or of none.
They speak for the human heart and the searching mind.

When I was in India in 1962,
one of the notable events of my visit
was the presentation to me of the English version of
Shri Guru Granth Sahib
translated and annotated by Dr Gopal Singh.
I was deeply grateful to receive this great work
for in the original it was inaccessible to me.



## ਆਰਨੋਲਡ ਟੌਇਨਬੀ

(ਅਪਰੈਲ 14, 1889 - ਅਕਤੂਬਰ 22, 1975)

ਟੌਇਨਬੀ ਅਨੁਸਾਰ ਇਤਿਹਾਸ ਰੱਬ ਦੀ ਗਤੀਸ਼ੀਲ ਰਚਨਾ ਦਾ ਮਹਾਦ੍ਰਿਸ਼ ਹੈ।

ਬਰਤਾਨਵੀ ਇਤਿਹਾਸਕਾਰ ਟੌਇਨਬੀ ਇਤਿਹਾਸ ਦਾ ਫ਼ਿਲਾਸਫ਼ਰ ਹੈ, ਬਹੁਤ ਸਾਰੀਆਂ ਪੁਸਤਕਾਂ ਦਾ ਲੇਖਕ ਹੈ ਤੇ ਉਹ ਲੰਡਨ ਸਕੂਲ ਆਫ਼ ਇਕਨੌਮਿਕਸ ਵਿਚ ਤੇ ਯੂਨੀਵਰਸਿਟੀ ਆਫ਼ ਲੰਡਨ ਦੇ ਕਿੰਗਜ਼ ਕਾਲਜ ਵਿਚ ਇਤਿਹਾਸ ਦਾ ਪ੍ਰੋਫੈਸਰ ਵੀ ਰਿਹਾ। 1918 ਤੋਂ 1950 ਦੌਰਾਨ ਉਹ ਅੰਤਰਰਾਸ਼ਟਰੀ ਮਾਮਲਿਆਂ ਦਾ ਪ੍ਰਮੁਖ ਮਾਹਿਰ ਰਿਹਾ। ਪਹਿਲੇ ਵਿਸ਼ਵ ਯੁੱਧ ਦੌਰਾਨ ਉਸ ਨੇ ਬ੍ਰਿਟਿਸ਼ ਫ਼ੌਰਨ ਆਫ਼ਿਸ ਵਿਚ ਡੀਪਾਰਟਮੈਂਟ ਆਫ਼ ਪੋਲੀਟੀਕਲ ਇੰਟੈਲੀਜੈਂਸ ਲਈ ਕੰਮ ਕੀਤਾ।

ਉਸ ਦੀ ਸਭ ਤੋਂ ਵੱਧ ਮਸ਼ਹੂਰੀ 12 ਜਿਲਦਾਂ ਵਿਚ ਲਿਖੇ ਇਤਿਹਾਸ ਦੇ ਅਧਿਅਨ (A Study of History (1934 -1961) ਸਦਕਾ ਹੋਈ। ਉਸ ਨੇ ਮਾਨਵੀ ਇਤਿਹਾਸ ਦੀਆਂ 26 ਸੱਭਿਅਤਾਵਾਂ ਦੇ ਉਸਰਨ ਤੇ ਢਹਿਣ ਦਾ ਅਧਿਅਨ ਕੀਤਾ।

## Arnold J. Toynbee

(14 April, 1889 – 22 October, 1975)

Toynbee proclaimed, "History is a vision of God's creation on the move".

He was a British historian, philosopher of history, an author of numerous books and professor at the London School of Economics and King's College in the University of London. Toynbee was a leading specialist on international affairs from 1918-1950. He worked for the Political Intelligence Department of the British Foreign office during WWI.

He is best known for his 12-volume A Study of History (1934-1961). He had examined the rise and fall of 26 civilizations in the course of human history.

ਮਾਨਵਤਾ ਦਾ ਧਾਰਮਿਕ ਇਤਿਹਾਸ ਅਸਪਸ਼ਟ ਹੋ ਸਕਦਾ ਹੈ।
ਫਿਰ ਵੀ ਇਕ ਗੱਲ ਦੇਖੀ ਜਾ ਸਕਦੀ ਹੈ
ਕਿ ਦੁਨੀਆ ਦੇ ਸਾਰੇ ਹਿੱਸਿਆਂ ਵਿਚ
ਤੇ ਮਾਨਵ ਜਾਤੀ ਦੀਆਂ ਸਾਰੀਆਂ ਸ਼ਾਖ਼ਾਂ ਵਿਚ ਵਧ ਰਹੇ ਸੰਚਾਰ ਸਾਧਨਾਂ ਸਦਕਾ
ਸਾਰੇ ਜੀਵਿਤ ਵੱਡੇ ਧਰਮ
ਇਕ ਦੂਜੇ ਨੂੰ ਪਹਿਲਾਂ ਨਾਲੋਂ ਵਧੇਰੇ ਪ੍ਰਭਾਵਿਤ ਕਰਨਗੇ

ਭਵਿੱਖ ਦੇ ਧਾਰਮਿਕ ਸੰਵਾਦ ਵਿਚ
ਸਿੱਖ ਮੱਤ ਤੇ ਇਸ ਦੀ ਪਾਵਨ ਇਬਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ
ਸਾਰੇ ਜਹਾਨ ਨੂੰ ਦੇਣ ਲਈ ਵਿਸ਼ੇਸ਼ ਮਹੱਤਵ ਵਾਲਾ ਸੰਦੇਸ਼ ਹੋਵੇਗਾ।

ਇਹ ਧਰਮ ਆਪਣੇ ਵਿਚ
ਦੋ ਪਰੰਪਰਿਕ ਧਰਮਾਂ ਦਰਮਿਆਨ
ਸਿਰਜਣਾਤਮਕ ਰੂਹਾਨੀ ਸੰਵਾਦ ਦਾ ਸਮਾਰਕ ਹੈ,
ਜਿਨ੍ਹਾਂ ਧਰਮਾਂ ਦਾ ਆਪਸੀ ਰਿਸ਼ਤਾ ਖੁਸ਼ਗਵਾਰ ਨਹੀਂ ਰਿਹਾ।

ਇਸ ਦੀ ਹੋਂਦ ਇਕ ਸ਼ੁਭ ਸ਼ਗਨ ਹੈ।




Mankind's religious future can be obscure;
yet one thing can be foreseen.
The living higher religions
are going to influence each other more than ever
in the days of increasing communications
between all parts of the world
and all branches of the human race.

In this coming religious debate,
the Sikh religion, and its scriptures, the Adi Granth,
will have something of special value to say
to the rest of the world.

This religion is itself a monument
of creative spiritual intercourse
between two traditional religions
whose relations have otherwise not been happy.

This is a good augury.



## ਰਾਬਿੰਦਰ ਨਾਥ ਟੈਗੋਰ

(ਮਈ 7, 1891 - ਅਗਸਤ 7, 1941)

ਕਵੀ, ਸੰਗੀਤਕਾਰ, ਗਲਪਕਾਰ, ਨਾਟਕਕਾਰ, ਵਾਰਤਕਾਰ ਤੇ ਚਿੱਤਰਕਾਰ ਰਾਬਿੰਦਰ ਨਾਥ ਟੈਗੋਰ ਨੇ ਬੰਗਾਲੀ ਸੰਗੀਤ ਤੇ ਕਵਿਤਾ ਨੂੰ ਨਵਾਂ ਰੂਪ ਦਿੱਤਾ ਤੇ ਭਾਰਤੀ ਚਿੱਤਰਕਾਰੀ ਨੂੰ ਪ੍ਰਸੰਗਮਈ ਆਧੁਨਿਕਤਾ ਪ੍ਰਦਾਨ ਕੀਤੀ। 1913 ਵਿਚ ਉਨ੍ਹਾਂ ਨੂੰ ਗੀਤਾਂਜਲੀ ਤੇ ਨੋਬਲ ਇਨਾਮ ਮਿਲਿਆ। ਰਾਬਿੰਦਰ ਨਾਥ ਟੈਗੋਰ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲਾ ਪਹਿਲਾ ਗੈਰ-ਯੂਰਪੀ ਸਾਹਿਤਕਾਰ ਸੀ। ਉਹ ਭਾਰਤ ਦੇ ਰਾਸ਼ਟਰੀ ਗਾਨ ਦੇ ਸਿਰਜਕ ਸਨ। ਬੰਗਲਾ ਦੇਸ਼ ਦਾ ਰਾਸ਼ਟਰੀ ਗਾਨ ਵੀ ਉਨ੍ਹਾਂ ਦੇ ਇਕ ਗੀਤ ਨੂੰ ਬਣਾਇਆ ਗਿਆ। ਸ਼੍ਰੀ ਲੰਕਾ ਦਾ ਰਾਸ਼ਟਰੀ ਗਾਨ ਵੀ ਉਨ੍ਹਾਂ ਦੀ ਰਚਨਾ ਤੋਂ ਪ੍ਰੇਰਿਤ ਹੈ। ਉਨ੍ਹਾਂ ਦੇ ਗੀਤ ਅਧਿਆਤਮਕ ਰੰਗ ਵਿਚ ਰੰਗੇ ਹੋਏ ਹਨ। ਉਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਬਰਤਾਨਵੀ ਅੱਤਿਆਚਾਰ ਦੇ ਵਿਰੋਧ ਵਜੋਂ ਸਰ ਦਾ ਖ਼ਿਤਾਬ ਬਰਤਾਨਵੀ ਸਰਕਾਰ ਨੂੰ ਵਾਪਿਸ ਮੋੜ ਦਿੱਤਾ।

## Rabindranath Tagore

(7 May 1861- 7 August 1941)

He was a poet, musician, fiction writer, playwright, prose writer and painter. He reshaped Bengali music, poetry and Indian art.

He was the first non-European Poet to win the Nobel Prize in 1913 for his work Geetanjali. He composed *Jan Gana Mana* national anthem for India and *Amar Sonar Bangla* for west Bangladesh, Sri Lankan national anthem is also inspired by his work. His songs were full of spiritual hues. Reacting to British tyranny in Jalianwala he returned the title of Sir to the British Raj.

ਰਾਬਿੰਦਰ ਨਾਥ ਟੈਗੋਰ ਆਪਣੀਆਂ ਯਾਦਾਂ ਵਿਚ ਲਿਖਦੇ ਹਨ:

ਮੈਨੂੰ ਅੰਮ੍ਰਿਤਸਰ ਦਾ ਗੁਰਦਵਾਰਾ ਸੁਪਨੇ ਵਾਂਗ ਯਾਦ ਹੈ।
ਮੇਰੇ ਕਈ ਸਵੇਰੇ ਸਰੋਵਰ ਵਿਚ ਉਸਰੇ ਉਸ ਸਿੱਖ ਮੰਦਰ ਵਿਚ ਗੁਜ਼ਰੇ।
ਓਥੇ ਲਗਾਤਾਰ ਭਜਨ ਹੁੰਦਾ ਰਹਿੰਦਾ ਸੀ।
ਸਿੱਖ ਸ਼ਰਧਾਲੂਆਂ ਵਿਚਕਾਰ ਬੈਠੇ ਮੇਰੇ ਪਿਤਾ ਜੀ
ਉਨ੍ਹਾਂ ਨਾਲ ਗਾਇਨ ਵਿਚ ਸ਼ਾਮਿਲ ਹੋ ਜਾਂਦੇ।
ਸਿੱਖ ਖਿੜੇ ਮੱਥੇ ਉਨ੍ਹਾਂ ਦਾ ਸੁਆਗਤ ਕਰਦੇ।

ਪੰਜਾਬ ਵਿਚ ਇਹ ਦੰਦ-ਕਥਨ ਪ੍ਰਚਲਿਤ ਹੈ
ਕਿ ਇਕ ਵਾਰ ਟੈਗੋਰ ਨੂੰ ਕਿਸੇ ਨੇ ਕਿਹਾ
ਕਿ ਤਿੰਨ ਦੇਸ਼ਾਂ ਦੇ ਰਾਸ਼ਟਰੀ ਗੀਤਾਂ ਵਿਚ ਤੁਹਾਡੀ ਸਿਰਜਣਾ ਸ਼ਾਮਿਲ ਹੈ।
ਹੁਣ ਤੁਸੀਂ ਅੰਤਰਰਾਸ਼ਟਰੀ ਗਾਨ ਜਾਂ ਵਿਸ਼ਵਗਾਨ ਲਿਖੋ।
ਤਾਂ ਕਹਿੰਦੇ ਨੇ ਕਵੀ ਟੈਗੋਰ ਨੇ ਉੱਤਰ ਦਿੱਤਾ:
ਉਹ ਤਾਂ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ।
ਉਸ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ।
ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ... ਲਿਖ ਕੇ।
ਇਸ ਦੇ ਇਕ ਪ੍ਰਥਮ ਹਿੱਸੇ ਦਾ ਅਨੁਵਾਦ ਮਹਾਕਵੀ ਟੈਗੋਰ ਨੇ ਬੰਗਲਾ ਵਿਚ ਕੀਤਾ:

আরতি

গুণের থালে রবি ছুঁড়ে দীপিকা জুলে

তারিক মুন্ডল চমকে মতি রে

ধূপ মৌলনীলের পূবণে চৌরা কৌর

শুক্ল বনোৱাই ফুলন্ত জাতি রে

কায়মনে আরতি হয়ে ভুবখন্ডনা যুব আরতি

যৌনহদ সুব্দ বাজানতো ভেরি

Rabindranath Tagore writes in his memoirs:
I remember the Gurudwara of Amritsar as if it were a dream.
I spent many mornings in that sikh temple built in the pool.
Hymns are constantly being sung there.
Sitting amongst the Sikh devotees,
my father would join them in their recital.
The Sikhs would greet him with welcoming countenances.
In Punjab, a popular tale goes
that once someone said to Tagore:
Your composition is included in the National Anthems of three nations,
now you should write an international or global anthem.
They say that the poet Tagore replied:
That has already been written.
It was composed by Guru Nanak Dev Ji,
when he wrote
"The sky is the salver, the sun and the moon are the lamps".
Poet Laureate Tagore translated
the initial part of this hymn into Bengali.

The sky is the salver, the sun and the moon are the lamps;
The spheres of stars are studded in it as jewels;
The *Chandan*-scented winds from the Malai mountains wave
And scatter across the fragrance of myriads of flowers.
(Thus) is Thy Worship performed,
O Thou, the Destroyer of fear.



## ਮੁਲਕ ਰਾਜ ਆਨੰਦ

(1905 - 2004)

28 ਸਤੰਬਰ, 1905 ਨੂੰ ਪੇਸ਼ਾਵਰ ਵਿਚ ਜਨਮੇ ਮੁਲਕ ਰਾਜ ਆਨੰਦ ਨੇ 1924 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਤੋ਼ ਆਨਰਜ਼ ਨਾਲ ਬੀ ਏ ਕੀਤੀ। 1929 ਵਿਚ ਕੈਂਬ੍ਰਿਜ ਯੂਨੀਵਰਸਿਟੀ ਤੋਂ ਫ਼ਿਲਾਸਫ਼ੀ ਵਿਚ ਪੀ ਐੱਚ ਡੀ ਕੀਤੀ। ਉਨ੍ਹਾਂ ਦਾ ਸ਼ੁਮਾਰ ਇੰਡੋ ਐਂਗਲੀਅਨ ਗਲਪ ਦੇ ਮੋਢੀਆਂ ਵਿਚ ਹੁੰਦਾ ਹੈ ਜਿਨ੍ਹਾਂ ਦੇ ਨਾਵਲਾਂ ਅਤੇ ਕਹਾਣੀਆਂ ਨੇ ਆਧੁਨਿਕ ਭਾਰਤੀ ਅੰਗਰੇਜ਼ੀ ਸਾਹਿਤ ਵਿਚ ਕਲਾਸਕੀ ਰਚਨਾਵਾਂ ਦਾ ਰੁਤਬਾ ਹਾਸਿਲ ਕੀਤਾ। ਉਹ ਦਮਿਤ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਗਹਿਰੀ ਝਾਤ ਲਈ ਸਲਾਹੇ ਜਾਂਦੇ ਹਨ। ਅਨਟੱਚੇਬਲ, ਕੁਲੀ, ਦਾ ਵਿਲੇਜ ਅਤੇ ਦ ਪ੍ਰਾਈਵੇਟ ਲਾਈਫ਼ ਆਫ਼ ਐਨ ਇੰਡੀਅਨ ਪ੍ਰਿੰਸ ਉਨ੍ਹਾਂ ਦੀਆਂ ਪ੍ਰਸਿੱਧ ਕਿਰਤਾਂ ਹਨ। ਉਨ੍ਹਾਂ ਨੇ ਸਾਹਿਤ ਅਕਾਦਮੀ ਪੁਰਸਕਾਰ, ਅੰਤਰਰਾਸ਼ਟਰੀ ਅਮਨ ਪੁਰਸਕਾਰ ਅਤੇ ਪਦਮ ਭੂਸ਼ਨ ਪ੍ਰਾਪਤ ਕੀਤੇ

## Mulk Raj Anand

(1905 - 2004)

Born in Peshawar on 28 Sept 1905.

Graduated with honours from Khalsa college, Amritsar in 1924.

Attained Ph D in Philosophy from Cambridge University in 1929.

He is one of the pioneers of Indo-Anglian fiction who is admired for his novels and short stories, which have acquired the status of classics of modern Indian English literature. They are noted for their perceptive insight into the lives of the oppressed. His famous works are *Untouchable, Coolie*, *The Village* and *The Private Life of an Indian Prince*. He was a recipient of *Sahitya Akademi Award*, International Peace Prize and *Padma Bhushan.*

ਗੁਰੂ ਨਾਨਕ ਦੇਵ ਜੀ ਦਾ ਕਰਾਮਾਤਾਂ ਵਿਚ ਯਕੀਨ ਨਹੀਂ ਸੀ
ਪਰ ਪੁਰਾਤਨ ਪੰਥੀ ਰੀਤਾਂ ਦੇ ਅੰਧੇ ਯੁਗ ਵਿਚ
ਸਮਾਜਕ ਤੇ ਮਾਨਸਿਕ ਕੁਰੀਤਾਂ ਤੇ ਹੱਸ ਸਕਣਾ ਕਰਾਮਾਤ ਹੀ ਤਾਂ ਹੈ

ਤਾਨਾਸ਼ਾਹੀ ਦੇ ਦੌਰ ਵਿਚ
ਬਾਬਰ ਦੀ ਕਰੂਰਤਾ ਦਾ ਬਿਆਨ ਕਰਨ ਦਾ ਹੌਸਲਾ ਕਰਾਮਾਤ ਹੀ ਤਾਂ ਹੈ।

ਇਕ ਦੂਜੇ ਦੀ ਰੱਤ ਦੇ ਪਿਆਸੇ ਦੋ ਧਰਮਾਂ ਦੇ ਪੈਰੋਕਾਰਾਂ ਦੇ ਦਰਮਿਆਨ ਇਹ ਕਹਿਣਾ ਕਿ ਨਾ ਮੈਂ ਹਿੰਦੂ ਹਾਂ ਨਾ ਮੁਸਲਮਾਨ, ਮੈਂ ਤਾਂ ਰੱਬ ਦਾ ਬੰਦਾ ਹਾਂ, ਕਰਾਮਾਤ ਹੀ ਤਾਂ ਹੈ।
ਜਨੇਊ ਪਹਿਨਾਉਣ ਆਏ ਪੰਡਿਤ ਨੂੰ ਕਹਿਣਾ ਮੈਂ ਜਿਸਮਾਨੀ ਨਹੀਂ, ਰੂਹਾਨੀ ਜੰਞੂ ਪਹਿਨਣਾ ਹੈ ਜਿਹੜਾ ਦਇਆ ਦੀ ਕਪਾਹ ਤੋਂ ਬਣਦਾ ਹੈ, ਕਰਾਮਾਤ ਹੀ ਤਾਂ ਹੈ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥

ਕਹਿ ਕੇ ਨਮਾਜ਼ੀਆਂ ਨੂੰ ਮਜ਼ਹਬ ਦੀ ਅੰਤਰ ਆਤਮਾ ਦੀ ਸੋਝੀ ਦੇਣੀ
ਕਰਾਮਾਤ ਹੀ ਤਾਂ ਹੈ।

ਗੁਰੂ ਨਾਨਕ ਦੇਵ ਜੀ ਵਾਸਤੇ ਤੱਥਾਂ ਦਾ ਸੰਸਾਰ
ਅਤੇ ਕਦਰਾਂ ਕੀਮਤਾਂ ਦਾ ਸੰਸਾਰ ਜੁਦਾ ਜੁਦਾ ਨਹੀਂ ਸਨ।

ਉਨ੍ਹਾਂ ਦੀ ਬਾਣੀ ਬਾਰਹਮਾਹ ਬੰਦੇ ਦੇ ਮਨ ਅਤੇ ਕੁਦਰਤ ਦੇ ਮੁਕੰਮਲ ਸੰਜੋਗ ਦਾ ਉਪਰਾਲਾ ਹੈ
ਇਹ ਸੰਜੋਗ ਵੀ ਉਨ੍ਹਾਂ ਦੀ ਕਰਾਮਾਤ ਹੀ ਹੈ।

Guru Nanak did not believe in miracles.

But that a person, in the dark age of orthodoxy
could laugh at the social and mental bad habits seems a miracle to us.
That, in an age of one-man rule, he should have the courage to tell the Emperor Babur that he is a cruel man, is another miracle.

That, in a time of vast sword-brandishing, between the followers of two main religions, a person should assert, I am neither Hindu nor a Musalman, but a man is the supreme miracle.
He asked the Brahmins to produce a spiritual thread which is made of the cotton of mercy, the thread of contentment, the knot of restraint and twisted with truth.

This is again a miracle.

One day he was asked by some Muslims to come and pray with them in a mosque He answered in a hymn in which he indicted ritual at the cost of inwardness:

Make kindness thy mosque
Sincerity thy prayer carpet

What is just and lawful thy Koran
Modesty thy circumcision
Civility thy fasting
So shall thou be a Musalman.

This is a miracle.

The world of facts and the values were intimately connected in the life of Guru Nanak.

In the *Bara Maha* there is an attempt at complete alliance with nature.

This is a miracle.



## ਮੁਹੰਮਦ ਇਕਬਾਲ

(ਨਵੰਬਰ 9, 1877 - ਅਪਰੈਲ 21, 1938)

ਉਨ੍ਹਾਂ ਨੂੰ ਸ਼ਾਇਰ ਏ ਮਸ਼ਰਿਕ ਜਾਂ ਪੂਰਬ ਦਾ ਕਵੀ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਉਨ੍ਹਾਂ ਦਾ ਸ਼ੁਮਾਰ ਆਧੁਨਿਕ ਸਮੇਂ ਦੇ ਸਰਬੋਤਮ ਉਰਦੂ ਸ਼ਾਇਰਾਂ ਤੇ ਇਸਲਾਮੀ ਚਿੰਤਕਾਂ ਵਿਚ ਹੁੰਦਾ ਹੈ। ਉਰਦੂ ਤੋਂ ਇਲਾਵਾ ਉਨ੍ਹਾਂ ਨੇ ਫ਼ਾਰਸੀ ਵਿਚ ਵੀ ਲਿਖਿਆ। ਉਨ੍ਹਾਂ ਦੀ ਸ਼ਾਇਰੀ ਦਾ ਓਜ, ਤਾਲ, ਵਹਿਣ, ਸ਼ਬਦ-ਜੜਤ, ਸ਼ਿੱਦਤ ਅਦੁੱਤੀ ਹੈ। ਉਨ੍ਹਾਂ ਦੀ ਸ਼ਾਇਰੀ ਦਾ ਮੰਤਰ-ਮੁਗਧ ਕਰਨ ਸੁਭਾਸ਼ਨੀ ਗੁਣ ਵੀ ਕਮਾਲ ਹੈ। ਭਾਂਵੇ ਇਕਬਾਲ ਨੂੰ ਪਾਕਿਸਤਾਨ ਦਾ ਰੂਹਾਨੀ ਪਿਤਾਮਾ ਵੀ ਕਿਹਾ ਜਾਂਦਾ ਹੈ ਪਰ ਇਕਬਾਲ ਦਾ ਲਿਖਿਆ ਤਰਾਨਾ ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ ਅਜੇ ਵੀ ਦਿਲਾਂ ਵਿਚ ਭਾਰਤ-ਪ੍ਰੇਮ ਦੀਆਂ ਤਾਰਾਂ ਛੇੜਦਾ ਹੈ।

## Mohammad Iqbal

(9 November 1877-21 April 1938)

He has the honour of being called the Poet of East.

He is one of the best poets and Muslim philosophical thinkers of modern times. He wrote also in Persian. The grandeur, rhythm, flow, diction and intensity of his poetry is unmatched. His mesmerizing rhetoric style is also very effective. Although he is called the Spiritual father of Pakistan, his poem: *Sare Jahan Se Accha Hindostan Hamara* still plays on the strings of love for India.

ਨਾਨਕ

ਕੌਮ ਨੇ ਪੈਗ਼ਾਮੇ-ਗੌਤਮ ਕੀ ਜ਼ਰਾ ਪਰਵਾਹ ਨ ਕੀ
ਕਦਰ ਪਹਚਾਨੀ ਨ ਅਪਨੇ ਗੌਹਰੇ-ਯਕ-ਦਾਨਾ ਕੀ

ਆਹ! ਬਦਕਿਸਮਤ ਰਹੇ ਆਵਾਜ਼ੇ-ਹਕ ਸੇ ਬੇਖ਼ਬਰ
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ

ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫ਼ੇ ਪਰ ਨਾਜ਼ ਥਾ

ਸ਼ਮ: ਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਫ਼ਿਲ ਨ ਥੀ
ਬਾਰਿਸ਼ੇ-ਰਹਮਤ ਹੁਈ ਲੇਕਿਨ ਜ਼ਮੀਂ ਕਾਬਿਲ ਨ ਥੀ

ਆਹ! ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮਖ਼ਾਨਾ ਹੈ
ਦਰਦੇ-ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ

ਬ੍ਰਹਮਨ ਸਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ
ਸ਼ਮ-ਏ-ਗੌਤਮ ਜਲ ਰਹੀ ਹੈ ਮਹਫ਼ਿਲੇ-ਅਗ਼ਯਾਰ ਮੇਂ

ਬੁਤਕਦਾ ਫਿਰ ਬਾਦ ਮੁੱਦਤ ਕੇ ਮਗਰ ਰੌਸ਼ਨ ਹੁਆ
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੁਆ

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼ਾਬ ਸੇ

* ਗੌਹਰ: ਮੋਤੀ. ਸ਼ੀਰੀਨੀ: ਮਿਠਾਸ. ਸ਼ਜਰ: ਰੁੱਖ. ਆਸ਼ਕਾਰ: ਪ੍ਰਗਟ. ਮੁਨੱਵਰ: ਰੋਸ਼ਨ. ਸਰਸ਼ਾਰ: ਸੰਤੁਸ਼ਟ. ਪਿੰਦਾਰ: ਹੰਕਾਰ. ਅਗ਼ਯਾਰ: ਦੂਸਰੇ. ਤੌਹੀਦ: ਰੱਬ ਇਕ ਹੈ. ਆਜ਼ਰ: ਹਜ਼ਰਤ ਇਬਰਾਹੀਮ ਦਾ ਬਾਪ, ਜੋ ਬੁੱਤ ਬਣਾਂਦਾ ਸੀ. ਮਰਦੇ ਕਾਮਿਲ: ਪਰਮ ਸੰਪੂਰਣ ਮਨੁੱਖ

Nanak

The nation did not care at all for Gautam's message
it failed to recognize the value of its own pearl of wisdom.

Oh, their ill-luck, they failed to hear the voice of truth
Just as a tree stays unaware of the sweetness of its fruit.

The mystery of existence was what he disclosed
But India was proud of its flights of philosophic fancy.

This was not the gathering the Lamp of Truth could illumine
Though the rain of mercy fell, the earth was not fit for it.

Sadly India is a house of sorrow for the shudra
this neighbourhood knows not the pain of humanity.

The Brahmin stays intoxicated on his wine of arrogance
And Gautam's light still burns bright in the halls of strangers.

After ages, yet again, the house of idols was lit up
With the light of Ibrahim the house of Azar was lit up

The call of Oneness rose again, from Punjab
A Perfect Man came and shook awake this country from its dream.



### ਡਾ ਰਾਧਾ ਕ੍ਰਿਸ਼ਨਨ

(ਸਤੰਬਰ 5, 1888 - ਅਪਰੈਲ 17, 1975)

ਡਾ ਰਾਧਾਕ੍ਰਿਸ਼ਨਨ ਭਾਰਤੀ ਫ਼ਿਲਾਸਫ਼ਰ ਅਤੇ ਸਿਆਸਤਦਾਨ ਸਨ। 1952 ਵਿਚ ਉਹ ਭਾਰਤ ਦੇ ਪ੍ਰਥਮ ਉਪ-ਰਾਸ਼ਟਰਪਤੀ ਬਣੇ। ਆਪਣੀ ਦਸ ਸਾਲ ਦੀ ਸੇਵਾ ਤੋਂ ਬਾਅਦ 1962 ਤੋ 1967 ਤੱਕ ਰਾਸ਼ਟਰਪਤੀ ਰਹੇ। ਉਨ੍ਹਾਂ ਦਾ ਸ਼ੁਮਾਰ ਧਰਮ ਅਤੇ ਦਰਸ਼ਨ ਦੇ ਪ੍ਰਮੁਖ ਵਿਦਵਾਨਾਂ ਵਿਚ ਕੀਤਾ ਜਾਂਦਾ ਹੈ। ਉਨ੍ਹਾਂ ਦੇ ਦਰਸ਼ਨ ਦਾ ਆਧਾਰ ਅਦ੍ਵੈਤ ਵੇਦਾਂਤ ਸੀ। ਉਨ੍ਹਾਂ ਨੇ ਹਿੰਦੂ ਮਤ ਬਾਰੇ ਸਮਝ ਸਿਰਜਣ ਅਤੇ ਪੂਰਬੀ ਤੇ ਪੱਛਮੀ ਦਰਸ਼ਨਾਂ ਵਿਚਲੇ ਪਾੜ੍ਹੇ ਉੱਪਰ ਪੁਲ਼ ਦਾ ਨਿਰਮਾਣ ਕਰਨ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। 1954 ਵਿਚ ਉਨ੍ਹਾਂ ਨੂੰ ਭਾਰਤ ਰਤਨ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ ਗਿਆ। ਉਹ ਯੂਨੀਵਰਸਿਟੀ ਆਫ਼ ਮੈਸੂਰ ਵਿਚ ਫ਼ਿਲਾਸਫ਼ੀ ਦੇ ਪ੍ਰੋਫੈਸਰ ਰਹੇ। ਅਧਿਆਪਕ ਹੋਣ ਦੇ ਨਾਤੇ ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਸਰਵਸ੍ਰੇਸ਼ਠ ਮਾਨਸਿਕਤਾ ਵਾਲੇ ਵਿਅਕਤੀ ਹੀ ਅਧਿਆਪਕ ਬਣਨੇ ਚਾਹੀਦੇ ਹਨ।

### Dr. Radhakrishnan

(5 September 1888- 17 April, 1975)

He was an Indian Philosopher and Statesman. He served as the first Vice President of India (1952-1962) and the President of India (1962-1967). He was one of the distinguished scholars of Comparative religion and philosophy. He played an important role in shaping the understanding of Hinduism and bridged the gap between East and West philosophy. He was honored with the Bharat Ratna in 1954. He served as a Professor of Philosophy at the University of Mysore. Being a teacher he firmly believed that "teachers should be the best minds in the country".

ਗੁਰੂ ਨਾਨਕ ਦੇਵ ਜੀ ਨੇ ਸਿਰਫ਼ ਸਾਡੇ ਦੇਸ ਉੱਤੇ ਹੀ ਨਹੀਂ, ਸਗੋਂ ਸਾਰੇ ਸੰਸਾਰ ਦੇ ਧਾਰਮਿਕ ਜੀਵਨ ਤੇ ਆਪਣਾ ਸਦੀਵੀ ਪ੍ਰਭਾਵ ਪਾਇਆ ਹੈ। ਭਾਰਤ ਦੀ ਸੁੱਚੀ ਪਰੰਪਰਾ ਅਨੁਸਾਰ ਗੁਰੂ ਨਾਨਕ ਦੇਵ ਜੀ ਵਿਸ਼ਵਾਸ ਰੱਖਦੇ ਸਨ ਕਿ ਧਰਮ ਵਿਚ ਅਨੁਭਵ ਵਿਸ਼ੇਸ਼ ਸਥਾਨ ਰੱਖਦਾ ਹੈ। ਜਿਹੜੇ ਵਿਅਕਤੀ ਇਸ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹਨ ਉਹ ਕਰਮ-ਕਾਂਡਾਂ ਨੂੰ ਕੋਈ ਵਿਸ਼ੇਸ਼ ਮਹੱਤਵ ਨਹੀਂ ਦਿੰਦੇ।

ਗੁਰੂ ਨਾਨਕ ਦੇਵ ਜੀ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਭੇਦ ਭਾਵ ਦਾ ਸਿਧਾਂਤ ਸਵੀਕਾਰ ਨਹੀਂ ਕਰਦੇ ਸਨ। ਉਨ੍ਹਾਂ ਨੇ ਇਨ੍ਹਾਂ ਵਿਤਕਰਿਆਂ ਤੋਂ ਪਰ੍ਹੇ ਰਹਿ ਕੇ ਉਸ ਅਧਿਆਤਮਕ ਧਰਮ ਦੀ ਪ੍ਰਤਿਪਾਲਣਾ ਕੀਤੀ ਜਿਹੜਾ ਸਰਬ-ਸਾਂਝਾ ਹੈ।

ਜਦੋਂ ਅਸੀਂ ਅਧਿਆਤਮਕ ਜੀਵਨ ਦੀਆਂ ਡੂੰਘਾਈਆਂ ਵਿਚ ਪ੍ਰਵੇਸ਼ ਕਰਦੇ ਹਾਂ, ਓਦੋਂ ਸਾਡੇ ਸਿੱਧਾਤਾਂ ਦੀ ਵਿਸ਼ੇਸ਼ਤਾ ਖ਼ਤਮ ਹੋ ਜਾਂਦੀ ਹੈ। ਓਦੋਂ ਸਾਨੂੰ ਆਤਮਿਕ ਸੰਸਾਰ ਦਾ ਗਿਆਨ ਹੁੰਦਾ ਹੈ। ਫਲਸਰੂਪ ਅਸੀਂ ਦੇਵੀ ਦੇਵਤਿਆਂ ਤੋਂ ਉੱਚੇ ਪਰਮਾਤਮਾ ਉਤੇ, ਸ੍ਰੇਸ਼ਟਤਮ ਨਿਰਗੁਣ ਪਰਮਾਤਮਾ ਉੱਤੇ, ਆਪਣਾ ਵਿਸ਼ਵਾਸ ਕਾਇਮ ਕਰ ਲੈਂਦੇ ਹਾਂ।

ਸਗਲ ਜਮਾਤੀ ਫ਼ਿਲਾਸਫ਼ੀ ਜਿਹੜੀ ਕਿ ਅੱਜਕਲ ਹਰਮਨ ਪਿਆਰੀ ਹੋ ਰਹੀ ਹੈ, ਉਸ ਨੂੰ ਪ੍ਰਚਲਿਤ ਕਰਨ ਵਿਚ ਸਿੱਖ ਗੁਰੂ ਸਾਹਿਬਾਨ ਨੇ ਪਹਿਲ ਕੀਤੀ। ਉਹ ਸਭੇ ਸਾਂਝੀਵਾਲ ਸਦਾਇਨ ਸਿਧਾਂਤ ਦੇ ਬਾਨੀ ਹਨ। ਧਰਮਾਂ ਦੀ ਪੱਧਰ ਤੇ ਵਾਸਤਵਿਕ ਵਾਰਤਾਲਾਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਸਥਾਪਿਤ ਕੀਤਾ ਗਿਆ ਹੈ। ਇਕ ਧਾਰਮਿਕ ਸਮਾਜ ਕਿਸੇ ਵਿਅਕਤੀ ਦੁਆਰਾ ਆਪਣੇ ਵਿਸ਼ੇਸ਼ ਧਰਮ ਨੂੰ ਤਿਆਗਣ ਤੋਂ ਬਿਨਾ ਹੀ ਕਾਇਮ ਹੋ ਸਕਦਾ ਹੈ।

ਜਦੋਂ ਅਸੀਂ ਆਤਮਿਕ ਸੁਤੰਤਰਤਾ ਪ੍ਰਾਪਤ ਕਰ ਲੈਂਦੇ ਹਾਂ ਤਾਂ ਅਸੀਂ ਮਨੁੱਖ ਦੀ ਹੋਂਦ ਪ੍ਰਤੀ ਪ੍ਰਗਟ ਕੀਤੇ ਗਏ ਹੋਰ ਅਰਥ ਵੀ ਸਵੀਕਾਰ ਕਰ ਲੈਂਦੇ ਹਾਂ। ਨਿਰਮਾਣਤਾ ਸੱਚੇ ਵਿਸ਼ਵਾਸ ਦੀ ਅੰਤਿਮ ਪ੍ਰੀਖਿਆ ਹੈ। ਪਰਮ ਸੱਚ ਦੀ ਪ੍ਰਾਪਤੀ ਆਪਾ ਤਿਆਗਣ ਨਾਲ ਹੁੰਦੀ ਹੈ ਨਾ ਕਿ ਰਮਮੀ ਦੀਨਦਾਰੀ ਜਾਂ ਤੀਰਥ-ਯਾਤਰਾ ਨਾਲ। ਪਰਮ ਸੱਚ ਦੀ ਪ੍ਰਾਪਤੀ ਲਈ ਸਾਨੂੰ ਅੰਤਰਵਰਤੀ ਯਾਤਰਾ ਕਰਨੀ ਪੈਂਦੀ ਹੈ; ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਜੋਗ ਸੁਆਹ ਮਲਣ, ਕੰਨਾਂ ਵਿਚ ਮੁੰਦਰਾਂ ਪਾਉਣ ਜਾਂ ਸੰਖ ਵਜਾਉਣ ਵਿਚ ਨਹੀ, ਪਵਿੱਤਰ ਜੀਵਨ ਜਿਊਣ ਵਿਚ ਹੈ।

ਜਿਹੜੇ ਬੰਧਨਾਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਤੋੜਨ ਦਾ ਯਤਨ ਕੀਤਾ ਸੀ, ਓਹੀ ਬੰਧਨ ਸਾਨੂੰ ਮੁੜ ਜਕੜ ਰਹੇ ਹਨ, ਜਿਸ ਕਰ ਕੇ ਸਾਡੇ ਜੀਵਨ ਵਿਚ ਬਹੁਤ ਸਾਰੇ ਹਾਨੀਕਾਰਕ ਅਮਲ ਸ਼ੁਰੂ ਹੋ ਰਹੇ ਹਨ।

ਉਨ੍ਹਾਂ ਅਨੁਸਾਰ ਚੰਗਾ ਜੀਵਨ ਸਮੇਂ ਦੀ ਧਾਰਾ ਤੋਂ ਭਾਂਜ ਨਹੀਂ। ਇਹ ਇਸ ਦੁਨੀਆ ਅੰਦਰ ਵਿਚਰਨ ਵਿਚ ਹੈ, ਇਹ ਜਾਣ ਕੇ ਇਹ ਜੀਵਨ ਵੀ ਰੱਬੀ ਬਖ਼ਸ਼ਿਸ਼ ਹੈ। ਸਾਨੂੰ ਇਕ ਦੂਜੇ ਦੀ ਮਦਦ ਕਰ ਕੇ ਮਨੁੱਖੀ ਅੰਤਹਕਰਣ ਅਤੇ ਭਾਵਨਾ ਨੂੰ ਜਾਗ੍ਰਿਤ ਰੱਖਣਾ ਚਾਹੀਦਾ ਹੈ

Guru Nanak Dev Ji left his everlasting impact on not just our nation, but the religious life of the entire world. In concordance with the pious tradition of India, Guru Nanak Dev Ji was of the belief that experience occupies a prime place in religion. Those who embrace this perspective do not accord any great importance to religious rituals.

Guru Nanak Dev Ji did not accept the principle of distinction between Hindus and Muslims. Staying away from these discriminations, he upheld the spiritual faith which is universal.

When we enter into the depths of a spiritual life, the specificity of our principles ends and we gain knowledge of the spiritual world. As a result we establish our belief on the Almighty higher than gods and goddesses, the ultimate, attributeless Almighty.

The philosophy of universal brotherhood which is now gaining popularity with all, the Sikh Gurus were the first to promote it. They are founders of the principle of the fundamental oneness of humanity. The level of genuine dialogue between religions has been established by the Sri Guru Granth Sahib. A righteous world can be established without any person having to abandon their specific religion.

When we attain spiritual independence then we accept other meanings expounded about human existence. Humility is the final test of true belief. We attain the Ultimate Truth through letting go of the 'self', and not through religious ritualism or pilgrimages. To arrive at the Ultimate Truth we must undertake an internal pilgrimage within ourselves. This is an internal pilgrimage that we have to undertake; Guru Nanak Dev Ji has said that Yoga is not in the smearing of ashes, wearing of ear-rings or blowing of conches, it lies in leading a pristine life.

The bonds from which the Sikh Guru Sahibs attempted to free us, those very same bonds are now tightening around us again. As a result, many harmful practices are creeping into our lives.

According to him a good life is not in escaping the flow of life. It lies in living within this world, knowing that this life is a gift from God. Through helping each other we must keep human conscience and fellow-feeling awake.



### ਨਜ਼ੀਰ ਅਕਬਰਾਬਾਦੀ

(1735-1830)

ਨਜ਼ੀਰ ਅਕਬਰਾਬਾਦੀ

ਅਠ੍ਹਾਰਵੀਂ ਸਦੀ ਦੇ ਸ਼ਾਇਰ ਨਜ਼ੀਰ ਅਕਬਰਾਬਾਦੀ ਨੂੰ ਉਰਦੂ ਨਜ਼ਮ ਦਾ ਪਿਤਾਮਾ ਕਿਹਾ ਜਾਂਦਾ ਹੈ। ਉਨ੍ਹਾਂ ਦੇ ਜਨਮ ਮਿਤੀ ਬਾਰੇ ਨਿਸਚੇ ਨਾਲ ਨਹੀਂ ਕਿਹਾ ਜਾ ਸਕਦਾ। ਉਸ ਦੇ ਬਹੁਤ ਸਾਰੇ ਜੀਵਨੀਕਾਰਾਂ ਅਨੁਸਾਰ ਉਨ੍ਹਾਂ ਦਾ ਜਨਮ 1735 ਈਸਵੀ ਨੂੰ ਦਿੱਲੀ ਵਿਚ ਹੋਇਆ। ਬਾਅਦ ਵਿਚ ਉਨ੍ਹਾਂ ਦਾ ਪਰਵਾਰ ਅਕਬਰਾਬਾਦ ਆ ਵਸਿਆ।

ਨਜ਼ੀਰ ਨੂੰ ਬਨਜਾਰਾਨਾਮਾ, ਆਦਮੀਨਾਮਾ ਤੇ ਕਲਯੁਗ ਨਹੀਂ ਕਰਯੁਗ ਜਿਹੀਆਂ ਨਜ਼ਮਾਂ ਲਈ ਬਹੁਤ ਸਲਾਹਿਆ ਜਾਂਦਾ ਹੈ। ਨਜ਼ੀਰ ਦੀ ਸ਼ਾਇਰੀ ਵਿਚ ਆਮ ਲੋਕਾਂ ਦੇ ਦੁੱਖਾਂ ਨੂੰ ਉਨ੍ਹਾਂ ਦੀ ਹੀ ਜ਼ੁਬਾਨ ਵਿਚ ਬਿਆਨ ਕੀਤਾ ਗਿਆ ਹੈ। ਇਸ ਲਈ ਉਹ ਲੋਕਾਂ ਵਿਚ ਬਹੁਤ ਹਰਮਨਪਿਆਰਾ ਹੋਇਆ। ਉਸ ਦੀ ਸ਼ਾਇਰੀ ਦੀ ਕੈਨਵਸ ਏਨੀ ਵਿਸ਼ਾਲ ਸੀ ਕਿ ਇਸ ਵਿਚ ਮਨੁੱਖੀ ਵਿਵਹਾਰ ਦੇ ਸਾਰੇ ਪਹਿਲੂਆਂ ਨੂੰ ਸਮੋਇਆ ਗਿਆ ਹੈ। ਕਿਸੇ ਹੋਰ ਉਰਦੂ ਸ਼ਾਇਰ ਦੀ ਸ਼ਾਇਰੀ ਵਿਚ ਨਜ਼ੀਰ ਦੀ ਸ਼ਾਇਰੀ ਜਿੰਨੇ ਸ਼ਬਦ ਨਹੀਂ ਮਿਲਦੇ।

### Nazeer Akbarabadi

Nazeer Akbarbadi was an 18th century poet who is known as the father of the *Urdu nazam.*

His date of birth is not certain. Most of his biographers mention that he was born in Delhi in 1735. Later his family migrated to Akbarabad.

He is most admired for his poems like *Banjaranama* and *Aadminaama* and *Kalyug nahi Karyug hai yeh*. Nazeer's poetry conveyed the plight of common people in their own everyday language and was very popular among the masses. The canvas of Nazeer's *nazms* is so vast that it encompasses all aspects of human behavior. No Urdu poet used as many words as Nazeer did.

### ਗੁਰੂ ਨਾਨਕ ਸ਼ਾਹ

ਹੈਂ ਕਹਤੇ ਨਾਨਕ ਸ਼ਾਹ ਜਿਨਹੇਂ ਵਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈਂ ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ ਉੱਮੀਦ ਸਭੀ ਬਰ ਲਾਤੇ ਹੈਂ ਦਿਲਖ਼ਵਾਹ ਗੁਰੂ।
ਨਿਤ ਲੁਤਫ਼-ਓ-ਕਰਮ ਸੇ ਕਰਤੇ ਹੈਂ ਹਮ ਲੋਗੋਂ ਕਾ ਨਿਰਬਾਹ ਗੁਰੂ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ। ੧।

ਹਰ ਆਨ ਦਿਲੋਂ ਵਿਚ ਯਾਂ ਅਪਨੇ ਜੋ ਧਯਾਨ ਗੁਰੂ ਕਾ ਲਾਤੇ ਹੈਂ।
ਔਰ ਸੇਵਕ ਹੋਕਰ ਉਨਕੇ ਹੀ ਹਰ ਸੂਰਤ ਬੀਚ ਕਹਾਤੇ ਹੈਂ।
ਗੁਰੂ ਅਪਨੀ ਲੁਤਫ਼-ਓ-ਇਨਾਯਤ ਸੇ ਸੁਖਚੈਨ ਉਨਹੇਂ ਦਿਖਲਾਤੇ ਹੈਂ।
ਖ਼ੁਸ਼ ਰਖਤੇ ਹੈਂ ਹਰ ਹਾਲ ਉਨਹੇਂ ਸਬ ਤਨ ਕਾ ਕਾਜ ਬਨਾਤੇ ਹੈਂ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ। ੨।

ਜੋ ਆਪ ਗੁਰੂ ਨੇ ਬਖ਼ਸ਼ਿਸ਼ ਸੇ ਇਸ ਖ਼ੂਬੀ ਕਾ ਇਰਸ਼ਾਦ ਕੀਯਾ।
ਹਰ ਬਾਤ ਹੈ ਵਹ ਇਸ ਖ਼ੂਬੀ ਕੀ ਤਾਸੀਰ ਨੇ ਜਿਸ ਪਰ ਸਾਦ ਕੀਯਾ।
ਯਾਂ ਜਿਸ-ਜਿਸ ਨੇ ਉਨ ਬਾਤੋਂ ਕੋ ਹੈ ਧਯਾਨ ਲਗਾਕਰ ਯਾਦ ਕੀਯਾ।
ਹਰ ਆਨ ਗੁਰੂ ਨੇ ਦਿਲ ਉਨਕਾ ਖ਼ੁਸ਼ ਵਕਤ ਕੀਯਾ ਔਰ ਸ਼ਾਦ ਕੀਯਾ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ। ੩।

ਦਿਨ ਰਾਤ ਜਿਨ੍ਹੋਂ ਨੇ ਯਾਂ ਦਿਲ ਬਿਚ ਹੈ ਯਾਦ ਗੁਰੂ ਸੇ ਕਾਮ ਲੀਯਾ।
ਸਬ ਮਨ ਕੇ ਮਕਸਦ ਭਰ ਪਾਏ ਖ਼ੁਸ਼ ਵਕਤੀ ਕਾ ਹੰਗਾਮ ਲੀਯਾ।
ਦੁਖ-ਦਰਦ ਮੇਂ ਅਪਨਾ ਧਯਾਨ ਲਗਾ ਜਿਸ ਵਕਤ ਗੁਰੂ ਕਾ ਨਾਮ ਲੀਯਾ।
ਪਲ ਬੀਚ ਗੁਰੂ ਨੇ ਆਨ ਉਨਹੇਂ ਖ਼ੁਸ਼ਹਾਲ ਕੀਯਾ ਔਰ ਥਾਮ ਲੀਯਾ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ। ੪।

ਜੋ ਲੁਤਫ਼ ਇਨਾਯਤ ਉਨਮੇਂ ਹੈਂ ਕਬ ਵਸਫ਼ ਕਿਸੀ ਸੇ ਉਨਕਾ ਹੋ।
ਵਹ ਲੁਤਫ਼-ਓ-ਕਰਮ ਜੋ ਕਰਤੇ ਹੈਂ ਹਰ ਚਾਰ ਤਰਫ਼ ਹੈ ਹਾਜ਼ਿਰ ਵੋ।
ਅਲਤਾਫ਼ ਜਿਨ੍ਹੋਂ 'ਪਰ ਹੈਂ ਉਨਕੇ ਸੌ ਖ਼ੂਬੀ ਹਾਸਿਲ ਹੈਂ ਉਨਕੋ।
ਹਰ ਆਨ 'ਨਜ਼ੀਰ` ਅਬ ਯਾਂ ਤੁਮ ਭੀ ਬਾਬਾ ਨਾਨਕ ਸ਼ਾਹ ਕਹੋ।
ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਵਾ ਅਰਦਾਸ ਕਰੋ ਔਰ ਹਰਦਮ ਬੋਲੋ ਵਾਹ ਗੁਰੂ। ੭।

* ਕਾਮਿਲ: ਮੁਕੰਮਲ. ਰਹਬਰ: ਰਾਹ ਵਿਖਾਣ ਵਾਲੇ. ਮਾਹ: ਚੰਨ. ਮਕਸੂਦ ਮੁਰਾਦ: ਦਿਲ ਚਾਹੀ ਇੱਛਾ. ਅਜ਼ਮਤ: ਵਡਿਆਈ ਸ਼ਾਨ. ਇਰਸ਼ਾਦ: ਉਪਦੇਸ਼ ਦਿੱਤਾ. ਤਾਸੀਰ: ਅਸਰ. ਮਕਸਦ: ਮਨੋਰਥ, ਇੱਛਾ. ਹੰਗਾਮ: ਵੇਲੇ. ਸ਼ਫ਼ਕਤ: ਮਿਹਰਬਾਨੀ. ਗਹਤੇ: ਫੜਦੇ. ਅਲਤਾਫ਼: ਮਿਹਰਬਾਨੀ. ਤਵੱਜੋ: ਧਿਆਨ ਦੇਣਾ. ਵਸਫ਼: ਗੁਣਗਾਨ.

## Guru Nanak Shah


He who they call Nanak Shah is a very vigilant, awake guru
this accomplished guide shines upon the world like the moon
all hopes and intentions rest upon the beloved guru
With great grace and mercy every day tends to us the guru
of this beneficence and glory Baba Nanak is the Shah guru
All bow your heads in invocation, chanting always "Wah, Guru!"

those who keep the Guru in their minds every moment
and call themselves his retainers no matter the conditions
The Guru with his bounty of grace grants them comfort and solace.
He keeps them happy, come what may, and makes their living blessed
of this beneficence and glory Baba Nanak is the Shah guru
All bow your heads in invocation, chanting always "Wah, Guru!"

With his grace, the Guru himself introduced to us this merit
every aspect of this merit, blessed us with good-fortune.
Blessed are those who kept his teachings in their hearts and minds.
At all times the Guru made their hearts happy and content.
Of this beneficence and glory Baba Nanak is the Shah guru
All bow your heads in invocation, chanting always "Wah, Guru!"

They who spent their day and night in remembrance of the guru
all their wishes were fulfilled, their good times rolled around.
When in pain and suffering, the moment they remembered his name
in that very instant, the guru came and took away their pain in his embrace
of this beneficence and glory Baba Nanak is the Shah guru
All bow your heads in invocation, chanting always "Wah, Guru!"

No one can ever praise enough the boundlessness of his grace.
The endless bounty of his grace is present in every nook and cranny.
Those who are blessed with his graces attain a thousand merits
Come Nazeer, from now henceforth, you too must chant his name always
of this beneficence and glory Baba Nanak is the Shah guru
All bow your heads in invocation, chanting always "Wah, Guru!"



## ਭਾਈ ਵੀਰ ਸਿੰਘ

(1872-1957)

5 ਦਸੰਬਰ, 1872 ਨੂੰ ਜਨਮੇ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਭਾਸ਼ਾ ਦੀ ਸਾਹਿਤਕ ਪਰੰਪਰਾ ਤੇ ਸਿੱਖੀ ਦੀ ਪੁਨਰ-ਜਾਗ੍ਰਤੀ ਦੀ ਲਹਿਰ ਵਿਚ ਬਹੁਤ ਵੱਡੀ ਭੂਮਿਕਾ ਅਦਾ ਕੀਤੀ। ਉਨ੍ਹਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ। ਸੁੰਦਰੀ, ਰਾਣਾ ਸੂਰਤ ਸਿੰਘ, ਗੁਰੂ ਨਾਨਕ ਚਮਤਕਾਰ, ਸ਼੍ਰੀ ਕਲਗੀਧਰ ਚਮਤਕਾਰ, ਅਸ਼ਟ ਗੁਰ ਚਮਤਕਾਰ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਜ਼ੈਨਾ ਦਾ ਵਿਰਲਾਪ ਮੇਰੇ ਸਾਂਈਆਂ ਜੀਓ, ਕੰਬਦੀ ਕਲਾਈ ਉਨ੍ਹਾਂ ਦੀਆਂ ਕੁਝ ਮਸ਼ਹੂਰ ਪੁਸਤਕਾਂ ਹਨ। ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਅਤੇ ਪਦਮ ਵਿਭੂਸ਼ਨ ਨਾਲ ਸਨਮਾਨਿਆ ਗਿਆ।

## Bhai Vir Singh

(1872 - 1957)

Born on 5 December, 1872 Bhai Vir Singh played a very significant role in the renewal of the Punjabi literary tradition and the Sikh revival movement. He is considered to be the father of Modern Punjabi Literature. His major works are: *Sundri* (novel), *Rana Surat Singh* (Epic), *Guru Nanak Chamatkar, Sri Kalgidhar chamatkar, Ashat Gur Chamatkar, Leharan De Har, Matak Hulare, Zaina Da Virlap* and *Mere Saayian Jio* and *Kambdi Klayee.*

He was honoured with Sahitya Akademi Award and Padma Vibhushan

### ਗੁਰ ਨਾਨਕ ਆਇਆ

ਗੁਰੁ ਨਾਨਕ ਗੁਰੁ ਨਾਨਕ ਆਇਆ।
ਨਾਦ ਉਠਯੋ: 'ਗੁਰੁ ਨਾਨਕ ਆਯਾ।
ਸ਼ਬਦ ਹੁਯੋ: 'ਗੁਰੁ ਨਾਨਕ ਆਯਾ। ੧।

ਮੁਸ਼ਕ ਉਠੇ ਮੇਰੇ ਬਨ ਤੇ ਬੇਲੇ
ਖਿੜ ਪਏ ਬਾਗੀਂ ਫੁੱਲ ਰੰਗੀਲੇ।
ਸਭ ਨੇ ਅਨਹਤ ਰਾਗ ਅਲਾਯਾ:
'ਗੁਰੁ ਨਾਨਕ ਗੁਰੁ ਨਾਨਕ ਆਯਾ। ੨।

ਜਾਗ ਪਏ ਪੰਛੀ ਅੱਖ ਖੋਲ੍ਹਣ
ਗਾਵਣ ਗੀਤ ਰੰਗੀਲੇ ਬੋਲਣ:
'ਦੇਖੋ ਅਹੁ ਗੁਰੁ ਨਾਨਕ ਆਯਾ
'ਗੁਰੁ ਨਾਨਕ ਗੁਰੁ ਨਾਨਕ ਆਯਾ। ੩।

ਤਪੀਆਂ ਜੁਗਾਂ ਦਿਆਂ ਅੱਖ ਖੋਲ੍ਹੀ
ਤਯਾਗੀ ਮੌਨ ਬੋਲ ਪਏ ਬੋਲੀ:
'ਅਹੁ ਤੱਕੋ ਗੁਰੁ ਨਾਨਕ ਆਯਾ
'ਗੁਰੁ ਨਾਨਕ ਗੁਰੁ ਨਾਨਕ ਆਯਾ। ੪।

ਦੁਖੀਆਂ ਕੰਨੀਂ ਪਈ ਬਲੇਲ:
ਦੁਖਾਂ ਨੂੰ ਜੋ ਕਰੇ ਦਬੇਲ।
'ਅਹੁ ਗੁਰੁ ਨਾਨਕ ਨਾਨਕ ਆਯਾ
ਸੁੱਖ ਸਬੀਲੀ ਨਾਲ ਲਿਆਯਾ। ੫।

ਕੂਕ ਉਠੀ ਦੁਨੀਆਂ ਪਈ ਗਾਵੇ
ਮਸਤ ਅਲਸਤੀ ਤਾਨਾਂ ਲਾਵੇ:
'ਧੁੰਦ ਹਨੇਰੇ ਹੋਏ ਦੂਰ
ਫੈਲ ਗਿਆ ਹੈ ਨੂਰੋ ਨੂਰ
'ਸਹੀਓ ਨੀ ਗੁਰੁ ਨਾਨਕ ਆਯਾ
'ਗੁਰੁ ਨਾਨਕ ਗੁਰੁ ਨਾਨਕ ਆਯਾ। ੬।

ਮੇਰਾ ਮੇਰਾ ਮੇਰਾ ਅਪਨਾ
ਕਿਸੇ ਨਾ ਓਪ੍ਰਾ ਸਭ ਦਾ ਅਪਨਾ
ਉਹ ਗੁਰੁ ਨਾਨਕ ਨਾਨਕ ਆਯਾ
'ਸਹੀਓ ਨੀ ਗੁਰੁ ਨਾਨਕ ਆਯਾ। ੭।

## Guru Nanak Arrived

Friends, Guru Nanak has arrived.
Guru Nanak, Guru Nanak has arrived
Echoes everywhere,
Guru Nanak has arrived

Proclaiming that Guru Nanak has arrived
Vines of my forest have grown fragrant
Colourful blossoms of garden have bloomed
Everybody burst into interminable song
Guru Nanak has arrived.

Birds have woken from their slumber
Singing melodious songs
'See there Guru Nanak has arrived'
Guru Nanak, Guru Nanak has arrived.

Hermits, after ages opened their eyes
Breaking vow of silence, ascetics said
'See there Guru Nanak has come
Guru Nanak, Guru Nanak has arrived.

The word has reached the ears of the distressed
The one who annihilates sorrows
That Guru Nanak has arrived
Bringing joy and geniality

The world has broken into a song
Blithe tunes it sings
Gloomy darkness has vanished
Light has spread everywhere
Friends, Guru Nanak has arrived.

Guru Nanak, Guru Nanak has arrived.
My, my, my own
Stranger to none, loved by all
That Guru Nanak has arrived
Friends, Guru Nanak has arrived.



## ਧਨੀ ਰਾਮ ਚਾਤ੍ਰਿਕ

(1876-1954)

ਧਨੀ ਰਾਮ ਚਾਤ੍ਰਿਕ ਦਾ ਜਨਮ ਜ਼ਿਲਾ ਸ਼ੇਖ਼ੂਪੁਰਾ ਦੇ ਪਿੰਡ ਪੱਸੀਆਂ ਵਾਲਾ ਵਿਚ ਹੋਇਆ, ਜੋ ਹੁਣ ਪਾਕਿਸਤਾਨ ਵਿਚ ਹੈ। ਪਿਤਾ ਪੋਹੂ ਲਾਲ ਬਿਹਤਰ ਸਥਿਤੀਆਂ ਦੀ ਤਲਾਸ਼ ਵਿਚ ਪਰਵਾਰ ਸਮੇਤ ਲੋਪੋਕੇ ਆ ਵਸਿਆ। ਧਨੀ ਰਾਮ ਨੂੰ ਬਚਪਨ ਵਿਚ ਗੁਰਮੁਖੀ ਅਤੇ ਉਰਦੂ ਅੱਖਰ ਸਿਖਾਏ ਗਏ। ਬਚਪਨ ਵਿਚ ਹੀ ਉਨ੍ਹਾਂ ਦੀ ਦਿਲਚਸਪੀ ਅੱਖਰਕਾਰੀ ਵਿਚ ਹੋ ਗਈ ਜਿਹੜੀ ਅਖ਼ੀਰ ਉਨ੍ਹਾਂ ਨੂੰ ਬੰਬਈ ਲੈ ਗਈ ਜਿੱਥੇ ਜਾ ਕੇ ਉਨ੍ਹਾਂ ਨੇ ਗੁਰਮੁਖੀ ਅੱਖਰਾਂ ਦੀ ਰੂਪ ਸਿਰਜਣਾ ਸਿੱਖੀ। ਉਹ ਪਹਿਲੇ ਵਿਅਕਤੀ ਹਨ ਜਿਨ੍ਹਾਂ ਨੇ ਗੁਰਮੁਖੀ ਛਪਾਈ ਦਾ ਮਿਆਰੀਕਰਣ ਕੀਤਾ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਦੀ ਛਪਾਈ ਉਨ੍ਹਾਂ ਨੇ ਹੀ ਕੀਤੀ।

ਚਾਤ੍ਰਿਕ ਜੀ ਦੀ ਕਵਿਤਾ ਦੀ ਸ਼ਬਦਾਵਲੀ, ਬਿੰਬ ਅਤੇ ਤਾਲ ਉਨ੍ਹਾਂ ਨੂੰ ਲੋਕਾਂ ਦਾ ਪਿਆਰਾ ਕਵੀ ਬਣਾਉਂਦੇ ਹਨ। ਪੰਜਾਬੀ ਲੋਕਧਾਰਾ, ਸਿੱਖ ਇਤਿਹਾਸ ਤੇ ਭਾਰਤੀ ਮਿਥਿਹਾਸ ਉਨ੍ਹਾਂ ਦੇ ਕਾਵਿਕ ਪ੍ਰੇਰਣਾ ਦੇ ਪ੍ਰਮੁਖ ਸ੍ਰੋਤ ਹਨ। ਉਹ ਨਿਸਚਿਤ ਤੌਰ ਤੇ ਆਧੁਨਿਕ ਪੰਜਾਬੀ ਕਵਿਤਾ ਦੇ ਪ੍ਰਮੁਖ ਮੋਢੀਆਂ ਵਿਚ ਸ਼ਾਮਿਲ ਹਨ।

## Dhani Ram Chatrik

(1876 - 1954)

Dhani Ram Chatrik was born in village Passian Wala in Shekhupura district, now in Pakistan. His father Pohu Lal was an ordinary shopkeeper who along with his family moved to village Lopoke in search of better conditions. He was taught Gurmukhi and Urdu in his childhood. Dhani Ram grew fond of calligraphy and went to Mumbai to learn Gurmukhi typography. He was the first person to standardize the printing of Gurmukhi.

His diction, imagery and rhythms make him a favourite poet of the people. Punjabi folklore, Sikh history and Indian mythology are the main sources of his poetic inspiration.

He is definitely one of the prominent pioneers of modern Punjabi poetry.

### ਬਾਬਾ ਨਾਨਕ

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ’ਤੇ
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ’ਤੇ।
ਬਾਲਕ ਵਾਗੀ ਬੁੱਢਾ ਕੀਤਾ ਬੇਰ ਬਣਾਇਆ ਰੇਠੇ ਦਾ
ਰਾਇ ਬੁਲਾਰ ਮੁਰੀਦ ਕਰ ਲਿਆ ਪਾ ਕੇ ਨੂਰ ਨਗੀਨੇ ’ਤੇ।
ਕਿਰਤੀ ਦਾ ਭੰਡਾਰ ਵਿਖਾਇਆ ਅੰਨ੍ਹੇ ਮਾਇਆਧਾਰੀ ਨੂੰ
ਸੱਜਣ ਠੱਗ ਨੂੰ ਝਾਤ ਪੁਆਈ ਘਰ ਵਿਚ ਪਏ ਦਫ਼ੀਨੇ ’ਤੇ।
ਬ੍ਰਾਹਮਣ ਕਾਜੀ ਦੋਵੇਂ ਰਗੜੇ ਨਿਯਤ ਦੀ ਘਸਵੱਟੀ ’ਤੇ
ਉਹ ਅਛੂਤ ਬਰਾਬਰ ਤੋਲੇ ਕਰਤਬ ਦੇ ਤਖ਼ਮੀਨੇ ’ਤੇ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ ਅਮਲਾਂ ਦੇ ਦੀਵਾਨੇ ਨੂੰ।
ਮੱਕੇ ਵਾਲ਼ੇ ਨੂੰ ਭਰਮਾਇਆ ਦਿਲ ਦੇ ਪਾਕ ਮਦੀਨੇ ’ਤੇ।
ਵਹਦਤ ਦਾ ਵਿਉਪਾਰੀ ਆਇਆ ਹਾਦੀ ਹਿੰਦੂ ਮੁਸਲਿਮ ਦਾ
ਮੰਦਰ ਮਸਜਿਦ ਸਾਂਝੇ ਕੀਤੇ ਮਿੱਟੀ ਪਾਈ ਕੀਨੇ ’ਤੇ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜੀਨੇ ’ਤੇ।
ਦੁਨੀਆ ਵਾਲ਼ਿਓ ਕੁਝ ਨਾ ਪੁੱਛੋ ਮੇਰੇ ਐਬ ਸਵਾਬਾਂ ਦੀ
ਚਾਤ੍ਰਿਕ ਦਾ ਹੈ ਤਕਵਾ ਅਪਣੇ ਰਹਬਰ ਦਾਨੇ-ਬੀਨੇ ’ਤੇ।

* ਦਫ਼ੀਨਾ: ਖ਼ਜ਼ਾਨਾ. ਤਖ਼ਮੀਨਾ: ਅਨੁਮਾਨ/ਤੋਲ. ਵਹਦਤ: ਏਕਤਾ. ਹਾਦੀ: ਹਾਜੀ/ਸਿੱਖਿਅਕ. ਸਵਾਬ: ਪੁੰਨ. ਤਕਵਾ: ਆਸਰਾ.

Baba Nanak
The one who illuminated the mirror of Lahina
The light that impressed the heart of Kandhari
Turned little Vaagi into a wise old man and washnuts into berries
Made Rai Bullar his follower by enlightening the worthy
Showed the treasury of punctiliousness to the visionless mercenary
Revealed to Sajjan Thug the treasure of truth
Judged both Brahmin and Kaazi at the touchstone of intention
Measured them against the untouchable at the measure of action
Intoxicated with love the one obsessed with deeds
Deluded the one who lived in Mecca at seraphic Medina of heart
Agent of unity came, teacher of Hindus and Muslims
Made temple and mosque one, burying discord
My heart, be filled with gratitude today for the Baba who
belongs to all and has enlightened the mislaid treasure
Do not question my sins or virtues, O denizens of this world
Chatrik's refuge is his omniscient mentor





### ਭਾਈ ਜੋਧ ਸਿੰਘ

(1882-1981)

31 ਮਈ, 1882 ਨੂੰ ਲਹਿੰਦੇ ਪੰਜਾਬ ਦੇ ਘੁੰਗਰੀਲਾ ਪਿੰਡ ਵਿਚ ਜਨਮੇ ਭਾਈ ਜੋਧ ਸਿੰਘ।

ਆਪਣੇ ਸਮਕਾਲੀਆਂ ਵਿਚ ਉਨ੍ਹਾਂ ਨੂੰ ਸਿੱਖ ਧਰਮ ਅਤੇ ਪਰੰਪਰਾ ਦੇ ਸਭ ਤੋਂ ਪ੍ਰਾਮਾਣਿਕ ਸਮੀਖਿਆਕਾਰ ਸਮਝਿਆ ਜਾਂਦਾ ਸੀ। ਸਿੱਖੀ ਕੀ ਹੈ (1911), ਗੁਰੂ ਸਾਹਿਬ ਅਤੇ ਵੇਦ (1911) ਗੁਰਮਤਿ ਨਿਰਣਯ (1932), ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ (1968) ਗੌਸਪਲ ਆਫ਼ ਗੁਰੂ ਨਾਨਕ ਇਨ ਹਿਜ਼ ਓਅਨ ਵਰਡਜ਼ (1969) ਉਨ੍ਹਾਂ ਦੀਆਂ ਕੁਝ ਪ੍ਰਸਿੱਧ ਪੁਸਤਕਾਂ ਦੇ ਨਾਮ ਹਨ।

ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਪੰਜਾਬੀ ਸਾਹਿਤ ਅਕਾਦਮੀ ਦੇ ਉਹ ਬਾਨੀ ਪ੍ਰਧਾਨ ਬਣੇ। ਅੱਸੀ ਸਾਲ ਦੀ ਉਮਰ ਵਿਚ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਉਪ ਕੁਲਪਤੀ ਬਣੇ। ਉਨ੍ਹਾਂ ਨੂੰ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਆ ਗਿਆ

### Bhai Jodh Singh

(1882-1981)

Born on 31st May, 1882 at Ghungrila in Rawalpindi district, now in Pakistan.

He was regarded by his contemporaries as the most authoritative interpreter of the Sikh faith and tradition.

His most famous works are *Sikhi Ki Hai* (1911), *Guru Sahib Ate Ved* (1911), *Gurmat Nirnay* (1932), *Kartarpuri Bir De Darshan* (1969) and *The Gospel of Guru Nanak in His Own Words* (1969)

He served as a member of Punjab Legislative Council. He was the founder President of Punjabi Sahit Akademi. At the age 80 he took over as the first Vice-Chancellor of Punjabi University, Patiala. He was a *Padma Bhushan* awardee.

ਅਭੇਦ ਪਰਮ ਤੱਤ ਤੋਂ ਜੀਵ ਅਤੇ ਮਾਦਾ ਦੁਨੀਆ ਕਿਵੇਂ ਪੈਦਾ ਹੋਈ? ਇਹ ਪ੍ਰਸ਼ਨ ਹੈ ਜਿਸ ਦਾ ਉੱਤਰ ਸੋਚਦਿਆਂ ਵੇਦਾਂਤ ਆਚਾਰੀਆਂ ਨੂੰ ਕਈ ਮਨੌਤਾਂ ਘੜਨੀਆਂ ਪਈਆਂ। ਸ਼ੰਕਰਚਾਰੀਆ ਦੇ ਮਾਇਆਵਾਦ ਨੂੰ ਰਾਮਾਨੁਜ, ਮਾਧਵਾਚਾਰੀਆ, ਨਿੰਬਾਰਕ, ਵੱਲਭ ਅਤੇ ਚੈਤੰਨਯ ਪ੍ਰਭੂ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਰੱਦ ਕੀਤਾ। ਪਰ ਇਨ੍ਹਾਂ ਸਾਰਿਆਂ ਦੇ ਵਿਚਾਰ ਆਪੋ ਵਿਚ ਵੀ ਇਕ ਨਹੀਂ। ਗੁਰੂ ਨਾਨਕ ਦੇਵ ਜੀ ਨੇ ਨੇ ਆਪਣੀ ਬਾਣੀ ਵਿਚ ਇਸ ਪ੍ਰਸ਼ਨ ਦਾ ਉੱਤਰ ਇਸ ਪ੍ਰਕਾਰ ਦਿੱਤਾ ਹੈ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

ਵੇਦਾਂਤ ਆਚਾਰੀਆਂ ਨੇ ਆਪਣੇ ਵਿਚਾਰ ਦੇ ਕੇ ਯੁਕਤੀ ਰਾਹੀਂ ਉਨ੍ਹਾਂ ਨੂੰ ਸਿੱਧ ਕਰਨ ਦਾ ਜਤਨ ਕੀਤਾ ਹੈ। ਪਰੰਤੂ ਗੁਰੂ ਨਾਨਕ ਦੇਵ ਜੀ ਕੋਈ ਦਰਸ਼ਨ ਸ਼ਾਸਤ੍ਰ ਨਹੀਂ ਲਿਖ ਰਹੇ ਸਨ। ਉਨ੍ਹਾਂ ਨੇ ਹੋਰ ਧਾਰਮਿਕ ਆਗੂਆਂ ਵਾਂਗ, ਜੋ ਅਨੁਭਵ ਕੀਤਾ, ਉਸ ਨੂੰ ਆਪਣੀ ਰਾਗਾਤਮਕ ਬਾਣੀ ਰਾਹੀਂ ਪ੍ਰਗਟ ਕਰ ਦਿੱਤਾ।

ਗੁਰੂ ਨਾਨਕ ਅਨੁਸਾਰ ਇਹ ਸੰਸਾਰ ਸੱਚੇ ਨਿਰੰਕਾਰ ਦੀ ਕਿਰਤ ਹੋਣ ਕਾਰਣ ਤੇ ਇਸ ਵਿਚ ਸੱਚੇ ਨਿਰੰਕਾਰ ਦੇ ਵਿਆਪਕ ਹੋਣ ਕਾਰਣ ਸੱਚ ਹੈ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ॥

ਪਰ ਇਹ ਉਸਤਰਾਂ ਦਾ ਸੱਚ ਨਹੀਂ ਜਿਸਤਰਾਂ ਦਾ ਸੱਚ ਨਿਰੰਕਾਰ ਹੈ। ਹਉਮੈ ਅਤੇ ਮਮਤਾ ਇਸ ਸੰਸਾਰ ਦੀ ਸਥਿਰਤਾ ਦੀ ਚਾਹ ਘੜ ਲੈਂਦੀਆਂ ਹਨ। ਸਾਨੂੰ ਪਤਾ ਹੈ ਕਿ ਮਨੁੱਖ ਨਾਸਵੰਤ ਹੈ ਪਰ ਅਸੀਂ ਨਹੀਂ ਚਾਹੁੰਦੇ ਸਾਡਾ ਕੋਈ ਪਿਆਰਾ ਮਰ ਜਾਵੇ ਜਾਂ ਸਾਡਾ ਸਰੀਰ ਕਦੀ ਨਾਸ ਹੋਵੇ। ਹਉਮੈ ਤੇ ਮਮਤਾ ਸਾਨੂੰ ਸੰਸਾਰ ਦੀ ਅਸਲੀਅਤ ਨਹੀਂ ਵੇਖਣ ਦਿੰਦੀਆਂ।

ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਧਰਤੀ ਧਰਮਸਾਲ ਹੈ ਜਿਥੇ ਰੁਕਾਵਟਾਂ ਆਉਂਦੀਆਂ ਹਨ ਜੋ ਸਾਡੀ ਆਤਮਾ ਨੂੰ ਤਕੜੀ ਕਰਨ ਲਈ ਹਨ। ਸਾਨੂੰ ਸੰਤ ਜਾਂ ਗੁਰਮੁਖਿ ਬਣਾਉਣ ਲਈ ਹਨ। ਇਹ ਧਰਤੀ ਸੱਚੇ ਨੇ ਗੁਰਮੁਖਿ ਪੈਦਾ ਕਰਨ ਲਈ ਸਾਜੀ ਹੈ, ਜਿਸ ਵਿਚ ਜੰਮਣ ਮਰਨ ਇਕ ਖੇਡ ਹੈ:

ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥

How was the sentient and physical world born out of the undifferentiated primordial matter? To answer this question, Vedantic Acharyas had to postulate many theories. Shankaracharya's Mayavad (the trap of the illusion of earthly life) was in some way or the other refuted by Ramanuj, Madhavacharya, Nimbarka, Vallabh and Chaitanya Prabhu. But the thoughts of all of these thinkers differed even amongst themselves. Guru Nanak in his bani answered this question thus:

His Will it is that creates the forms, though Will one cannot tell.

Through Will the stream of life doth flow,

Vedantic Acharyas offered their theories and attempted to validate them through skillful rhetoric. But Guru Nanak was not trying to write any philosophical treatise. Like other spiritual leaders, he made apparent what he had himself experienced through the form of his melodic discourse.

According to Guru Nanak, this world is real because it is the Creation of the True Formless One, and is pervaded by the Almighty:

True are Thy worlds, True Thy universes; True Thy Lokas, True the forms Thou Createst.

But this is not the same kind of Truth as the Truth of the Formless One. Ego and affection shape the desire that this world remain stable. We know that man is perishable but we do not want any of our loved ones to die or for our own bodies to ever perish. Both ego and affection do not allow us to see clearly the reality of this world.

According to Guru Nanak this earth is but a rest-house where we encounter challenges meant to strengthen our souls. To turn us into saints and men awoken to God. The True One has created this earth to give birth to men of God, and living and dying here is but a play:

It is for the God-conscious beings that our True God Established the earth;

And it is His Sport that He Maketh us come and go.



## ਵਿਨੋਬਾ ਭਾਵੇ

(ਸਤੰਬਰ 11, 1895 - ਨਵੰਬਰ, 1982)

ਭਾਵੇ ਜੀ ਦਾ ਕਥਨ ਹੈ ਕਿ ਦੇਸ਼ ਦੀ ਰਾਖੀ ਸਦਾਚਾਰਕ ਵਿਵਹਾਰ ਨਾਲ ਹੋਣੀ ਚਾਹੀਦੀ ਹੈ ਨਾ ਕਿ ਹਥਿਆਰਾਂ ਨਾਲ।

ਉਹ ਅਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਸਿੱਧ ਸਮਰਥਕ ਸਨ। ਉਨ੍ਹਾਂ ਦੀ ਬਹੁਤੀ ਮਹਿਮਾ ਭੂਦਾਨ ਅੰਦੋਲਨ ਸਦਕਾ ਹੋਈ। ਉਹ ਸੁਤੰਤਰਤਾ ਅੰਦੋਲਨ ਵੇਲੇ ਮਹਾਤਮਾ ਗਾਂਧੀ ਦੇ ਪੈਰੋਕਾਰ ਬਣੇ। ਉਨ੍ਹਾਂ ਨੂੰ ਗਾਂਧੀ ਦੇ ਅਧਿਆਤਮਕ ਵਾਰਿਸ ਦੇ ਤੌਰ ਤੇ ਵੀ ਜਾਣਿਆਂ ਜਾਂਦਾ ਹੈ। ਉਨ੍ਹਾਂ ਨੇ ਭਗਵਤ ਗੀਤਾ ਦਾ ਮਰਾਠੀ ਵਿਚ ਅਨੁਵਾਦ ਕੀਤਾ। ਇਕ ਆਮ ਭਾਰਤੀ ਦੇ ਜੀਵਨ ਦਾ ਅਨੁਭਵ ਲੈਣ ਲਈ ਉਹ ਪਿੰਡ ਵਿਚ ਰਹੇ ਤੇ ਸਰਵੋਦਯ ਲਹਿਰ ਦੇ ਅੰਤਰਗਤ ਉਸ ਦੀਆਂ ਸਮੱਸਿਆਵਾਂ ਦਾ ਸਮਾਧਾਨ ਲੱਭਣ ਦੀ ਕੋਸ਼ਿਸ਼ ਕੀਤੀ। 1983 ਵਿਚ ਉਨ੍ਹਾਂ ਨੂੰ ਭਾਰਤ ਰਤਨ ਪ੍ਰਦਾਨ ਕੀਤਾ ਗਿਆ।

## Vinoba Bhave

(11 Sept 1895-15 Nov 1982)

Bhave stated that “A country should be defended not by arms, but by ethical behavior.”

He was a reputed Indian advocate of nonviolence and Human Rights. He is best known for Bhoodan movement. He was associated to Mahatma Gandhi in the Independence Movement of India and also a spiritual successor of Mahatma Gandhi. He translated Geeta into Marathi. He observed the life of an average Indian by living in a village and tried to find out solutions for the problems under the title Sarvodaya Movement. He was awarded Bharat Ratna in 1983.

ਵਿਨੋਬਾ ਭਾਵੇ

1940 ਦੀ ਗੱਲ ਹੈ। ਮੈਂ ਜੇਲ੍ਹ ਵਿਚ ਸਾਂ ਜਦੋਂ ਪਹਿਲੀ ਵਾਰ ਜਪੁਜੀ ਸਾਹਿਬ ਦਾ ਅਧਿਅਨ ਕੀਤਾ। ਮੈਂ ਓਦੋਂ ਸੰਤ ਨਾਮਦੇਵ ਜੀ ਦੀਆਂ ਮਰਾਠੀ ਰਚਨਾਵਾਂ ਦਾ ਸੰਕਲਨ ਕਰ ਰਿਹਾ ਸੀ। ਸੰਤ ਨਾਮਦੇਵ ਜੀ ਦੀਆਂ ਕੁਝ ਰਚਨਾਵਾਂ ਸ਼੍ਰੀ ਗੁਰੂ ਗ੍ਰੰਥ ਵਿਚ ਸ਼ਾਮਿਲ ਹਨ। ਇਹ ਜਾਨਣ ਲਈ ਕਿ ਇਹ ਕਿਹੜੀਆਂ ਰਚਨਾਵਾਂ ਹਨ, ਅਸੀਂ ਜੇਲ੍ਹ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੰਚੀਆਂ ਮੰਗਵਾਈਆਂ। ਸਾਡੇ ਨਾਲ ਦਾ ਇਕ ਸਿੱਖ ਕੈਦੀ ਹਰ ਸਵੇਰ ਜਪੁਜੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਜੋ ਮੈਨੂੰ ਪੂਰਾ ਸਮਝ ਤਾਂ ਨਹੀਂ ਆਉਂਦਾ ਸੀ। ਜਪੁਜੀ ਸਾਹਿਬ ਦੇ ਕਈ ਹਿੱਸੇ ਅਜਿਹੇ ਹਨ ਜਿਨ੍ਹਾਂ ਨੂੰ ਸਰਸਰੀ ਜਾਂ ਆਪਮੁਹਾਰੇ ਸਮਝਣਾ ਸੰਭਵ ਨਹੀਂ। ਮਿਸਾਲ ਦੇ ਤੌਰ ਤੇ ਕਰਮ ਖੰਡ ਵਿਚ ਜੋ ਸ਼ਬਦ ਕਰਮ ਹੈ, ਜਿਸ ਦਾ ਭਾਵ ਮਿਹਰ ਹੈ। ਇਹ ਅਰਬੀ ਦਾ ਲਫ਼ਜ਼ ਹੈ।

ਆਪਣੀ ਇਕ ਪੰਜਾਬ ਯਾਤਰਾ ਵੇਲੇ ਪੰਜਾਬ ਦੇ ਲੋਕਾਂ ਨਾਲ ਹੋਰ ਗਹਿਰਾ ਰਿਸ਼ਤਾ ਕਾਇਮ ਕਰਨ ਲਈ ਮੈਂ ਨਵੇਂ ਸਿਰੇ ਤੋ ਜਪੁਜੀ ਸਾਹਿਬ ਦਾ ਪਾਠ ਕੀਤਾ। ਮੈਂ ਬਹੁਤ ਗਹਿਰੀ ਤਰ੍ਹਾਂ ਪ੍ਰਭਾਵਿਤ ਹੋਇਆ। ਮੇਰੇ ਸੁਪਨਿਆਂ ਵਿਚ ਵੀ ਮੈਨੂੰ ਗੁਰੂ ਨਾਨਕ ਦੇ ਸ਼ਬਦ ਸੁਣਦੇ। ਇਨ੍ਹਾਂ ਦਾ ਮਨਨ ਕਰਨ ਨਾਲ ਪਾਠਕ ਇਨ੍ਹਾਂ ਦੇ ਹੋਰ ਗਹਿਰੇ ਅਰਥਾਂ ਤੱਕ ਪਹੁੰਚਦਾ। ਜਿੰਨਾ ਗਹਿਰਾ ਕੋਈ ਮਨਨ ਕਰਦਾ ਹੈ ਓਨਾ ਹੀ ਏਨਾਂ ਵਿਚ ਲੀਨ ਹੋਈ ਜਾਂਦਾ ਹੈ। ਮੇਰਾ ਮਨ ਕੀਤਾ ਮੈਂ ਸਾਰੇ ਭਾਰਤੀਆਂ ਨਾਲ ਆਪਣਾ ਇਹ ਪ੍ਰਭਾਵ ਸਾਂਝਾ ਕਰਾਂ। ਜਪੁਜੀ ਆਤਮਿਕ ਜੀਵਨ-ਦ੍ਰਿਸ਼ਟੀ ਦਾ ਤੱਤ-ਸਾਰ ਹੈ। ਇਸ ਨੇ ਮੇਰੇ ਦਿਲ ਨੂੰ ਟੁੰਬਿਆ।

ਭਾਰਤੀ ਪਰੰਪਰਾ ਵਿਚ ਦੋਵੇਂ ਕਿਸਮਾਂ ਦੇ ਗ੍ਰੰਥ ਮਿਲਦੇ ਹਨ: ਵਿਆਖਿਆਮਈ ਤੇ ਸੂਕਤੀ-ਰੂਪ। ਜਪੁਜੀ ਦੂਸਰੀ ਵੰਨਗੀ ਦੀ ਸਿਰਜਣਾ ਹੈ। ਇਸਦੀਆਂ 38 ਪੌੜੀਆਂ, ਇਸ ਦਾ ਮੂਲ ਮੰਤਰ, ਤੇ ਅਖ਼ੀਰ ਵਿਚ ਅੰਕਿਤ ਸ਼ਲੋਕ ਸਮੁੱਚੇ ਤੇ ਸੰਘਣੇ ਰੂਪ ਵਿਚ ਧਾਰਮਿਕ ਜੀਵਨ ਦਾ ਤੱਤਸਾਰ ਪੇਸ਼ ਕਰਦੇ ਹਨ। ਇਸ ਤੱਤਸਾਰ ਦਾ ਪ੍ਰਗਟਾਉ ਸਿਰਫ਼ ਸ਼ਰਧਾ ਦੇ ਰੂਪ ਵਿਚ ਨਹੀਂ, ਇਹ ਵਿਚਾਰਾਂ ਦਾ ਉਸਾਰ ਵੀ ਹੈ। ਇਹ ਗਿਆਨ, ਧਿਆਨ, ਭਗਤੀ ਅਤੇ ਸਾਧਨਾ ਦੇ ਮਾਰਗਾਂ ਦਾ ਸੰਗਮ ਹੈ। ਜਿਸਤਰਾਂ ਈਸ਼ ਉਪਨਿਸ਼ਦ ਦੇ 18 ਸੂਤਰਾਂ ਵਿਚ ਵੇਦਾਂਤ ਦਾ ਤੱਤ ਪ੍ਰਗਟਾਇਆ ਗਿਆ ਹੈ ਓਸੇ ਤਰਾਂ ਜਪੁਜੀ ਸਾਹਿਬ ਵਿਚ ਦਰਸ਼ਨ, ਨੈਤਿਕਤਾ, ਅਧਿਆਤਮ ਦੇ ਤੱਤ ਪ੍ਰਗਟਾਇਆ ਗਿਆ ਹੈ ਪਰ ਅਤਿ ਦੀ ਸੰਖੇਪਤਾ ਨਾਲ ਨਹੀਂ।

The year was 1940. I was in jail when I read *Japji Sahib* for the first time. At that time I was compiling the Marathi writings of Saint Namdev. Some of Saint Namdev's verses are included in the Sri Guru Granth Sahib. In order to find out which of his hymns these were, I obtained a copy of the Sri Guru Granth Sahib in jail. A Sikh imprisoned with us then used to recite the Japji Sahib every morning. Which I could not then understand in its entirety. There are many sections of the Japji Sahib which are not possible to understand casually or on one's own. For example, the word karam in the Karam Khand, which means grace, is an Arabic word.

On one of my tours of Punjab, in order to establish a deeper relationship with the people of Punjab, I took up a study of the Japji Sahib all over again. I found myself very deeply influenced. Even in my dreams I would hear the words of Guru Nanak. Contemplation of these words leads to ever deeper meanings being arrived at. The more deeply you contemplate these words, the more you find yourself absorbed in them. I wanted to share the effect of these words on me with all my fellow Indians. Japji is the distilled essence of spiritual life-vision. It inspired my heart.

The Indian tradition contains both types of Scriptures: the exegetical and the epigrammatic. Japji belongs to the second category. Its 38 stanzas (*pauris*, literally, steps), the initial fundamental creed (*mul mantra*), and the couplets that conclude it at the end, all together serve to offer the condensed essence of spiritual life in an all-encompassing and dense form. This essence is presented not merely in terms of belief, but also as a structure of thought. It presents a merging of the paths of enlightenment, meditation, devotion, and practice. Just as the eighteen aphorisms of the Ish Upanishad contain the essence of Vedanta, so the Japji expresses the essence of philosophy, Ethics, and metaphysics, though without the extreme conciseness of the former.



## ਪ੍ਰੇਮੇਂਦ੍ਰ ਮਿਤਰਾ

(ਮਈ 24, 1904 - ਮਈ 3, 1988)

ਮਸ਼ਹੂਰ ਬੰਗਾਲੀ ਕਵੀ, ਗਲਪਕਾਰ ਤੇ ਫ਼ਿਲਮ ਨਿਰਦੇਸ਼ਕ। ਉਸ ਦਾ ਸ਼ੁਮਾਰ ਬੰਗਾਲੀ ਦੇ ਮਹਾਨ ਵਿਗਿਆਨ ਗਲਪਕਾਰਾਂ ਵਿਚ ਹੁੰਦਾ ਹੈ। ਉਨ੍ਹਾਂ ਨੇ ਵਿਗਿਆਨ ਦੀ ਪੜ੍ਹਾਈ ਕੀਤੀ। ਉਹ ਡਾਕਟਰ ਬਣਨਾ ਚਾਹੁੰਦੇ ਸਨ ਪਰ ਅਧਿਆਪਕ ਬਣੇ। ਕੁਝ ਚਿਰ ਵਣਜ ਵਪਾਰ ਤੇ ਵੀ ਅਜਾਈਂ ਹੱਥ ਅਜ਼ਮਾਇਆ। ਅਖੀਰ ਆਪਣੇ ਵਿਚਲੇ ਲੇਖਕ ਦੀ ਪ੍ਰਤਿਭਾ ਨੂੰ ਪਛਾਣਿਆ ਤੇ ਲੇਖਕ ਬਣ ਗਏ। ਉਨ੍ਹਾਂ ਦੀਆਂ ਕਹਾਣੀਆਂ ਧਰਮ ਅਤੇ ਤਰਕਸ਼ੀਲਤਾ ਵਿਚਲੇ ਦਵੰਦ, ਪਿੰਡ ਤੇ ਸ਼ਹਿਰ ਵਿਚਲਾ ਪਾੜੇ, ਜਾਤੀ ਪ੍ਰਬੰਧ ਅਤੇ ਗਰੀਬੀ ਨੂੰ ਚਿਤਰਦੀਆਂ ਹਨ। ਉਨ੍ਹਾਂ ਨੇ ਬੰਗਾਲੀ ਸਾਹਿਤ ਨੂੰ ਅੱਤ ਦੀ ਕੋਮਲਤਾ, ਰੋਮਾਂਸ, ਤੇ ਪੁਰਾਣੇ ਅੰਦਾਜ਼ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਰਾਬਿੰਦਰ ਪੁਰਸਕਾਰ, ਪਦਮ ਸ਼੍ਰੀ ਅਤੇ ਸ਼ਰਤ ਪੁਰੁਸਕਾਰ ਪ੍ਰਾਪਤ ਕੀਤੇ।

## Permendra Mitra

(24 may 1904- 3 may 1988)

He was a renowned Bengali poet, fiction writer and film director. He is one of the great science fiction writers of Bengal. He studied natural sciences and aspired to be a physician during his early years. Later he became a teacher. He tried his hand in business but to no avail. Ultimately, he rediscovered his talent for writing and eventually became a writer. His short stories are well versed with the conflicts of religion and rationality, rural urban divide, caste system, poverty etc. he freed Bengali literature from excessive softness, romance and old styles of writing. He was awarded Rabindra Puruskar, Padmashree and Sharat Puruskar.

ਕੀ ਹਿਮਾਲਾ ਦੀਆਂ ਬਰਫ਼-ਕੱਜੀਆਂ ਸਿਰ ਚਕਰਾਉਂਦੀ ਚੋਟੀਆਂ
ਤੁਹਾਨੂੰ ਮੋਹਿਤ ਤੇ ਹੈਰਾਨ ਕਰ ਦਿੰਦੀਆਂ ਨੇ

ਮੈਂ ਸਮਾਧੀ ਵਿਚ ਬੈਠੇ ਇਨਸਾਨ ਵਿਚ
ਇਸ ਤੋਂ ਵੀ ਅਦਭੁਤ ਉੱਚੀਆਂ ਸ਼ਾਨਾਂ ਦੇਖੀਆਂ ਹਨ,

ਕੀ ਸਮੁੰਦਰ ਦੀ ਅਥਾਹ ਵਿਸ਼ਾਲਤਾ ਦੇਖ ਕੇ ਤੁਸੀਂ ਅਵਾਕ ਰਹਿ ਜਾਂਦੇ ਹੋ

ਮੈਂ ਇਨਸਾਨ ਵਿਚ ਇਸ ਤੋਂ ਵੀ ਜ਼ਿਆਦਾ ਵਿਸ਼ਾਲਤਾ ਦੇਖੀ ਹੈ

ਦੋਮੇਲਾਂ ਤੋਂ ਪਾਰ ਫੈਲੀ ਹੋਈ

ਕੀ ਤੁਹਾਨੂੰ ਦੁਪਹਿਰ ਦੇ ਤਪ ਰਹੇ ਸੂਰਜ ਦੀ ਚਮਕ ਚਕਾਚੌਂਧ ਕਰ ਦਿੰਦੀ ਹੈ

ਮੈਂ ਇਨਸਾਨ ਵਿਚ ਇਸਤੋਂ ਵੀ ਵਧਰੇ ਚਾਨਣਮਈ ਮੌਜੂਦਗੀ ਦੇਖੀ ਹੈ

ਮੈਂ ਇਨਸਾਨ ਵਿਚ ਮੰਦਾਕਿਨੀ ਨਦੀ ਦੇ ਪਾਣੀ ਨਾਲੋਂ ਵੀ ਵੱਧ
ਪਵਿੱਤਰ ਤੇ ਸ਼ੱਫ਼ਾਫ਼ ਵਹਿਣ ਦੇਖਿਆ ਹੈ

ਮੈਂ ਇਨਸਾਨ ਵਿਚ ਅਨੰਤ ਨੀਲੇ ਅਕਾਸ਼ ਨਾਲੋਂ ਵੀ ਜ਼ਿਆਦਾ
ਸਕੂਨ ਬਖ਼ਸ਼ਣ ਦੀ ਬਰਕਤ ਦੇਖੀ ਹੈ

ਇਹੋ ਜਿਹੇ ਕਈ ਇਨਸਾਨਾਂ ਨੇ ਮੇਰੀ ਧਰਤੀ ਨੂੰ ਭਾਗ ਲਾਏ

ਅੱਜ ਮੈਂ ਇਨ੍ਹਾਂ ਸਭਨਾਂ ਦੇ ਸਿਰਤਾਜ ਨੂੰ

ਆਪਣੀ ਖੰਡਿਤ ਸਦੀ ਵੱਲੋਂ ਪ੍ਰਣਾਮ ਕਰਦਾ ਹਾਂ

ਉਹ ਜਿਸ ਨੇ ਆਤਮਿਕ ਘਾਲਣਾ ਵਿਚ ਆਪਣਾ ਤੇਜ ਪ੍ਰਤਾਪ ਮਿਲਾ ਦਿੱਤਾ

ਉਹ ਜਿਹੜਾ ਪਰਮ ਸੱਤ ਦੀ ਖੋਜ ਨੂੰ ਨਿਰਭਇਤਾ ਨਾਲ ਜੋੜ ਦਿੱਤਾ

ਉਹ ਜਿਸ ਨੇ ਧਰਮ ਨੂੰ ਸਾਰੀਆਂ ਵਲਗਣਾਂ ਤੋ ਪਾਰ ਕਰ ਕੇ

ਸਭ ਨੂੰ ਗਲਵੱਕੜੀ ਪਾਉਣ ਵਾਲੀ ਇਨਸਾਨੀਅਤ ਨਾਲ ਜੋੜ ਦਿੱਤਾ

ਉਹ ਸਦੀਵੀ ਆਨੰਦ ਦੀ ਦਿਸ਼ਾ ਦਿਖਾਉਣ ਵਾਲਾ ਤਾਰਾ ਸੀ

ਸਿਰਫ਼ ਕਿਸੇ ਇਕ ਮੱਤ ਨੂੰ ਨਹੀਂ

ਸਾਰੇ ਭਾਰਤ ਨੂੰ,

ਸਾਰੇ ਸੰਸਾਰ ਨੂੰ

ਮੈਂ ਉਸ ਮਹਾਨ ਗੁਰੂ

ਗੁਰੂ ਨਾਨਕ ਨੂੰ ਸਭਨਾਂ ਵੱਲੋਂ ਨਮਸਕਾਰ ਕਰਦਾ ਹਾਂ॥

Do the dizzy snow
capped peeks of the Himalayas
Fascinate and bewilder you ?
I have seen
for wondrous charisma in man
In the magnificence of meditation.
Are You stunned in speechless awe
At the unfathomable expanse of oceans?
I have seen in man a far more astounding vastness
that stretches beyond the horizon.
Does the burning mid day sun dazzle you
with its torrid light?
In man himself I have met a far brighter presence.
I have seen a more sacred and purer flow in man than the snow
melted Waters of Mandakini the river of heaven
and felt a vaster and more profound sense of peace
than that of the limitless blue sky.
Those wonderful men have blessed the soil of this India of ours.
I offer the homage of this distracted Century
to one supreme among them.
He, who has instilled robustness into spiritual striving
And through whom our search for the ultimate truth
has been imbued with courage,
He who has raised religion
above all blind narrowness
Towards an integrated all - embracing humanity
He who has been the guiding star
not of any particular community only but for the whole of India
To the goal of everlasting bliss
To him, The Great Guru Nanak
In deep reverence I offer the obeisance of all my countrymen.



## ਓਸ਼ੋ

(ਦਸੰਬਰ 11, 1931 - ਜਨਵਰੀ 19, 1990)

ਮੱਧ ਪ੍ਰਦੇਸ਼ ਦੇ ਕੱਚਵਾੜਾ ਪਿੰਡ ਵਿਚ ਜਨਮੇ ਚੰਦਰ ਮੋਹਨ ਜੈਨ, ਪਹਿਲਾਂ ਆਚਾਰੀਆ ਰਜਨੀਸ਼, ਭਗਵਾਨ ਰਜਨੀਸ਼ ਅਤੇ ਫਿਰ ਓਸ਼ੋ ਦੇ ਨਾਮ ਨਾਲ ਮਸ਼ਹੂਰ ਹੋਏ। ਨੌਂ ਸਾਲ ਜੱਬਲ ਪੁਰ ਯੂਨੀਵਰਸਿਟੀ ਵਿਚ ਫ਼ਿਲਾਸਫ਼ੀ ਪੜ੍ਹਾਈ। ਨੌਕਰੀ ਛੱਡ ਕੇ ਵੱਖ ਵੱਖ ਥਾਂਵਾਂ ਤੇ ਆਪਣੇ ਵਿਲੱਖਣ ਵਿਚਾਰਾਂ ਦਾ ਪਰਚਾਰ ਕਰਨ ਲੱਗੇ। ਉਨ੍ਹਾਂ ਦੇ ਮੰਤਰ-ਮੁਗਧ ਕਰਨ ਵਾਲੇ ਪ੍ਰਵਚਨਾਂ ਅਤੇ ਕਾਇਲ ਕਰਨ ਵਾਲੇ ਮੁਕਤ ਵਿਚਾਰਾਂ ਨੇ ਬਹੁਤ ਛੇਤੀ ਇਕ ਨਵੀਂ ਅਧਿਆਤਮਕ ਲਹਿਰ ਪੈਦਾ ਕਰ ਦਿੱਤੀ 1974 ਵਿਚ ਉਨ੍ਹਾਂ ਨੇ ਪੂਨੇ ਵਿਚ ਆਪਣਾ ਆਸ਼ਰਮ ਸਥਾਪਿਤ ਕੀਤਾ। ਉਹ ਧਿਆਨ, ਚੇਤਨਤਾ, ਪਿਆਰ, ਜਸ਼ਨ, ਜੁਰਅਤ, ਰਚਨਾਤਮਕਤਾ ਤੇ ਹਾਸ ਵਿਨੋਦ ਨੂੰ ਮਹੱਤਤਾ ਦਿੰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਪ੍ਰਬੰਧਾਂ, ਮਜ਼ਹਬਾਂ, ਪਰੰਪਰਾਵਾਂ ਅਤੇ ਸਮਾਜੀਕਰਣ ਨੇ ਇਨ੍ਹਾਂ ਸਾਰੇ ਲਾਜ਼ਮੀ ਪਹਿਲੂਆਂ ਦਾ ਦਮਨ ਕੀਤਾ ਹੋਇਆ ਹੈ।

## Osho

(11 December 1931- 19 January 1990)

Born in Kuchwada village of Madhya Pradesh. Was named Chandra Mohan Jain. He became known first as Acharya Rajneesh or Bhagwan Shree Rajneesh and then Osho. He taught philosophy for nine years at Jabalpur University. After leaving his job he became a public speaker to express his distinct views. His mesmerizing lectures and the convincing views started a new spiritual movement. In 1974 he established his ashram at Pune. He valued the importance of meditation, mindfulness, love, celebration, courage, creativity and humor. He believed that all these essential aspects of human life are suppressed by systems, religion, tradition and socialization.

ਸਾਖੀ ਹੈ ਕਿ ਗੁਰੂ ਨਾਨਕ ਬੇਈਂ ਨਦੀ ਵਿਚ ਗੁਆਚ ਗਏ।
ਇਸ ਸਾਖੀ ਦੀ ਰਮਜ਼ ਨੂੰ ਸਮਝੋ।
ਜਦ ਤੱਕ ਤੁਸੀਂ ਗੁਆਚ ਨਾ ਜਾਓ, ਜਦ ਤੱਕ ਤੁਸੀਂ ਮਰ ਨਾ ਜਾਓ,
ਓਦੋਂ ਤੱਕ ਪਰਮਾਤਮਾ ਨਾਲ ਮਿਲਾਪ ਨਹੀਂ ਹੁੰਦਾ।
ਤੁਹਾਡਾ ਗੁੰਮ ਜਾਣਾ ਹੀ ਉਸਦਾ ਹੋ ਜਾਣਾ ਹੈ।
ਤੁਸੀਂ ਹੀ ਰੁਕਾਵਟ ਹੋ, ਤੁਸੀਂ ਹੀ ਦੀਵਾਰ ਹੋ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ॥
ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ॥

ਜਦ ਤੁਸੀਂ ਉਸ ਗੁਆਚਣ ਬਾਅਦ ਮੁੜਦੇ ਹੋ ਤਾਂ ਸ਼ਹਿਨਸ਼ਾਹ ਹੋ ਕੇ ਮੁੜਦੇ ਹੋ।
ਜਦ ਤੁਸੀਂ ਗਏ ਸੀ ਤੁਹਾਡੇ ਕੋਲ ਖ਼ਾਲੀ ਪਿਆਲਾ ਸੀ
ਜਦ ਮੁੜੇ ਤਾਂ ਤੁਹਾਡੇ ਕੋਲ ਵੰਡਣ ਲਈ ਅਥਾਹ ਸੀ।

ਨਾਨਕ ਨੇ ਯੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ।
ਨਾਨਕ ਨੇ ਸਿਰਫ਼ ਗਾਇਆ। ਤੇ ਗਾ ਕੇ ਹੀ ਪਾ ਲਿਆ।
ਪਰ ਗਾਇਆ ਉਨ੍ਹਾਂ ਨੇ ਪੂਰੇ ਪ੍ਰਾਣਾਂ ਨਾਲ।
ਗੀਤ ਹੀ ਧਿਆਨ ਹੋ ਗਿਆ,
ਗੀਤ ਹੀ ਜੋਗ ਬਣ ਗਿਆ।
ਗੀਤ ਹੀ ਤਪ ਹੋ ਗਿਆ।
ਨਾਨਕ ਤਾਂ ਸੰਗੀਤਕਾਰ ਹਨ।
ਉਹ ਤਾਂ ਬੋਲਦੇ ਨਹੀਂ ਗਾਉਂਦੇ ਹਨ।
ਕਿਸੇ ਨੇ ਕੁਝ ਪੁੱਛਿਆ ਤਾਂ ਨਾਨਕ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ,
ਉਹ ਰਬਾਬ ਵਜਾਉਣ ਲਗਦਾ ਹੈ
ਤੇ ਨਾਨਕ ਗੀਤ ਗਾਉਣ ਲੱਗ ਪੈਂਦੇ ਹਨ।
ਉਨ੍ਹਾਂ ਨੇ ਗਾ ਕੇ ਕਿਹਾ ਹੈ
ਕਿਉਂ ਕਿ ਪੂਰਾ ਅਸਤਿਤਵ ਗੀਤ ਨੂੰ ਹੀ ਸਮਝਦਾ ਹੈ।
ਜਦੋਂ ਕੋਈ ਸਮਾਧੀ ਵਿਚ ਉੱਤਰ ਆਵੇ ਤਾਂ
ਉਸ ਦੇ ਸੰਗੀਤ ਵਿਚ ਨਾਦ ਉਤਰ ਆਉਂਦਾ ਹੈ।
ੴ ਦੀ ਧੁਨੀ ਗੂੰਜਦੀ ਹੈ।
ਇਹ ਅਨਾਹਤ ਨਾਦ ਹੈ।
ਇਹ ਅਦਵੈਤ ਦੀ ਧੁਨੀ ਹੈ।
ਬਾਕੀ ਸਾਰੀਆਂ ਧੁਨੀਆਂ ਦ੍ਵੈਤ ਤੋਂ ਪੈਦਾ ਹੁੰਦੀਆਂ ਹਨ।
ਨਦੀ ਕੋਲ ਕਲ ਕਲ ਦਾ ਨਾਦ ਹੈ
ਉਹ ਪਾਣੀ ਅਤੇ ਕੰਢੇ ਦੀ ਟੱਕਰ ਨਾਲ ਪੈਦਾ ਹੁੰਦਾ ਹੈ।
ਰੁੱਖ ਦੀ ਸਰਸਰਾਹਟ ਹੁੰਦੀ ਹੈ
ਉਹ ਰੁੱਖ ਅਤੇ ਹਵਾ ਦੀ ਟੱਕਰ ਨਾਲ ਹੁੰਦੀ ਹੈ।
ਪਰ ੴ ਦੀ ਧੁਨੀ ਅਦ੍ਵੈਤ ਦੀ ਧੁਨੀ ਹੈ।

The tale goes that Guru Nanak went missing in the River Bein.
Understand the conceit of this hagiographical tale.
Unless you are lost, unless you lose your life,
you can not meet the Almighty.
Only by losing yourself do you truly become His.
You yourself are your only barrier, you are the wall.
(In the words of Guru Nanak himself:
Where there is 'I-amness', Thou art not; yea, when Thou art within me, then 'I' am not.
Know this unutterable mystery, O ye Wise of the God.
When you return after this being lost

you return as a king among kings. When you left all you had was an empty bowl, when you return you have endless wealth to disburse.

Nanak did not practice yoga, did not practice austerities, did not practice meditation. Nanak only sang. And just by singing he attained. But he sang with such devotion, so that song itself became meditation, song itself became yoga. Song itself became austerities.

Nanak is a composer. He doesn't speak, he sings. Whenever someone asked him something, he would gesture to Mardana, Mardana would begin to play the rabab and Nanak would begin to sing. Everything he wanted to say he sang, because all of existence only understands song. When someone attains enlightenment, his song begins to resonate with Naad, the Cosmic Sound. The note of the One Creator, Ek Onkar, begins to resound. This is the Unstruck Sound. This is the sound of Non-Dualism. All other sounds arise from duality. The gurgling sound of the river is produced through the friction between the water and the bank. The susurration of the trees comes out of the friction between the tree and the wind. But the sound of Ek Onkar is the sound of non-duality.



## ਖੁਸ਼ਵੰਤ ਸਿੰਘ

(ਫ਼ਰਵਰੀ 2, 1915 - ਮਾਰਚ 20, 2014)

ਉਹ ਇਕ ਬੇਬਾਕ ਤੇ ਵਿਅੰਗਮਈ ਪੱਤਰਕਾਰ ਅਤੇ ਕਾਲਮ ਨਵੀਸ ਦੇ ਤੌਰ ਤੇ ਮਸ਼ਹੂਰ ਹੋਏ। ਦੇਸ਼ ਵੰਡ ਬਾਰੇ ਲਿਖੇ ਨਾਵਲ ਟ੍ਰੇਨ ਟੂ ਪਾਕਿਸਤਾਨ ਸਦਕਾ ਉਹ ਇਕ ਸਾਹਿਤਕਾਰ ਦੇ ਤੌਰ ਤੇ ਜਾਣੇ ਗਏ। ਇਸ ਨਾਵਲ ਬਾਰੇ ਫ਼ਿਲਮ ਵੀ ਬਣੀ। ਦੋ ਜਿਲਦਾਂ ਵਿਚ ਲਿਖਿਆ ਗਿਆ ਸਿੱਖ ਇਤਿਹਾਸ: ਦ ਹਿਸਟਰੀ ਆਫ਼ ਦ ਸਿੱਖਸ ਵੀ ਖੁਸ਼ਵੰਤ ਸਿੰਘ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਤੋਂ ਇਲਾਵਾ ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ ਵੀ ਉਨ੍ਹਾ ਵਡਮੁੱਲਾ ਯੋਗਦਾਨ ਹੈ। ਸਾਕਾ ਨੀਲਾ ਤਾਰਾ ਦਾ ਵਿਰੋਧ ਕਰਦਿਆਂ ਉਨ੍ਹਾਂ ਨੇ 1984 ਵਿਚ ਪਦਮ ਭੂਸ਼ਨ ਮੋੜ ਦਿੱਤਾ। 2007 ਵਿਚ ਉਨ੍ਹਾਂ ਨੂੰ ਪਦਮ ਵਿਭੂਸ਼ਣ ਪ੍ਰਦਾਨ ਕੀਤਾ ਗਿਆ।

## Khushwant Singh

(2 February 1915- 20 March 2014)

He is famous for his bold and satirical journalism. His novel about the partition: *The Train to Pakistan* made him known as a writer. A film was also made on this novel. *A History of the Sikhs* in two volumes is also his commendable work. His English translation of the hymns of Gurbani is also his valuable contribution. He returned *Padma Bhushan* in 1984 in protest against Operation Blue Star at Amritsar. In 2007 he was awarded *Padma Vibhushan*.

ਪਿਛਲੇ ਇਕ ਸਾਲ ਤੋਂ ਮੇਰਾ ਰੁਝੇਵਾਂ ਗੁਰੂ ਨਾਨਕ ਦੇਵ ਜੀ ਬਾਣੀ ਨੂੰ ਅਨੁਵਾਦ ਕਰਨ ਦਾ ਰਿਹਾ ਹੈ। ਮੈਨੂੰ ਇਹ ਕਾਰਜ ਬੜਾ ਬਿਖਮ ਲੱਗਾ। ਕਈ ਵਾਰ ਤਾਂ ਗੁਰਬਾਣੀ ਨੂੰ ਸਮਝਣਾ ਤੇ ਅੰਗਰਜ਼ੀ ਵਿਚ ਅਨੁਵਾਦ ਕਰਨਾ ਅਸੰਭਵ ਜਿਹਾ ਲੱਗਣ ਲੱਗ ਪਿਆ। ਪਰ ਕਿਸੇ ਕਿਰਤ ਨਾਲ ਲੁੱਝਣ ਵਿਚੋਂ ਪੈਦਾ ਹੋਣ ਵਾਲੀ ਪੀੜਾ, ਰੋਹ ਤੇ ਨਿਰਾਸ਼ਾ ਨੂੰ ਮੈਂ ਕਦੀ ਏਨਾ ਫਲਦਾਇਕ ਤੇ ਸਰੂਰ ਭਰਿਆ ਨਹੀਂ ਮਹਿਸੂਸ ਕੀਤਾ ਸੀ, ਜਿੰਨਾਂ ਮੈਂ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਬੁਣਤੀ ਨੂੰ ਸਮਝਦਿਆਂ ਅਤੇ ਉਨ੍ਹਾਂ ਲਈ ਸਾਂਵੇਂ ਤੇ ਸਮਾਨਰਥੀ ਲਫ਼ਜ਼ ਸਮਝਦਿਆਂ ਮਹਿਸੂਸ ਕੀਤਾ। ਗੁਰੂ ਨਾਨਕ ਦੇਵ ਜੀ ਇਕ ਪੰਕਤੀ ਵਿਚ ਏਨਾ ਕੁਝ ਕਹਿ ਦੇਂਦੇ ਹਨ ਜਿੰਨਾ ਦੂਸਰੇ ਕਵੀ ਪੂਰੀ ਕਵਿਤਾ ਵਿਚ ਵੀ ਨਹੀਂ ਕਹਿ ਸਕਦੇ। ਪ੍ਰਕ੍ਰਿਤੀ ਚਿਤਰਣ, ਸਥਾਨ-ਸਥਿਤੀ-ਵਰਣਨ, ਭਾਵਾਂ ਨੂੰ ਅਰਥ ਪ੍ਰਦਾਨ ਕਰਨ, ਜਾਂ ਸਦਾਚਾਰਕ ਸਿੱਖਿਆ ਦੇਣ ਵਿਚ ਮੈਂ ਐਸਾ ਕੋਈ ਕਵੀ ਨਹੀਂ ਦੇਖਿਆ ਜੋ ਗੁਰੂ ਨਾਨਕ ਦੇਵ ਜੀ ਦੀ ਪ੍ਰਾਪਤੀ ਦੇ ਨੇੜੇ ਪੁੱਜ ਸਕਿਆ ਹੋਵੇ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਰਤਾ ਇਕ ਹੈ ਪਰ ਉਸ ਦੇ ਅਨੇਕਾਂ ਹੀ ਨਾਮ, ਸਿਫ਼ਤਾਂ ਤੇ ਮੁੱਲ ਹਨ। ਉਹ ਨਿੱਤ ਨਵਾਂ, ਸਦਾ ਜਵਾਨ, ਸਦਾ ਨਵੀਨ, ਸੱਜਰਾ ਅਤੇ ਆਨੰਦ ਦੇਣ ਵਾਲਾ ਹੈ। ਉਹ ਲਿਖਦੇ ਹਨ: ਕਤਰਾ ਸਾਗਰ ਵਿਚ ਹੈ ਤੇ ਸਾਗਰ ਕਤਰੇ ਵਿਚ। ਰਾਤ ਦਿਨ ਵਿਚ ਹਾਜ਼ਰ ਹੈ ਤੇ ਦਿਨ ਰਾਤ ਵਿਚ। ਪੁਰਖ ਵਿਚ ਨਾਰੀ ਹੈ ਤੇ ਨਾਰੀ ਵਿਚ ਪੁਰਖ।

ਗੁਰੂ ਨਾਨਕ ਦੇਵ ਜੀ ਦਾ ਰਚਿਆ ਬਾਰਹਮਾਹਾ ਮੈਨੂੰ ਬਹੁਤ ਖਿੱਚ ਪਾਉਂਦਾ ਹੈ। ਜਿਸ ਵਿਚ ਉਹ ਪਹਿਲਾਂ ਆਲੇ ਦੁਆਲੇ ਦੀ ਸੁੰਦਰਤਾ ਨੂੰ ਬਿਆਨ ਕਰਦੇ ਹਨ। ਫਿਰ ਉਸ ਵਿਚੋਂ ਹੀ ਕੋਈ ਉਪਦੇਸ਼ ਦੇਂਦੇ ਹਨ। ਪਹਿਲਾ ਮਹੀਨਾ ਚੇਤਰ ਹੈ ਜੋ ਭੌਰਿਆਂ ਨਾਲ ਭਰਪੂਰ ਹੈ, ਜੰਗਲ ਵਿਚ ਫੁੱਲ ਟਹਿਕ ਰਹੇ ਹਨ, ਅੰਬਾਂ ਦੇ ਬੇਲਿਆਂ ਵਿਚ ਕੋਇਲ ਕੂਕ ਰਹੀ ਹੈ। ਵਿਸਾਖ ਵਿਚ ਡਾਲੀਆਂ ਨਵੇਂ ਵੇਸ ਪਹਿਨਦੀਆਂ ਹਨ। ਜੇਠ ਮਹੀਨੇ ਧਰਤੀ ਤਪਦੀ ਹੈ, ਸੂਰਜ ਲੂੰਹਦਾ ਹੈ। ਆਕਾਸ਼ ਤੇ ਧਰਤੀ ਭੱਠ ਵਾਂਗ ਬਲਦੇ ਹਨ। ਪਾਣੀ ਸੁੱਕ ਜਾਂਦਾ ਹੈ। ਸ਼ਾਮੀਂ ਜਦੋਂ ਸੂਰਜ ਦਾ ਰੱਥ ਪਹਾੜਾਂ ਦੀਆਂ ਚੋਟੀਆਂ ਤੋਂ ਲੰਘਦਾ ਹੈ, ਧਰਤੀ ਉੱਤੇ ਲੰਮੇ ਪਰਛਾਂਵੇਂ ਪੈਂਦੇ ਹਨ। ਰਾਤਾਂ ਨੂੰ ਜੰਗਲ ਵਿਚ ਬੀਂਡੇ ਬੋਲਦੇ ਹਨ।

For the last one year I have been occupied with translating the hymns of Guru Nanak Dev Ji. I found this task to be very difficult. Many a time understanding gurbani and translating it into English would begin to seem almost impossible. But never had I felt the pain, anger and disappointment arising from engaging in some task to be so fruitful and exhilarating, as I have felt in understanding the weave of Guru Nanak Dev Ji's thoughts and finding equivalent and synonymous words for them. Guru Nanak Dev Ji manages to say so much in one line that other poets cannot say in even entire poems. In the depiction of nature, the description of the current conditions, giving meaning to emotions, or offering moral lessons, I have not come across any poet that manages to even come close to Guru Nanak Dev Ji's attainment.

Guru Nanak Dev Ji says that God is one but he has countless names, qualities and merits. He is ever renewing, ever young, ever new, fresh and the bringer of bliss. He writes: the drop is in the ocean and the ocean is in the drop. The night is present in the day and the day in the night. Man is in woman and woman in man.

The Baramasa composed by Guru Nanak Dev Ji attracts me immensely. In which he first describes the beauty of the surroundings. And then from within that he gives some lessons. The first month is *Chaitr*, which is bursting with bumble-bees, the flowers are blooming in the jungle, the *koel* is singing in the mango groves. The branches wear new attire in *Baisakh*. The earth scorches in the month of *Jeshtha*, the sun smoulders. The earth and the sky bake like a kiln. The water dries up. In the evening when the chariot of the sun passes the peaks of the mountains, long shadows fall on the earth. At night the crickets chirp in the jungle.



## ਡਾ ਮਨਜ਼ੂਰ ਏਜਾਜ਼

ਪੰਜਾਬੀ ਅਦੀਬ, ਦਾਨਿਸ਼ਵਰ ਅਤੇ ਕਾਲਮਨਵੀਸ ਡਾ ਮਨਜ਼ੂਰ ਏਜਾਜ਼ 1980ਵਿਆਂ ਵਿਚ ਆਪਣੀ ਜਨਮ ਭੋਂ ਬੁਰਜਵਾਲ ਤੋ ਅਮਰੀਕਾ ਆ ਗਏ। ਉਹ ਕਈ ਦਹਾਕਿਆਂ ਤੋਂ ਵਰਜੀਨੀਆ ਰਹਿ ਰਹੇ ਹਨ। ਵਾਸ਼ਿੰਗਟਨ ਡੀ ਸੀ ਵਿਚ ਨੌਕਰੀ ਕਰ ਰਹੇ ਹਨ ਪਰ ਉਨ੍ਹਾਂ ਨੂੰ ਸਾਰੀ ਖ਼ਬਰ ਹੁੰਦੀ ਹੈ ਪਾਕਿਸਤਾਨ ਵਿਚ ਕੀ ਵਾਪਰ ਰਿਹਾ ਹੈ। ਦੋਹਾਂ ਪੰਜਾਬਾਂ ਦਾ ਕੀ ਹਾਲ ਹੈ। ਲਾਹੌਰ ਵਿਚ ਕੀ ਹੋ ਰਿਹਾ ਹੈ, ਉਸਦੀ ਜਨਮ-ਭੂਮੀ ਉਹਦੇ ਪਿੰਡ ਦੇ ਲੋਕਾਂ ਦਾ ਜੀਣਾ ਥੀਣਾ ਕਿਵੇਂ ਐਂ। ਹੁਣੇ ਜਿਹੇ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਵਿਚ ਆਪਣੀ ਆਤਮ-ਕਥਾ ਰੀਲੀਜ਼ ਕੀਤੀ: ਜਿੰਦੜੀਏ ਤਣ ਦੇਸਾਂ ਤੇਰਾ ਤਾਣਾ। ਇਸ ਮੌਕੇ ਤੇ ਮਸ਼ਹੂਰ ਕਵੀ ਮਜ਼ਹਰ ਤਿਰਮਜ਼ੀ ਨੇ ਕਿਹਾ: ਇਹ ਆਤਮ-ਕਥਾ ਇਕ ਸ਼ਖ਼ਸ ਦੀ ਕਹਾਣੀ ਨਹੀਂ, ਇਕ ਸਮੇਂ ਦੀ ਕਹਾਣੀ ਹੈ। ਮਨਜ਼ੂਰ ਏਜਾਜ਼ ਸੱਚ ਦੇ ਅੰਗ ਸੰਗ ਜੀਉਣ ਵਿਚ ਯਕੀਨ ਰੱਖਦਾ ਹੈ।

## Dr Manzur Ejaz

Punjabi writer, intellectual and columnist Dr Manzur Ejaz migrated from his native place, Burjwala to the US in the 1980s. He has lived in Virginia and worked in Washington DC for decades but he is always up to date on what is happening in Pakistan, in Punjab (both Pakistani and Indian), in Lahore, his own village and his own community.

He has recently launched his autobiography: *Jindariae Tan Desaan Tera Tana* at his hometown. Releasing the book famous poet Mazhar Tirmazi said: This autobiography is not just a story of one person; it is a story of the times.

Manzur Ejaz believes that life should be lived through truth and without compromise.

ਪੰਜਾਬ ਦੀ ਵਿਚਾਰਧਾਰਾ ਵਿਚ ਬਾਬੇ ਨਾਨਕ ਦੀ ਥਾਂ ਬਹੁਤ ਉਚੀ ਹੈ।

ਆਮ ਤੌਰ ਤੇ ਬਾਬਾ ਨਾਨਕ ਨੂੰ ਸੂਫ਼ੀਆਂ ਤੇ ਭਗਤਾਂ ਦੀ ਲੜੀ ਵਿਚ ਪਰੋਇਆ ਜਾਂਦਾ, ਤੇ ਇਹ ਗੱਲ ਸਹੀ ਵੀ ਹੈ ਉਹ ਏਸੇ ਲੜੀ ਦੇ ਹੀ ਸ਼ਾਇਰ ਸਨ। ਪਰ ਬਾਬਾ ਨਾਨਕ ਸਿਰਫ਼ ਸ਼ਾਇਰ ਹੀ ਨਹੀਂ ਸਨ। ਬਾਬਾ ਨਾਨਕ ਵਿਚ ਵਾਧਾ ਇਹ ਸੀ ਉਹ ਇਕ ਫ਼ਿਲਾਸਫ਼ਰ ਵੀ ਸਨ, ਇਕ ਸਿਆਸੀ ਟਿੱਪਣੀਕਾਰ ਵੀ ਸਨ, ਇਕ ਤਾਰੀਖ਼ਦਾਨ ਵੀ ਸਨ।

ਬਾਕੀ ਜਿਹੜੇ ਕਵੀ ਹਨ ਉਹ ਸੈਨਤ ਜਾਂ ਰਮਜ਼ ਤਾਂ ਮਾਰਦੇ ਸਨ, ਤਾਰੀਖ਼ ਵੱਲ ਜਾਂ ਸਿਆਸਤ ਵੱਲ ਜਾਂ ਦੂਜੀਆਂ ਗੱਲਾਂ ਵੱਲ। ਲੇਕਿਨ ਉਹ ਖੁੱਲ੍ਹ ਕੇ ਟਿੱਪਣੀ ਨਹੀਂ ਕਰਦੇ। ਬਾਬੇ ਨਾਨਕ ਦਾ ਇਹ ਵਾਧਾ ਹੈ ਕਿ ਉਹ ਖੁੱਲ੍ਹ ਕੇ ਟਿੱਪਣੀ ਕਰਦੇ ਹਨ। ਅਗਰ ਬਾਬਰ ਨੇ ਹਮਲਾ ਕੀਤਾ ਤਾਂ ਉਸ ਤੇ ਉਹਨਾਂ ਖੁੱਲ੍ਹ ਕੇ ਕੁਮੈਂਟ ਕੀਤਾ ਕਿ ਇਸ ਦਾ ਅਸਰ ਕੀ ਹੋਇਆ ਇਹ ਗੱਲ ਤੁਹਾਨੂੰ ਹੋਰ ਕਿਸੇ ਤਾਰੀਖ਼ਦਾਨ ਵਿਚ ਜਾਂ ਕਲਾਸੀਕਲ ਸ਼ਾਇਰ ਵਿਚ ਨਹੀਂ ਮਿਲੇਗੀ। ਬਾਬੇ ਨਾਨਕ ਨੂੰ ਪੜ੍ਹੇ ਬਗੈਰ ਪੰਜਾਬ ਦੀ ਵਿਚਾਰਧਾਰਾ ਨੂੰ ਸਮਝਣਾ ਨਾਮੁਮਕਿਨ ਹੈ। ਪੰਜਾਬ ਦੀ ਤਾਰੀਖ਼ ਨੂੰ ਲੋਕਾਂ ਦੇ ਪੱਖ ਨਾਲ ਵੇਖਣਾ। ਇਕ ਤਾਂ ਉਹ ਤਾਰੀਖ਼ਾਂ ਨੇ ਜੋ ਸਰਕਾਰੀ ਤੇ ਦਰਬਾਰੀ ਨੇ। ਪਰ ਇਹ ਜਿਹੜੀ ਤਾਰੀਖ਼ ਹੈ ਕਿ ਲੋਕਾਂ ਦਾ ਤਾਰੀਖ਼ ਹੈ, ਲੋਕਾਂ ਨਾਲ ਕੀ ਹੋ ਰਿਹਾ। ਬਾਕੀ ਤਾਰੀਖ਼ਾਂ ਤਾਂ ਇਹ ਨੇ ਇਕ ਪਾਸੇ ਇਬਰਾਹੀਮ ਲੋਧੀ ਸੀ ਤੇ ਦੂਜੇ ਪਾਸੇ ਬਾਬਰ ਸੀ ਤੇ ਬਾਬਰ ਨੇ ਉਹਦੇ ਤੇ ਫ਼ਤਹਿ ਪਾ ਲਈ। ਤੇ ਉਹ ਬਾਦਸ਼ਾਹ ਬਣ ਗਿਆ। ਤੁਸੀਂ ਏਨੀ ਕਹਾਣੀ ਪੜ੍ਹ ਕੇ ਅੱਗੇ ਤੁਰ ਪੈਂਦੇ ਓ, ਉਹਦੇ ਕੋਲ ਕਿੰਨੇ ਹਾਥੀ ਸਨ, ਉਹਦੇ ਕੋਲ ਕਿੰਨੇ ਘੋੜੇ ਸਨ। ਪਰ ਤੁਹਾਨੂੰ ਇਹ ਨਹੀ ਪਤਾ ਲੱਗਦਾ ਪਈ ਉਸ ਕਹਾਣੀ ਵਿਚ ਲੋਕਾਂ ਨਾਲ ਕੀ ਹੋਇਆ। ਇਹ ਬਾਬਾ ਨਾਨਕ ਦੱਸਦਾ। ਏਸ ਲਈ ਮੈਂ ਕਹਿੰਨਾਂ ਕਿ ਬਾਬੇ ਨਾਨਕ ਨੂੰ ਪੜ੍ਹੇ ਬਗੈਰ ਨਾ ਤੁਸੀਂ ਲੋਕਾਂ ਦੀ ਤਾਰੀਖ਼ ਜਾਣ ਸਕਦੇ ਹੋ ਤੇ ਨਾ ਇਹ ਜਾਣ ਸਕਦੇ ਹੋ ਕਿ ਵਿਚਾਰਧਾਰਾ ਅੱਗੇ ਕਿਵੇਂ ਵਧੀ। ਲੋਕ ਤਾਰੀਖ਼ ਦੀ ਨੀਂਹ ਬੱਧੀ। ਜ਼ੁਲਮ ਦਾ ਨਿਜ਼ਾਮ ਕਾਇਮ ਹੋ ਰਿਹਾ।

ਕਿਸੇ ਹੋਰ ਦੇ ਵਿਚਾਰਾਂ ਤੇ ਕੋਈ ਤਹਿਰੀਕ ਨਹੀਂ ਬਣੀ, ਬਾਬੇ ਨਾਨਕ ਦੀ ਸੋਸ਼ਲ ਫ਼ਿਲਾਸਫ਼ੀ ਸੀ। ਬਾਬੇ ਨੇ ਕੌਨਫ਼ਲਿਕਟ ਉਘੇੜੀ।

ਬਾਬੇ ਨਾਨਕ ਦੀ ਜ਼ੁਬਾਨ ਫ਼ਿਲਾਸਫ਼ੀਕਲ ਡਿਸਕੋਰਸ ਦੀ ਹੈ। ਉਹ ਸਧੂਕੜੀ ਹੈ। ਪੰਜਾਬ ਦਾ ਸਭ ਤੋਂ ਵੱਡਾ ਜੋ ਦਾਨਿਸ਼ਵਰ ਸੀ, ਸੂਝਵਾਨ ਸੀ ਉਹ ਬਾਬਾ ਨਾਨਕ ਸੀ। ਓਨਾ ਕੰਪਰੀਹੈਂਸਵ, ਓਨੀਆਂ ਡਾਈਮੈਂਨਸ਼ਨਜ਼ ਉੱਤੇ ਲਿਖਣ ਵਾਲਾ ਹੋਰ ਕੋਈ ਸੂਝਵਾਨ ਤੁਹਾਨੂੰ ਨਜ਼ਰ ਨਹੀਂ ਆਉਂਦਾ।

ਬਾਬੇ ਨਾਨਕ ਦੀ ਸੰਗਤ ਵਿਚ ਇਕ ਪੋਟੈ੍ਹਸ਼ੀਅਲ ਸੀ ਕਿ ਊਹ ਮੂਵਮੈਂਟ ਸੀ

ਉਨ੍ਹਾਂ ਦੀ ਵਡਿਆਈ ਏਨੀ ਸੀ ਕਿ ਉਹ ਰਿਲੀਜਨ ਬਣ ਗਿਆ।

Baba Nanak's position in the ideological tradition of Punjab is very high. Usually he is strung in the tradition of Sufi Bhagats, and it would be correct to say that he was a poet of this tradition. But Baba Nanak was not just a poet he was a philosopher, a political commentator and a historian as well.

What makes Baba Nanak special is that when Babur invaded India he commented at length on it and the impact it had. You will not find this in any other scholar of history or classical poet.

It is impossible to understand the ideological tradition of Punjab without having read Baba Nanak. To see the history of Punjab from the perspective of the people. On the one hand we have those histories that are official or court histories. But this history is the history of the people, of what happened to the common people. The other histories tell us that on one side stood Ibrahim Lodhi and on the other side was Babur, and that Babur was victorious over him. And he became the ruler. We move on after reading this much of the story, how many elephants he had, and how many horses. But you do not get to know what happened to the common people in that story. This Baba Nanak tells us. That is why I say that without reading Nanak you can neither know the history of the people nor know how the ideological tradition progressed forward. The foundation of people's history was laid down. The rule of tyranny kept going. No one else's philosophy inspired a movement, it was Baba Nanak's social philosophy. Baba Nanak exposed conflict.

It is commonly assumed that Babur attacked the non-Muslims of Hindustan, battled with them and won a victory. But the reality is that the rulers of the time, the Lodhis, were also Muslim. Babur became the ruler having defeated fellow Muslims.

Baba Nanak's language is that of philosophical discourse. It is also the language of *Sadhokri* (the mixed dialect used by medieval Indian saints). The most knowledgeable and wise man of Punjab was Baba Nanak. You cannot find any other knowledgeable person who was so comprehensive and who wrote on so many dimensions. He abandoned his life as a householder and travelled over 42000 miles. He created a congregation. He did not lean towards family. Because the Suhrawardis possessed ancestral property, the inheritance of the Pirhood remained within the family. What I have to offer is a legacy of thought. There is no property to pass down. Baba Nanak was not founding any religion. He was creating a new congregation. This congregation of Baba Nanak's had the potential that though it began as a movement, because of his greatness it turned into a religion.



## ਅੰਮ੍ਰਿਤਾ ਪ੍ਰੀਤਮ

(1919 - 2005)

ਅੰਮ੍ਰਿਤਾ ਪ੍ਰੀਤਮ ਪੰਜਾਬੀ ਭਾਸ਼ਾ ਦੀ ਪਹਿਲੀ ਪ੍ਰਮੁਖ ਨਾਰੀ ਸਾਹਿਤਕਾਰ ਹੈ ਜਿਸ ਨੇ ਕਵਿਤਾ, ਗਲਪ ਅਤੇ ਵਾਰਤਕ ਦੀਆਂ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ।

31 ਅਗਸਤ, 1919 ਨੂੰ ਗੁਜਰਾਂਵਾਲਾ ਵਿਚ ਜਨਮੀ ਅੰਮ੍ਰਿਤ ਨੇ ਬਹੁਤ ਛੋਟੀ ਉਮਰ ਵਿਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਪਰ ਪ੍ਰਸਿੱਧੀ 28 ਸਾਲਾਂ ਦੀ ਉਮਰ ਵਿਚ ਮਿਲੀ ਜਦੋਂ ਉਨ੍ਹਾ ਨੂੰ ਪੰਜਾਬ ਦੇ ਬਟਵਾਰੇ ਬਾਰੇ ਆਪਣੀ ਸ਼ਾਹਕਾਰ ਰਚਨਾ: ਅੱਜ ਆਖਾਂ ਵਾਰਿਸ ਸ਼ਾਹ ਨੂੰ ਲਿਖੀ। ਅੰਮ੍ਰਿਤਾ ਪ੍ਰੀਤਮ ਤੇ ਇਮਰੋਜ਼ ਨੇ ਕਈ ਸਾਲ ਨਾਗਮਣੀ ਨਾਮ ਦੀ ਸ਼ਾਨਦਾਰ ਮਾਸਿਕ ਪੱਤ੍ਰਿਕਾ ਵੀ ਕੱਢੀ।

ਅੰਮ੍ਰਿਤਾ ਪ੍ਰੀਤਮ ਨਾਰੀ ਦੀ ਸੁਤੰਤਰਤਾ ਅਤੇ ਸ਼ਕਤੀਕਰਣ ਦਾ ਪ੍ਰਤੀਕ ਬਣ ਚੁੱਕੇ ਹਨ ਤੇ ਨਵੀਆਂ ਲੇਖਕਾਵਾਂ ਲਈ ਪ੍ਰੇਰਣਾ ਦਾ ਵੱਡਾ ਸ੍ਰੋਤ ਹਨ।

ਉਹ ਗਿਆਨ ਪੀਠ ਪ੍ਰਾਪਤ ਕਰਨ ਵਾਲੀ ਪਹਿਲੀ ਪੰਜਾਬੀ ਸਾਹਿਤਕਾਰ ਹੈ।

## Amrita Pritam

(1919 - 2005)

Amrita Pritam is the first eminent woman writer of the Punjabi Language who wrote numerous books of poetry, fiction and prose. Born on August 31, 1919 in Gujranwala, Amrita Pritam started writing very early. But she came into prominence at the age of 28 when she wrote her masterpiece poem *Ajj Akhan Waris Shah Nu* about partition. She along with Imroz brought out a very distinctive monthly magazine *Nagmani* for many years. She is an icon of liberation and empowerment of women and a great source of inspiration for the next generation of women writers.

She is the first Punjabi writer to win the prestigious *Jnanpith Award*.

### ਫ਼ਾਸਲਾ

ਮੈਂ ਸੋਚਿਆ ਤੇਰੇ ਜਨਮ ਦੀ ਸਾਖੀ ਲਿਖਾਂ
ਪਰ ਕਲਮ ਨੂੰ ਲੱਭਣ ਗਈ ਤਾਂ ਉਹ ਕਿਤੇ ਲੱਭੀ ਨਹੀਂ
ਕਲਮ ਜੋ ਕਿਸੇ ਪਕਵਾਨ ਚੋਂ ਵਗਦੇ ਲਹੂ ਚੋਂ ਡੋਬਾ ਲਵੇ
ਕਲਮ ਜੋ ਕਿਸੇ ਕੋਧਰੇ ਚੋਂ ਸਿੰਮਦੇ ਦੁੱਧ ਚੋਂ ਡੋਬਾ ਲਵੇ
ਫਿਰ ਸੋਚਿਆ ਤੇਰੇ ਦਰਬਾਰ ਵਿਚ ਜਾਵਾਂ

ਪਰ ਤੁਰਨ ਲੱਗੀ
ਤਾਂ ਤੇਰਾ ਇਕ ਬੋਲ ਤੁਰਦਿਆਂ ਮੇਰੀ ਉਮਰ ਬੀਤੀ
ਤਾਂ ਤੇਰਾ ਇਕ ਬੋਲ ਮੈਥੋਂ ਲੰਘਿਆ ਨਾ ਗਿਆ
ਤੇਰੀ ਬਾਣੀ ਦੇ ਸ਼ਬਦ ਮੈਂ ਉਧਾਰ ਲੈ ਲਏ
ਪਰ ਇਕ ਅਰਥ ਸੀ ਜੋ ਕਿਸੇ ਤੋਂ ਮੰਗਿਆ ਨਾ ਗਿਆ

ਸ਼ਬਦ ਮੇਰੇ ਹੋਠਾਂ ਦੀ ਰੌਣਕ ਹਨ
ਪਰ ਅਰਥ ਮੇਰੇ ਮੱਥੇ ਦਾ ਹਉਕਾ ਹੈ

ਫਿਰ ਸੋਚਿਆ ਤੇਰੀ ਕੋਈ ਗੱਲ ਤੋਰਾਂ
ਪਰ ਗੱਲ ਤੋਰਾਂ ਤਾਂ ਇਕ ਹਉਕਾ ਉਹਦੇ ਨਾਲ਼ ਤੁਰੇ
ਤੇ ਤੂੰ ਉਸ ਗੱਲ ਚੋਂ ਬਾਹਰ ਰਹਿ ਜਾਵੇਂ
ਸਿਰਫ਼ ਇਕ ਹਉਕਾ ਪੜ੍ਹੇ
ਤੇ ਮੈਂ ਤੇਰੀ ਇਤਿਹਾਸਕਾਰ ਕਲਮ-ਵਿਹੂਣੇ ਇਤਿਹਾਸ ਨੂੰ ਲੈ ਕੇ
ਅੱਜ ਤੇਰੇ ਦਰਬਾਰ ਚੋਂ ਬਾਹਰ ਇਕ ਹਉਕੇ ਦੀ ਵਿੱਥ 'ਤੇ ਖਲੋਤੀ ਹਾਂ

I thought – let me write the tale of your life
but when I went searching for my pen I couldn't find it anywhere
the pen dipped in blood flowing from some fine treat
the pen dipped in milk dripping from some coarse bread
Then I thought – let me go to your court

but when I set off
to traverse one word of yours my life passed
and I couldn't pass across a single word of yours
I borrowed the words of your hymns
but I couldn't ask anyone for a single meaning

Words are the shining glory of my lips
but meaning is the sigh of my forehead

Then I thought – let me start a conversation about you
but every conversation I started would start with a sigh
and you somehow would remain outside of it
merely sighing
And I, your historian – holding my pen-less history
outside your court today – stand on the space of a sigh.



### ਸੰਤ ਸਿੰਘ ਸੇਖੋਂ

(1908-1997)

ਸੰਤ ਸਿੰਘ ਸੇਖੋਂ ਦਾ ਸ਼ੁਮਾਰ ਵੀਹਵੀਂ ਸਦੀ ਦੇ ਸਭ ਤੋਂ ਸ੍ਰੇਸ਼ਟ ਸਾਹਿਤਕਾਰਾਂ ਵਿਚ ਹੁੰਦਾ ਹੈ। ਸਿਰਜਣਾਤਮਕ ਲੇਖਕ ਦੇ ਤੌਰ ਤੇ ਉਨ੍ਹਾਂ ਨੇ ਨਾਟਕ, ਗਲਪ ਅਤੇ ਵਾਰਤਕ ਆਦਿ ਸਾਰੇ ਖੇਤਰਾਂ ਵਿਚ ਮਹਾਨ ਪ੍ਰਾਪਤੀ ਕੀਤੀ। ਆਧੁਨਿਕਤਾ ਦੇ ਪ੍ਰਸੰਗ ਵਿਚ ਉਨ੍ਹਾਂ ਨੇ ਸਿਰਫ਼ ਸਿੱਧਾਂਤਕ ਪ੍ਰਤਿਮਾਨ ਹੀ ਸਥਾਪਿਤ ਨਹੀਂ ਕੀਤੇ, ਵਿਵਹਾਰ ਵਿਚ ਵੀ ਉਨ੍ਹਾਂ ਨੂੰ ਨਿਭਾਇਆ ਤਾਂ ਜੋ ਚਿਰਜੀਵੀ ਮਿਸਾਲਾਂ ਕਾਇਮ ਹੋ ਜਾਣ। । ਜਿੱਥੋਂ ਤੱਕ ਆਲੋਚਨਾਤਮਕ ਸਿੱਧਾਂਤ ਅਤੇ ਸਾਹਿਤਕ ਸਮੀਖਿਆ ਦਾ ਸੰਬੰਧ ਹੈ ਉਹ ਪੰਜਾਬੀ ਵਿਚ ਇਨ੍ਹਾਂ ਦੇ ਤਾਂ ਉਹ ਬਾਨੀ ਸਨ। ਪੰਜਾਬੀ ਸਾਹਿਤ ਦੇ ਇਤਿਹਾਕਾਰ ਦੇ ਤੌਰ ਤੇ ਉਨ੍ਹਾਂ ਦਾ ਕੋਈ ਸਾਨੀ ਨਹੀਂ। ਉਨ੍ਹਾਂ ਦੀ ਆਤਮ-ਕਥਾ ਨੂੰ ਪੰਜਾਬੀ ਵਿਚ ਇਸ ਰੂਪ ਵਿਧਾ ਦੀ ਇੱਕੋ ਇਕ ਪ੍ਰਮਾਣਿਕ ਕਿਰਤ ਮੰਨਿਆ ਜਾਂਦਾ ਹੈ। ਪੰਜਾਬੀ ਤੋਂ ਅੰਗਰੇਜ਼ੀ ਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਉਨ੍ਹਾਂ ਨੇ ਬਹੁਤ ਸਾਰੇ ਅਨੁਵਾਦ ਕੀਤੇ। ਆਧੁਨਿਕ ਪੰਜਾਬੀ ਸਾਹਿਤ ਵਿਚ ਅਜਿਹੀ ਕੋਈ ਵਿਧਾ ਲੱਭਣੀ ਮੁਸ਼ਕਲ ਹੈ ਜਿਸ ਤੇ ਉਨ੍ਹਾਂ ਦੀ ਗਹਿਰੀ ਛਾਪ ਨਾ ਹੋਵੇ।

### Sant Singh Sekhon

(1908 -1997)

Sant Singh Sekhon was the most eminent writer of the 20th century. As a creative writer he achieved great excellence in the field of drama, fiction and prose in equal measure. In the modern context he not only expounded their theoretical norms but also realized them in practice so as to set their lasting precedents. As for critical theory and literary criticism, he was their founder in Punjabi. As a historian of Punjabi literature, he was unmatched. His autobiography is regarded as the only candid Punjabi writing of this genre. He was a prolific translator of writings of Punjabi into English and vice-versa. It is hard to imagine any genre in modern Punjabi literature without his deep imprint.

ਗੁਰੂ ਨਾਨਕ ਦੀ ਰਚਨਾ ਨੂੰ ਤਿੰਨ ਮੁਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਅਧਿਆਤਮਿਕ-ਆਚਰਕਣਕ, ਸਮਾਜਕ-ਰਾਜਸੀ ਤੇ ਵੈਨਿਕ ਭਗਤੀਆਤਮਕ। ਗੁਰੂ ਨਾਨਕ ਤੋਂ ਪਹਿਲਾਂ ਪੰਜਾਬੀ ਬੋਲੀ ਵਿਚ ਆਚਰਣਕ-ਆਚਰਣਕ ਰਚਨਾ ਬਹੁਤ ਘੱਟ ਹੋਈ ਹੈ। ਗੁਰੂ ਨਾਨਕ ਨੇ ਪਹਿਲੀ ਵਾਰ ਪੰਜਾਬੀ ਨੂੰ ਅਧਿਆਤਮਕ ਤੇ ਸਮਾਜਕ ਆਲੋਚਨਾ ਦੇ ਖੇਤਰ ਵਿਚ ਵਰਤੋਂ ਵਿਚ ਲਿਆਂਦਾ। ਸਿੱਧ ਹੈ ਕਿ ਇਨ੍ਹਾਂ ਕਾਰਜਾਂ ਲਈ ਸ਼ਬਦਾਵਲੀ ਆਪ ਨੂੰ ਲੋਕ-ਕੰਠ ਦੀ ਬੋਲੀ ਜਾਂ ਲੋਕ ਗੀਤਾਂ ਵਿਚੋਂ ਨਹੀਂ ਮਿਲ ਸਕਦੀ ਸੀ। ਇਸ ਮੰਤਵ ਲਈ ਗੁਰੂ ਨਾਨਕ ਦੇਵ ਨੇ ਭਾਰਤੀ ਸੋਮਿਆਂ ਤੋਂ ਉਪ੍ਰੰਤ ਚੋਖੇ ਸ਼ਬਦ ਇਸਲਾਮੀ ਧਰਮ, ਆਚਾਰ, ਸੰਸਕ੍ਰਿਤੀ, ਤੇ ਰਾਜ-ਪ੍ਰਬੰਧ ਦੀ ਪਰਿਪਾਟੀ ਅਨੁਸਾਰ ਅਰਬੀ ਫ਼ਾਰਸੀ ਵਿਚੋਂ ਲੈ ਕੇ ਆਪਣੀ ਰਚਨਾ ਵਿਚ ਵਰਤੇ। ਗੁਰੂ ਨਾਨਕ ਨੇ ਇਹ ਸਾਰੀ ਸ਼ਬਦਾਵਲੀ ਪਹਿਲੀ ਵਾਰੀ ਪੰਜਾਬੀ ਲਿਖਤ ਅਥਵਾ ਸਾਹਿਤ ਵਿਚ ਲਿਆਂਦੀ। ਇਸ ਸ਼ਬਦਾਵਲੀ ਨੂੰ ਗੁਰੂ ਨਾਨਕ ਦੇਵ ਨੇ ਚੋਖੀ ਮਾਤਰਾ ਵਿਚ ਤਦਭਵ ਜਾਂ ਅਰਧ-ਤਤਸਮ ਬਣਾਇਆ ਤੇ ਕਈ ਪ੍ਰਸੰਗਾਂ ਵਿਚ ਇਸ ਨੂੰ ਨਵੇਂ ਅਰਥ ਦਿੱਤੇ। ਕੁਝ ਵਿਸ਼ੇਸ਼ ਅਰਥ ਗੁਰੂ ਨਾਨਕ ਤੋਂ ਪਹਿਲਾਂ ਵੀ ਸਿੱਧਾਂ ਸਾਧੂਆਂ ਆਦਿ ਨੇ ਆਪਣੇ ਮਤ-ਪ੍ਰਚਾਰ ਵਿਚ ਦਿੱਤੇ ਹੋਣਗੇ। ਇਨ੍ਹਾਂ ਸ਼ਬਦਾਂ ਦੀ ਵਰਤੋਂ ਨਾਲ ਗੁਰੂ ਨਾਨਕ ਨੇ ਇਕ ਵਿਸ਼ੇਸ਼ ਸ਼ਬਦ-ਸ਼ੈਲੀ ਵਿਕਸਿਤ ਕੀਤੀ, ਜੋ ਹੁਣ ਤੱਕ ਪੰਜਾਬੀ ਅਧਿਆਤਮਿਕ ਪ੍ਰਕਰਣਾਂ ਵਿਚ ਪ੍ਰਚਲਿਤ ਹੈ। ਬਹੁਤੀ ਅਜਿਹੀ ਸ਼ਬਦਾਵਲੀ ਜੋ ਸਾਡੀ ਆਧੁਨਿਕ, ਸਾਹਿਤਕ ਤੇ ਸਮਾਜਕ ਆਲੋਚਨਾ ਜਾਂ ਹੋਰ ਸੰਸਾਰਕ, ਰਾਜਸੀ, ਵਿਗਿਆਨਕ ਤੇ ਦਾਰਸ਼ਨਿਕ ਪ੍ਰਕਰਣਾਂ ਵਿਚ ਵਰਤੀ ਜਾਂਦੀ ਹੈ ਗੁਰੂ ਨਾਨਕ ਰਾਹੀਂ ਹੀ ਪੰਜਾਬੀ ਸ਼ਬਦ-ਸ਼ੈਲੀ ਦਾ ਭਾਗ ਬਣੀ।

ਗੁਰੂ ਨਾਨਕ ਬਾਣੀ ਦਾ ਚੋਖਾ ਭਾਗ ਸਾਧਾਰਣ ਨਿਤ ਵਰਤੋਂ ਦੀ ਬੋਲੀ ਹੀ ਦਿਸ ਪੈਂਦਾ ਹੈ। ਭਾਂਵੇਂ ਇਸ ਵਿਚ ਹਰ ਥਾਂਉਂ ਦੂਜੀਆਂ ਉਪ-ਭਾਖਾਵਾਂ ਲਹਿੰਦੀ, ਰਾਜਸਥਾਨੀ, ਬ੍ਰਜੀ, ਅਵਧੀ ਅਥਵਾ ਸਾਧ-ਭਾਖਾ ਦਾ ਮੇਲ ਹੈ।

ਗੁਰੂ ਨਾਨਕ ਦੀ ਸ਼ਬਦਾਵਲੀ ਵਿਚ ਕੇਵਲ ਭੂਮੀ, ਖੁਸ਼ਕੀ, ਦੇ ਜੀਵਨ ਤੱਕ ਸੀਮਿਤ ਨਹੀਂ। ਆਪ ਨੇ ਦਰਿਆ, ਨਦੀ, ਸਾਗਰ, ਮਛਲੀ, ਬੇੜੀ, ਬੋਹਿਥਾ ਆਦਿ ਦੇ ਰੂਪਕ ਵੀ ਥਾਂਉਂ ਪਰ ਥਾਂਉਂ ਵਰਤੇ ਹਨ।

ਗੁਰੂ ਨਾਨਕ ਬਾਣੀ ਵਿਚ ਪ੍ਰਕਿਰਤੀ ਵਰਣਨ ਦੀ ਸਭ ਤੋਂ ਉਲੇਖਨੀ ਉਦਾਹਰਣ ਬਾਰਹਮਾਹਾ ਤੁਖਾਰੀ ਹੈ।

ਗੁਰੂ ਨਾਨਕ ਦੀ ਬਾਣੀ ਵਿਚ ਵੈਨਿਕ-ਕਾਵਿ ਭਰਪੂਰ ਰੂਪ ਵਿਚ ਮਿਲਦਾ ਹੈ। ਭਾਂਵੇਂ ਇਹ ਵੈਨਿਕ ਕਾਵਿ ਕਾਵਿ-ਰਸ ਲਈ ਨਹੀਂ ਰਚਿਆ ਗਿਆ ਤਾਂ ਵੀ ਇਸ ਵਿਚੋਂ ਕਾਵਿ-ਰਸ ਰਸੇ ਹੋਏ ਫਲ ਵਾਕਰ ਫੁਟ ਫੁਟ ਨਿਕਲਦਾ ਹੈ।

Guru Nanak's Bani can be put into three categories. They are moral-metaphysical, social-political and devotional. Before he appeared upon the scene, there was hardly any Punjabi writing that took up such themes. He took the initiative to introduce social-cum-metaphysical themes into the fabric of Punjabi language. Neither the folklore nor language of daily use could fulfill this need. Apart from the Indian sources, he had to tap Islam to know the prescribed conduct, culture and administration for taking vocabulary from the Persian language. He adopted its vocabulary by introducing alterations in spelling and pronunciation. In some cases, he awarded new meanings to words as well. Before him, sages and seers must have achieved some success in this venture. The borrowed vocabulary enabled him to forge a new diction that is still current in the metaphysical circles in Punjabi.



It was as a result of Guru Nanak's initiative that a large amount of vocabulary, currently in vogue in our social, political, scientific and philosophical circles found its way into Punjabi. There is no denying the fact that words of languages beyond these mentioned above also figure therein. Guru Nanak's language was not limited to cultivation. Mention of river, stream, sea and fish also figures in it. Baramah forwards excellent example of nature's description. His diction is not meant for recreation though like ripe fruit, aesthetic pleasure oozes from description.



### ਗੋਕਲ ਚੰਦ ਨਾਰੰਗ

(1878 - 1969)

ਉਨ੍ਹਾਂ ਦਾ ਜਨਮ ਲਹਿੰਦੇ ਪੰਜਾਬ ਦੇ ਨਗਰ ਗੁਜਰਾਂਵਾਲਾ ਵਿਚ ਇਕ ਮੱਧ ਵਰਗੀ ਹਿੰਦੂ ਖੱਤਰੀ ਪਰਵਾਰ ਵਿਚ ਹੋਇਆ, ਜਿਸ ਦੀਆਂ ਕਦਰਾਂ ਕੀਮਤਾਂ ਆਰੀਆ ਸਮਾਜ ਅਨੁਸਾਰ ਢਲ਼ੀਆਂ ਹੋਈਆਂ ਸਨ। ਉਨ੍ਹਾਂ ਨੇ ਆਪਣੀ ਪੜ੍ਹਾਈ ਡੀ ਏ ਵੀ ਸਕੂਲ ਲਾਹੌਰ ਤੋਂ ਸ਼ੁਰੂ ਕੀਤੀ ਤੇ ਫਿਰ ਇੰਗਲੈਂਡ ਤੋਂ ਵਕਾਲਤ ਪਾਸ ਕਰ ਕੇ ਲਾਹੌਰ ਅਦਾਲਤ ਵਿਚ ਵਕਾਲਤ ਕਰਨ ਲੱਗ ਪਏ। ਉਨ੍ਹਾਂ ਨੇ ਵੇਦਾਂ ਦੇ ਸੰਦੇਸ਼ ਅਤੇ ਸਿੱਖ ਮਤ ਬਾਰੇ ਪ੍ਰਮਾਣਿਕ ਪੁਸਤਕਾਂ ਲਿਖੀਆਂ। ਦ ਟ੍ਰਾਂਸਫਰਮੇਸ਼ਨ ਆਫ਼ ਦ ਸਿੱਖਸ (1912) (ਸਿੱਖ ਮਤ ਦਾ ਪਰਿਵਰਤਨ) ਉਨ੍ਹਾਂ ਦੀ ਮਸ਼ਹੂਰ ਪੁਸਤਕ ਹੈ। ਉਹ ਪਹਿਲੇ ਪੰਜਾਬੀ ਹਿੰਦੂ ਹਨ ਜਿਨ੍ਹਾਂ ਨੇ ਸਿੱਖਾਂ ਦਾ ਵਿਧੀਵਤ ਇਤਿਹਾਸ ਲਿਖਿਆ।

### Gokul Chand Narang

(1878 - 1969)

He was born in Gujranwala (West Punjab) in a middle class Hindu khatri family of) whose values were shaped by Arya Samaj. He studied at DAV school Lahore and later moved to England to study Law. In 1911 he came back and started his practice at Lahore court. He wrote most authentic book on the Sikhs and message of the Vedas. His famous book was *The Transformation of Sikhs* in 1912. He was the first Punjabi Hindu writer who wrote a regular history of the Sikhs.

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਗਸਣ ਵਾਲਾ ਬੀਜ ਗੁਰੂ ਨਾਨਕ ਦੇਵ ਜੀ ਨੇ ਹੀ ਬੀਜਿਆ ਤੇ ਉਨ੍ਹਾਂ ਦੇ ਵਾਰਿਸਾਂ ਨੇ ਸਿੰਜਿਆ ਸੀ। ਉਹ ਤੇਗ ਜਿਸ ਨੇ ਖ਼ਾਲਸੇ ਦੀ ਪ੍ਰਤਿਸ਼ਠਾ ਦਾ ਮਾਰਗ ਬਣਾਇਆ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਢਾਲੀ ਸੀ ਪਰ ਉਸ ਦਾ ਫ਼ੌਲਾਦ ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਦਾਨ ਕੀਤਾ ਸੀ ਜਿਹੜਾ ਕਿ ਉਨ੍ਹਾਂ ਹਿੰਦੂ ਖਣਿਜ ਨੂੰ ਢਾਲ ਕੇ ਲੋਕਾਂ ਵਿਚੋਂ ਜੜ੍ਹਤਾ ਅਤੇ ਅਤੇ ਵਹਿਮਪ੍ਰਸਤੀ ਤਥਾ ਪੁਜਾਰੀਆਂ ਦੇ ਦੰਭ ਤੇ ਪਾਖੰਡ ਦੀ ਮੈਲ਼ ਨੂੰ ਕੱਢ ਕੇ ਤਿਆਰ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦੀ ਖਿੱਚ ਏਨੀ ਸੀ ਕਿ ਉਨ੍ਹਾਂ ਨੇ ਆਪਣੇ ਪ੍ਰਭਾਵ ਹੇਠ ਆਉਣ ਵਾਲੇ ਹਜ਼ਾਰਾਂ ਲੋਕਾਂ ਦਾ ਪਿਆਰ ਤੇ ਵਫ਼ਾਦਾਰੀ ਹਾਸਿਲ ਕਰ ਲਈ।

ਗੁਰੂ ਨਾਨਕ ਦੇ ਵਾਰਿਸ ਨੇ ਆਪਣੇ ਮਿਸ਼ਨ ਨੂੰ ਹਿੰਦੂ ਜਨਤਾ ਵਿਚ ਪੂਰੀ ਤਰ੍ਹਾਂ ਵਿਲੀਨ ਹੋਣ ਤੋਂ ਬਚਾਉਣ ਦੀ ਲੋੜ ਨੂੰ ਵੀ ਮਹਿਸੂਸ ਕੀਤਾ। ਸਭ ਤੋਂ ਪਹਿਲਾਂ ਅਤੇ ਮਹੱਤਵਪੂਰਣ ਢੰਗ ਨਾਲ ਗੁਰਮੁਖੀ ਲਿਪੀ ਦਾ ਪ੍ਰਚਲਣ ਸੀ ਜੋ ਕਿ ਸਿੱਖਾਂ ਦੀ ਵਿਸ਼ੇਸ਼ ਲਿਪੀ ਬਣ ਗਈ। ਜਿਸ ਵਿਚ ਉਨ੍ਹਾਂ ਦੇ ਸਾਰੇ ਧਾਰਮਿਕ ਗ੍ਰੰਥ ਲਿਖੇ ਗਏ। ਆਦਿ ਗ੍ਰੰਥ ਵਿਚ ਤੇ ਆਮ ਪੰਜਾਬ ਵਿਚ ਮਨਮੁਖ ਦੇ ਉਲਟ ਗੁਰਮੁਖ ਦੇ ਅਰਥ ਹਨ ਉਹ ਵਿਅਕਤੀ ਜੋ ਗੁਰੂ ਦਾ ਹੁਕਮ ਮੰਨਦਾ ਹੈ। ਮਨਮੁਖ ਹਮੇਸ਼ਾ ਮਨ ਮਰਜ਼ੀ ਕਰਦਾ ਹੈ। ਇਸ ਲਈ ਲਿਪੀ ਦਾ ਗੁਰਮੁਖੀ ਨਾਮ ਹੀ ਇਸ ਦੇ ਵਰਤਣ ਵਾਲਿਆਂ ਨੂੰ ਗੁਰੂ ਪ੍ਰਤੀ ਕਰਤੱਵ ਦਾ ਸੁਝਾਅ ਦਿੰਦਾ ਹੈ। ਅਤੇ ਉਨ੍ਹਾਂ ਵਿਚ ਲਗਾਤਾਰ ਇਹ ਭਾਵ ਜਗਾਉਂਦਾ ਹੈ ਕਿ ਉਹ ਸਾਧਾਰਣ ਹਿੰਦੂ ਜਨਤਾ ਤੋਂ ਵੱਖਰੇ ਹਨ। ਉਹ ਨਵੇਂ ਨਰੋਏ, ਮੁਕਤ ਹੋ ਗਏ ਤੇ ਪਾਰ ਲਗ ਗਏ ਹਨ। ਇਸ ਗੱਲ ਨੇ ਪੁਜਾਰੀ ਸ਼੍ਰੇਣੀ ਦੇ ਨਿਅੰਤ੍ਰਣ ਉੱਤੇ ਕਰੜੀ ਸੱਟ ਮਾਰੀ। ਬ੍ਰਾਹਮਣ ਦੇ ਮਹੱਤਵ ਦਾ ਇਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁਖੀ ਵਿਚ ਲਿਖੀ ਪੰਜਾਬੀ ਨੂੰ ਓਹੀ ਸੁੱਚਮਤਾ ਪ੍ਰਾਪਤ ਹੋ ਗਈ ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣ ਜ਼ਰੂਰੀ ਸੀ। ਇਸ ਨਵੀਨ ਲਿਪੀ ਦੇ ਪ੍ਰਚਲਣ ਦਾ ਤੀਸਰਾ ਪ੍ਰਭਾਵ ਇਹ ਪਿਆ ਕਿ ਸਾਖਰ ਬੰਦਿਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਤੇ ਆਪਣੀ ਮਾਂ-ਬੋਲੀ ਵਿਚ ੀ ਧਾਰਮਿਕ ਸਾਹਿਤ ਤੱਕ ਲੋਕਾਂ ਦੀ ਰਸਾਈ ਹੋਣ ਕਰ ਕੇ ਗੁਰੂ ਸਾਹਿਬਾਨ ਦੇ ਸੁਧਾਰ ਕਾਰਜਾਂ ਨੂੰ ਪ੍ਰਵਾਹ ਮਿਲਿਆ।

The seeds, which blossomed in the time of Guru Gobind Singh, had been sown by Nanak and watered by his successors. The sword which carved the Khalsa's way to glory was, was undoubtedly forged by Gobind but the steel had been provided by Nanak, who had obtained, as it were, by smelting the Hindu ore, and burning out the dross of indifference and superstition of the masses and the hypocrisy and deception of the priests.

The personal magnetism of Guru Nanak was so great that he had succeeded in winning the love and allegiance of thousands who had come under his direct influence.

Gur Nanak's successor perceived the necessity of saving them from total absorption in the Hindu Mass.

The first and the most important was the introduction of Gurmukhi characters which became the special script of the Sikhs, and in which all their sacred books are written. In the Adi Granth and generally in the Punjab, are supposed to be those who faithfully follow the commands of the Guru as opposed to *Manmukh* or one who always looks to his own will for help and guidance. The very name of the new script, therefore, reminded those who employed it, of their duty towards the Guru, and constantly kept alive in their minds the consciousness that they were something distinct from the common mass of Hinduism, that they regenerated, liberated and saved. It also dealt a powerful blow to the domination of the priestly class. The Brahman greatly rested upon his knowledge of Sanskrit, which was the language of religion. When Punjabi written in Gurmukhi characters, attained the same position of sanctity the prestige of Brahman was bound to suffer. The third effect of this new alphabet was to increase the number of literates and by making religious literature accessible to the masses in their mother tongue, to facilitate the reform work of Guru.



## ਪ੍ਰੋ ਪ੍ਰੀਤਮ ਸਿੰਘ

(1918-2008)

ਪ੍ਰੋ ਪ੍ਰੀਤਮ ਸਿੰਘ ਅਣਵੰਡੇ ਪੰਜਾਬ ਵਿਚ ਪੰਜਾਬੀ ਦੇ ਪਹਿਲੇ ਅਧਿਆਪਕ ਬਣੇ (ਓਰੀਐਂਟਲ ਕਾਲਜ ਲਾਹੌਰ ਵਿਚ)। ਇਸ ਲਈ ਉਨ੍ਹਾਂ ਨੂੰ ਅਧਿਆਪਕਾਂ ਦਾ ਅਧਿਆਪਕ ਕਿਹਾ ਜਾਂਦਾ ਹੈ ।ਹਜ਼ਾਰ ਤੋਂ ਜ਼ਿਆਦਾ ਪੁਰਾਣੇ ਹੱਥ-ਲਿਖਿਤ ਖਰੜੇ ਉਨ੍ਹਾਂ ਕੋਲ ਸਾਂਭੇ ਹੋਏ ਸਨ। ਇਹ ਪੰਜਾਬੀ ਵਿਰਾਸਤ ਦੀ ਸੰਭਾਲ ਦਾ ਵੱਡੀ ਘਾਲਣਾ ਵਾਲਾ ਕਾਰਜ ਹੈ। ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਸੰਭਾਲ ਦੇ ਖੇਤਰ ਵਿਚ ਉਨ੍ਹਾਂ ਦੇ ਮਿਸਾਲੀ ਯੋਗਦਾਨ ਸਦਕਾ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਵਿਚ ਉਨ੍ਹਾਂ ਨੂੰ ਬਹੁਤ ਮਾਣ ਸਤਿਕਾਰ ਮਿਲਿਆ ।ਉਹ 60 ਤੋਂ ਜ਼ਿਆਦਾ ਪੁਸਤਕਾਂ ਦੇ ਲੇਖਕ ਹਨ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਉਨ੍ਹਾਂ ਨੂੰ 2007 ਡੀ ਲਿਟ ਦੀ ਡਿਗਰੀ ਪ੍ਰਦਾਨ ਕੀਤੀ।ਅਨੁਵਾਦ ਲਈ ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ।

## Prof Pritam Singh

(1918-2008)

Prof Pritam Singh became the first teacher of Punjabi in the undivided Punjab at Oriental College, Lahore. That is why he is often called the Teacher of the Teachers. His collection of a more than thousand hand -written manuscripts was a stupendous work of perseverance. His exemplary work in preservation of Punjabi language and culture gained him immense respect in Punjab - both Western and Eastern parts. He is an author of more than 60 books. He was conferred D. Lit. (Honoris Causa) by Punjab University, Chandigarh in 2007.He also got Sahitya Akademi Award for translation.

ਇਹ ਕਥਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਹਿੱਸਾ ਹੈ ਕਿ ਆਪਣੇ ਆਤਮ-ਸਨਮਾਨ ਦੀ ਕੀਮਤ ਤੇ ਜੀਵੀ ਜਾਂਦੀ ਜ਼ਿੰਦਗੀ ਜਿਊਣਯੋਗ ਨਹੀਂ ਹੁੰਦੀ:

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਇਹ ਪੜ੍ਹ ਕੇ ਰੂਹਾਂ ਨੂੰ ਜਗਾਉਣ ਵਾਲ਼ਾ ਅਚੰਭਾ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬੰਦੇ ਦੇ ਨਿੱਜੀ ਆਤਮ-ਸਨਮਾਨ ਦੇ ਸੰਬੋਧ ਨੂੰ ਦੇਸ਼ ਦੇ ਸਨਮਾਨ ਤੱਕ ਫੈਲਾ ਦਿੱਤਾ ।ਉਹ ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ

ਕਹਿ ਕੇ ਗੁਰੂ ਨਾਨਕ ਦੇਵ ਜੀ ਲੋਧੀਆਂ ਦੀ ਸਲਤਨਤ ਨੂੰ ਦੁਰਕਾਰਦੇ ਹਨ ਜੋ ਬਾਬਰ ਦੇ ਲਸ਼ਕਰ ਤੋਂ ਦੇਸ਼ ਦੀ ਪੱਤ ਨਾ ਬਚਾ ਸਕੇ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਾਰੀ ਬ੍ਰਹਿਮੰਡੀ ਲੀਲ੍ਹਾ ਕੇਂਦਰੀ ਬ੍ਰਹਿਮੰਡੀ ਰਜ਼ਾ ਦੁਆਰਾ ਖੇਡੀ ਜਾ ਰਹੀ ਹੈ। ਪਰ ਗੁਰੂ ਨਾਨਕ ਦੇਵ ਜੀ ਬਹੁਤ ਤੀਬਰਤਾ ਨਾਲ ਇਹ ਸਮਝਾਉਂਦੇ ਹਨ ਕਿ ਬੰਦੇ ਕੋਲ ਚੰਗਾ ਜਾਂ ਮਾੜਾ ਸੁਤੰਤਰ ਉੱਦਮ ਕਰਨ ਦੀ ਕਾਫ਼ੀ ਗੁੰਜਾਇਸ਼ ਹੁੰਦੀ ।ਸਾਰੀ ਸਰਗਰਮੀ ਜਿਹੜੀ ਬੰਦੇ ਦੀ ਆਜ਼ਾਦੀ ਦੇ ਖੇਤਰ ਨੂੰ ਇੰਦਰੀਆਂ ਦੀਆ ਲੋੜਾਂ ਤੱਕ ਸੀਮਿਤ ਕਰ ਦਿੰਦੀ, ਓਹੀ ਆਖ਼ਰ ਬੰਦੇ ਨੂੰ ਸਦਾਚਾਰਕ ਤੇ ਰੂਹਾਨੀ ਤਬਾਹੀ ਵੱਲ ਤੇ ਓੜਕ ਤ੍ਰਿਸਕਾਰ ਵੱਲ ਲੈ ਜਾਂਦੀ ਹੈ। ਇਸ ਦੇ ਵਿਪਰੀਤ ਸ੍ਵੈ-ਇੱਛਿਤ ਤੇ ਸਹਿਕਾਰੀ ਮੁਸ਼ੱਕਤ ਨਾਲ ਜ਼ਿੰਦਗੀ ਨੂੰ ਸਭਨੀਂ ਥਾਂਈਂ ਅਤੇ ਸਭਨਾਂ ਲਈ ਜਿਉਣ ਜੋਗੀ ਬਣਾਉਣ ਲਈ ਕੀਤੀ ਜਾ ਰਹੀ ਸਮਾਜ ਸੇਵਾ ਵਿਚ ਲੱਗ ਕੇ ਖ਼ੁਦਗਰਜ਼ੀ ਵਿਚੋਂ ਉਭਰਨ ਦੇ ਯਤਨ ਸਾਨੂੰ ਸਦਾਚਾਰਕ ਤੇ ਰੂਹਾਨੀ ਬੁਲੰਦੀਆਂ ਵੱਲ ਲੈ ਜਾਂਦੇ ਹਨ।

ਸੁਭਾਵਕ ਹੈ ਕਿ ਸਮਾਜਕ ਪ੍ਰਤਿਬੱਧਤਾ ਸਾਨੂੰ ਇਕੋ ਜਿਹੀ ਸੋਚ ਵਾਲੇ ਬੰਦਿਆਂ ਦੇ ਸੰਗਠਨ ਤੇ ਪੀਢੀ ਸਾਂਝ ਵਾਲ਼ੀ ਸੰਗਤ ਵੱਲ ਲੈ ਜਾਂਦੀ ਹੈ।

ਗੁਰੂ ਨਾਨਕ ਦੀ ਔਖਧ ਨੇ ਭਾਰਤ ਦੀ ਸਮਾਜੀ-ਰਾਜਨੀਤਕ ਸਿਹਤ ਨੂੰ ਸੁਧਾਰਨ ਵਿਚ ਬਹੁਤ ਵੱਡੀ ਭੂਮਿਕਾ ਅਦਾ ਕੀਤੀ।

ਜੇ ਸਕਤਾ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।

ਸਕਤਾ ਸੀਹੁ ਮਾਰੇ ਪੈ ਗਜੈ ਖਸਮੈ ਸਾ ਪੁਰਸਾਈ।

ਇਹ ਦ੍ਰਿਸ਼ ਹੈ ਜੋ ਦੇਖਣ ਵਾਲ਼ੇ ਦੇ ਮਨ ਵਿਚ ਗੁਣਾਤਮਕ ਤੌਰ ਵੱਖਰਾ ਪ੍ਰਤਿਕਰਮ ਪੈਦਾ ਕਰਦਾ ਹੈ। ਇਹ ਸੰਥਾ ਸੀ ਜੋ ਗੁਰੂ ਨਾਨਕ ਦੇਵ ਜੀ ਨੇ ਆਪਣੇ ਮੁਰੀਦਾਂ ਨੂੰ ਪੜ੍ਹਾਈ, ਤੇ ਇਸ ਸੰਥਾ ਤੇ ਚੱਲਣ ਨਾਲ ਵੱਡਾ ਫ਼ਰਕ ਪਿਆ।

Guru Nanak has left it on record that:

Life at the cost of ones honour is not worth living.

Refreshingly surprising is his extension of the concept of personal honour to the honour of his country. He showers abuses on the ruling house of Lodhis, when he refers to the humiliation suffered by India at the hands of Babar's hordes.

Undoubtedly, the whole Cosmic Drama was being staged by Central Cosmic Will but the Guru took pains to press home the point that there was enough scope for free initiative noble or ignoble. All activity that tended to confine the area of man's freedom to the station of sensual requirements only ultimately led to moral and spiritual destruction and eternal damnation, on the other hand all the efforts to outgrow selfishness by engaging oneself in social welfare so as to make life worth living everywhere and for everybody with voluntary and hard co-operative labour, would lead man to the path of moral and spiritual upliftment.

Social commitment, naturally, led to organization of like-minded persons into well-knit Sangat.

The administration of Guru's medicine made all the difference in restoring India's socio-political health.

"If physically strong person were to hit down another equally strong person, I would not mind it at all, but if a powerful lion were to pounce upon herd of cows, then its mater must answer for it"

That is a scene which evokes a qualitative different response from the onlooker. Such was the lesson that Guru Nanak's followers were taught to heed that made all the difference.



## ਸਿਰਦਾਰ ਕਪੂਰ ਸਿੰਘ

(1909 - 1986)

ਸਿਰਦਾਰ ਕਪੂਰ ਸਿੰਘ ਜੀ ਦਾ ਜਨਮ 2 ਮਾਰਚ, 1909 ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਚੱਕ ਵਿਚ ਹੋਇਆ। ਪੰਜਾਬ ਯੂਨੀਵਰਸਿਟੀ ਵਿਚ ਅੱਵਲ ਰਹਿ ਕੇ ਗਵਰਨਮੈਂਟ ਕਾਲਜ ਲਾਹੌਰ ਤੋਂ ਐਮ ਏ ਕੀਤੀ। ਉਸ ਤੋਂ ਬਾਅਦ ਕੈਂਬਰਿਜ ਯੂਨੀਵਰਸਿਟੀ ਤੋਂ ਨੈਤਿਕ ਵਿਗਿਆਨ ਦੀ ਆਨਰਜ਼ ਕੀਤੀ।

ਸਿੱਖ ਧਰਮ-ਸ਼ਾਸਤਰ ਤੋਂ ਇਲਾਵਾ ਉਹ ਫ਼ਿਲਾਸਫ਼ੀ, ਇਤਿਹਾਸ ਅਤੇ ਸਾਹਿਤ ਦੇ ਵੀ ਬਹੁਤ ਵੱਡੇ ਵਿਦਵਾਨ ਸਨ। ਸ਼੍ਰੀ ਅਕਾਲ ਤਖ਼ਤ ਨੇ ਆਪ ਜੀ ਨੂੰ ਸਿੱਖ ਧਰਮ ਦੇ ਕੌਮੀ ਪ੍ਰੋਫੈਸਰ ਦੀ ਪਦਵੀ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ। ਉਹ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਬਹੁਤ ਵੱਡੇ ਸਾਹਿਤਕਾਰ ਸਨ। ਉਨ੍ਹਾਂ ਦੀਆਂ ਕੁਝ ਮਸ਼ਹੂਰ ਪੁਸਤਕਾਂ ਹਨ : ਪ੍ਰਾਸ਼ਰਪ੍ਰਸ਼ਨ, ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ, ਸਿੱਖਿਜ਼ਮ ਐਂਡ ਮੌਡਰਨ ਮੈਨ, ਪੁੰਦ੍ਰੀਕ, ਸਾਚੀ ਸਾਖੀ ਅਤੇ ਬਹੁ ਵਿਸਤਾਰ।

## Sirdar Kapur Singh

(1909-1986)

He was born on March 2, 1909 in village Chakk in Ludhiana district.

He got his Masters from Government College, Lahore, standing first in the Punjab University. Later he took a Tripos in Moral Science from Cambridge University.

Besides Sikh theology, he was vastly learned in philosophy, history and literature. Sri Akal Takhat honoured him by giving him the title of the National Professor of Sikhism. He was a prolific writer of English and Punjabi. Some of his famous books are *Prasarprasna, Guru Gobind Singh Ji dI Vaisakhi, Sikhism* and *Modern Man, Pundrik, Sachi Sakhi* and *Bahu Vistar*.

ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਲਈ ਇਕ ਨਵੇਂ ਰੂਹਾਨੀ ਦੌਰ ਦਾ ਦਰ ਖੋਲ੍ਹਿਆ। ਸਿਰਫ਼ ਰੂਹਾਨੀ ਦੌਰ ਦਾ ਹੀ ਨਹੀਂ, ਨਵੇਂ ਸਮਾਜਕ ਤੇ ਰਾਜਸੀ ਦੌਰ ਦਾ ਵੀ।

ਇਕ ਇਲਾਹੀ ਚਿੰਤਕ ਦੇ ਤੌਰ ਤੇ, ਇਕ ਰੂਹਾਨੀ ਰਹਿਬਰ ਦੇ ਤੌਰ ਤੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦਾ ਸਥਾਨ ਲਾਸਾਨੀ ਹੈ। ਉਨ੍ਹਾਂ ਨੇ ਬਹੁਤ ਸਪਸ਼ਟਤਾ ਨਾਲ ਸ਼ੁਧ ਧਰਮ ਨੂੰ ਨੀਤੀ ਸ਼ਾਸਤਰ ਤੇ ਰੀਤ ਮਰਯਾਦਾ ਤੋਂ ਨਿਖੇੜਿਆ। ਉਨ੍ਹਾਂ ਨੇ ਸਮਾਜਕ ਪ੍ਰਸੰਗ ਵਿਚ ਧਰਮ ਦਾ ਸਥਾਨ ਨਿਸਚਿਤ ਕੀਤਾ ਤੇ ਇਨ੍ਹਾਂ ਦੋਹਾਂ ਦੀ ਆਤਮ-ਨਿਰਭਰਤਾ ਨੂੰ ਉਜਾਗਰ ਕੀਤਾ।

ਮਜ਼ਹਬਾਂ ਦੇ ਪੈਗੰਬਰ, ਦੂਜੇ ਲੋਕਾਂ ਵਾਂਗ ਹੀ, ਪੂਰੀ ਤਰ੍ਹਾਂ ਸਮੇਂ ਤੇ ਸਥਾਨ ਨਾਲ ਜੁੜੇ ਹੁੰਦੇ ਹਨ। ਗੁਰੂ ਨਾਨਕ ਜਿਹੇ ਪੈਗੰਬਰ ਅਲੌਕਿਕ ਸ੍ਰੋਤਾਂ ਨਾਲ ਜੁੜਨ ਦੇ ਬਾਵਜੂਦ ਤੇ ਆਪਣੇ ਸਮਿਆਂ ਤੋਂ ਬਹੁਤ ਉਪਰ ਉੱਠ ਕੇ ਵੀ ਆਪਣੇ ਸਮਿਆਂ ਨਾਲ ਸੰਬੰਧਿਤ ਰਹਿੰਦੇ ਹਨ।

ਬਾਬਰਵਾਣੀ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਬਹੁਤ ਸੰਖੇਪਤਾ ਅਤੇ ਪ੍ਰਬਲਤਾ ਨਾਲ ਦੋ ਸੰਕਲਪਾਂ ਨੂੰ ਉਜਾਗਰ ਕੀਤਾ ਜਿਨ੍ਹਾਂ ਸੰਕਲਪਾਂ ਨੂੰ ਕਿਸੇ ਮੌਜੂਦ ਸਥਿਤੀ ਵਿਚ ਲਾਜ਼ਮੀ ਤੌਰ ਤੇ ਮਨੁੱਖੀ ਪ੍ਰਤਿਕਰਮ ਦਾ ਆਧਾਰ ਹੋਣਾ ਚਾਹੀਦਾ ਹੈ। ਪਹਿਲਾ ਇਹ ਕਿ ਬਦੀ ਦਾ ਵਿਰੋਧ ਨਾ ਕੀਤਾ ਜਾਵੇ ਤਾਂ ਉਹ ਵਧਦੀ ਹੈ, ਉਹ ਆਪਣੇ ਆਪ ਖ਼ਤਮ ਨਹੀਂ ਹੁੰਦੀ। ਸੋ ਮਾਨਵ ਲਈ ਰੱਬ ਦੀ ਓਟ ਲੈ ਕੇ ਬਦੀ ਦਾ ਟਾਕਰਾ ਕਰਨਾ ਜ਼ਰੂਰੀ ਹੈ।

ਬਾਬਰ ਦੁਆਰਾ ਨਿਹੱਥੇ ਅਤੇ ਨਿਓਟੇ ਲੋਕਾਂ ਉੱਤੇ ਕਹਿਰ ਢਾਹੁੰਦਿਆਂ ਵੇਖ ਕੇ ਗੁਰੂ ਨਾਨਕ ਦੇਵ ਜੀ ਦੀ ਦਿਲ-ਟੁੰਬਵੀਂ ਪੁਕਾਰ ਅਤੇ ਕਰਤਾ ਪੁਰਖ ਨੂੰ ਪੁੱਛਿਆ ਨਿਰਭਉ ਪ੍ਰਸ਼ਨ ਵਿਚ ਨਿਰਲੇਪ ਰਹਿਣ ਜਾਂ ਅਲੌਕਿਕ ਦਖ਼ਲਅੰਦਾਜ਼ੀ ਨੂੰ ਉਡੀਕਣ ਦੀ ਥਾਂ ਮਾਨਵੀ ਜ਼ਿੰਮੇਵਾਰੀ ਦੇ ਨਵੇਂ ਸੰਕਲਪ ਦੇ ਬੀਜ ਹਨ।

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਮਾਨਸਿਕਤਾ ਵਿਚ ਲੁਕੀਆਂ ਸੁੱਤੀਆਂ ਸੰਭਾਵਨਾਵਾਂ ਨੂੰ ਜਾਗ੍ਰਿਤ ਕਰ ਦਿੱਤਾ।

ਇਹ ਸਿਰਫ਼ ਰਾਜਸੀ ਜਾਂ ਧਾਰਮਿਕ ਕਾਇਆ ਕਲਪ ਨਹੀਂ ਸੀ, ਇਹ ਆਪਣੇ ਲੋਕਾਂ ਦੀ ਰੂਹ ਦਾ ਕਾਇਆ ਕਲਪ ਸੀ।

ਇਹ ਗੁਰੂ ਨਾਨਕ ਹੀ ਸਨ ਜਿਨ੍ਹਾਂ ਨੇ ਦੁਨੀਆ ਦੇ ਇਤਿਹਾਸ ਵਿਚ ਪਹਿਲੀ ਵਾਰ ਇਹ ਨਿਹਾਰਿਆ ਕਿ ਨਾਰੀ ਤੇ ਪੁਰਖ ਦੀ ਮੁਕੰਮਲ ਬਰਾਬਰੀ ਦੇ ਆਧਾਰ ਬਿਨਾ ਕੋਈ ਹੰਢਣਸਾਰ ਲੋਕ ਰਾਜੀ ਸਭਿਆਚਾਰ ਸਥਾਪਿਤ ਨਹੀਂ ਹੋ ਸਕਦਾ।



Guru Nanak has ushered in a new spiritual era as well as a social and political era.

As a divine, inspired thinker and a religious teacher, Guru Nanak thus occupies a uniquely significant place in History. He has neatly separated pure religion from ethics and ritual. He has determined the place of religion in social context and has clearly shown their interdependence.

Prophets of religions, like other people are in no small measure rooted in time and place. The prophets like Guru Nanak, by being inspired by extraterrestrial sources do not cease to belong to their age even when they are rising most above it.

In his hymns called Babar Bani, Guru Nanak succinctly adumbrates two new concepts that must be the basis of response to a given situation. The first is that the evil, unless resisted, grows and endures and does not wither away or die by itself. The evil, therefore must be resisted by human effort and destroyed, with the help of God.

The heart-rending cry and the audacious question of Guru Nanak put to God on witnessing the misery caused by Babur to undefended and unarmed civilians of India carries clearly the seeds of this new concept of individual, personal and human responsibility of a man to be directly concerned with evil on earth and to resist it instead of either remaining unconcerned and high dry about it or hoping for extra-terrestrial invention to destroy it.

Guru Nanak Dev ji unfolded the potentialities that lay dormant in the human psyche.

This was not a matter of mere political or even religious transformation; It was the condition of the soul of a people which underwent a transformation.

Again it was Guru Nanak who in the history of world, who perceived that there can be no enduring democratic culture unless grounded in unreserved recognition of full equality of woman and man.



## ਨਿਹਾਰਰੰਜਨ ਰੇਅ

(1903-1981)

ਬੰਗਾਲੀ ਇਤਿਹਾਸਕਾਰ ਜੋ ਭਾਰਤੀ ਕਲਾ ਦੇ ਇਤਿਹਾਸ ਬਾਰੇ ਲਿਖੀਆਂ ਪੁਸਤਕਾਂ ਲਈ ਮਸ਼ਹੂਰ ਹਨ।

ਬੰਗਾਲੀ ਭਾਸ਼ਾ ਵਿਚ ਉਨ੍ਹਾਂ ਦੀ ਸ਼ਾਹਕਾਰ ਕਿਰਤ ਬਾਂਗਾਲੀਰ ਇਤਿਹਾਸ ਹੈ। ਉਨ੍ਹਾਂ ਦੀਆਂ ਹੋਰ ਮਹੱਤਵਪੂਰਨ ਲਿਖਤਾਂ ਹਨ : ਬ੍ਰਾਹਮਨੀਕਲ ਗੌਡਜ਼ ਇਨ ਬਰਮਾ, ਐਨ ਅਪਰੋਚ ਟੂ ਇੰਡੀਅਨ ਆਰਟ, ਆਈਡੀਆ ਐਂਡ ਇਮੇਜ ਇਨ ਇੰਡੀਅਨ ਆਰਟ ਅਤੇ ਦ ਸਿੱਖ ਗੁਰੂਜ਼ ਐਂਡ ਦ ਸਿੱਖ ਸੋਸਾਇਟੀ।

ਉਨ੍ਹਾਂ ਦਾ ਜਨਮ ਮੈਮਨ ਜ਼ਿਲੇ ਦੇ ਪਿੰਡ ਕਾਇਤਗਰਾਮ ਵਿਚ ਹੋਇਆ ਜੋ ਹੁਣ ਬੰਗਲਾ ਦੇਸ਼ ਵਿਚ ਹੈ। ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਕਲਕੱਤਾ ਤੋਂ ਪਰਾਚੀਨ ਭਾਰਤੀ ਇਤਿਹਾਸ ਅਤੇ ਸਭਿਆਚਾਰ ਵਿਚ ਐਮ ਏ ਕੀਤੀ। ਬਾਅਦ ਵਿਚ ਏਸੇ ਹੀ ਯੂਨੀਵਰਸਿਟੀ ਵਿਚ ਉਹ ਬਹੁਤ ਸਾਲ ਪ੍ਰੋਫੈਸਰ ਰਹੇ।

## Niharranjan Ray

(1903 - 1981)

A Bengali historian, well known for his works on the History of Indian art.

In Bengali his magnum opus is *Bangaliar Itihas*.

His other major works are *Brahmanical Gods in Burma, Theravada Buddhism in Burma, An Approach to Indian Art*, Idea and Image in *Indian Art* and *The Sikh Gurus* and the *Sikh Society*,

Born at Kayetgram village of Mymensingh district (now in Bangladesh). He did his Masters in Ancient Indian History and Culture from the University of Calcutta. Afterwards he served in this very university for many years.

ਆਪਣੇ ਭੂਗੋਲ ਕਾਰਣ ਅਤੇ ਭੂਗੋਲ ਤੋਂ ਪ੍ਰਭਾਵਿਤ ਰਾਜਨੀਤਕ ਸਥਿਤੀ ਕਾਰਣ ਪੰਜਾਬ ਉੱਤਰੀ ਭਾਰਤ ਦਾ ਉਹ ਇਲਾਕਾ ਹੈ ਜਿਸਨੇ ਉਨ੍ਹਾਂ ਕੌਮਾਂ ਅਤੇ ਜਾਤੀਆਂ ਦੀ ਸਿੱਧੀ ਵੰਗਾਰ ਦੀ ਚੋਟ ਸਹੀ ਜੋ ਉੱਤਰ-ਪੱਛਮੀ ਸਰਹੱਦ ਦੇ ਪਾਰੋਂ ਇਤਿਹਾਸ ਦੇ ਵੇਗ ਨਾਲ ਉੱਤਰੀ ਭਾਰਤ ਦੇ ਮੈਦਾਨਾਂ ਵੱਲ ਵਧੀਆਂ। ਇਹ ਵਰਤਾਰਾ ਉਨ੍ਹਾਂ ਸਰਵ ਪ੍ਰਥਮ ਦਿਨਾਂ ਤੋਂ ਸ਼ੁਰੂ ਹੋ ਗਿਆ ਸੀ ਜਿਨ੍ਹਾਂ ਦੀ ਇਤਿਹਾਸ ਨੂੰ ਜਾਣਕਾਰੀ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਵੇਲੇ ਪੰਜਾਬ ਤਿੰਨ ਸਦੀਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਮੁਸਲਿਮ ਹਾਕਮਾਂ ਦਾ ਗੁਲਾਮ ਸੀ।

ਆਪਣੀ ਅੰਤਰ ਆਤਮਾ ਵਜੋਂ ਗੁਰੂ ਨਾਨਕ ਨਿਰਸੰਦੇਹ ਨਿਰੰਕਾਰ ਦਾ ਪੁਰਖ ਸੀ ਪਰ ਉਹ ਇਕ ਮਰਦ ਏ ਕਾਮਿਲ ਵੀ ਸੀ। ਉਸ ਕੋਲ ਰੂਹਾਨੀਅਤ ਦੇ ਨਾਲ ਨਾਲ ਬਹੁਤ ਗਹਿਰੀ ਸਮਾਜ-ਸਭਿਆਚਾਰਕ ਚੇਤਨਾ ਵੀ ਸੀ। ਉਹ ਇਸ ਪੱਖੋਂ ਵੀ ਜਾਗਤ ਜੋਤ ਸੀ ਕਿ ਉਸ ਦੇ ਆਸ ਪਾਸ ਜਹਾਨ ਵਿਚ ਕੀ ਹੋ ਰਿਹਾ ਹੈ। ਸਮੇਂ ਸਥਾਨ ਦੇ ਤੱਥਾਂ, ਸਥਿਤੀਆਂ, ਮਸਲਿਆਂ ਦੀ ਉਨ੍ਹਾਂ ਨੂੰ ਪੂਰਾ ਪਰਤੀਤੀ ਸੀ। ਸਾਰੇ ਸਿੱਖ ਗੁਰੂ ਵਿਸ਼ੇਸ਼ ਰੂਪ ਵਿਚ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਿੰਘ ਸਿਰਫ਼ ਸਮਾਜਕ ਹੀ ਨਹੀਂ ਰਾਜਸੀ ਕੁਰੀਤੀਆਂ ਪ੍ਰਤੀ ਵੀ ਬਹੁਤ ਸੰਵੇਦਨਮਈ, ਜਾਗਰੂਕ, ਅਤੇ ਉਨ੍ਹਾਂ ਦੇ ਵਿਰੋਧੀ ਸਨ, ਜਿਨ੍ਹਾਂ ਕਾਰਣ ਲੋਕਾਈ ਦੁੱਖ ਭੋਗਦੀ ਸੀ। ਗੁਰੂ ਨਾਨਕ ਬਾਣੀ ਦੀਆਂ ਇਹ ਤੁਕਾਂ ਮੇਰੇ ਸੰਕੇਤਾਂ ਨੂੰ ਉਜਾਗਰ ਕਰ ਸਕਦੇ ਹਨ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪॥
ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ॥
ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨਾ ਵਾਸੁ ਮਸਾਣੀ॥
ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ॥੬॥

ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਭਾਰਤ ਦੀ ਭਗਤੀ ਪਰੰਪਰਾ ਦੀ ਲੜੀ ਵਿਚ ਪਰੋਇਆ ਜਾਂਦਾ ਹੈ ਤੇ ਨਿਰਸੰਦੇਹ ਉਹ ਇਸ ਲੜੀ ਵਿਚ ਵੀ ਪ੍ਰਮੁਖ ਸਨ ਪਰ ਉਹ ਇਸ ਤੋਂ ਵੱਖਰੇ ਵੀ ਸਨ। ਉਨ੍ਹਾਂ ਨੇ ਜੋ ਕਾਰਜ ਕੀਤਾ ਉਹ ਉਨ੍ਹਾਂ ਨੂੰ ਇਸ ਲੜੀ ਤੋਂ ਪਾਰ ਲੈ ਜਾਂਦਾ ਹੈ। ਇਸ ਸਦਕਾ ਭਾਰਤੀ ਇਤਿਹਾਸ ਅਤੇ ਸੱਭਿਆਚਾਰ ਵਿਚ ਜੋ ਸਥਾਨ ਗੁਰੂ ਨਾਨਕ ਜੀ ਨੇ ਪ੍ਰਾਪਤ ਕੀਤਾ ਉਹ ਕਿਸੇ ਹੋਰ ਸਮਕਾਲੀ ਸੰਤ ਨਹੀਂ ਕੀਤਾ।

ਗੁਰੂ ਨਾਨਕ ਦੇਵ ਜੀ ਸਮੁੱਚੇ ਸਮਾਜਕ ਤੇ ਧਾਰਮਿਕ ਵਾਤਾਵਰਣ ਨੂੰ ਆਪਣੇ ਅੰਦਰ ਸਮੋਇਆ ਪਰ ਉਸ ਨੂੰ ਆਪਣੇ ਹਿਰਦੇ ਅਤੇ ਮਨ ਦੀ ਕੁਠਾਲੀ ਵਿਚ ਆਪਣੇ ਪ੍ਰਤੱਖਣ, ਆਪਣੇ ਬੁੱਧ ਵਿਵੇਕ ਅਤੇ ਨਿੱਜੀ ਅਨੁਭਵ ਵਿਚ ਢਾਲਿਆ। ਇਸ ਵਿਚੋਂ ਜੋ ਉਗਮਿਆ, ਓਹ ਨਾ ਵੈਸ਼ਨਵ ਭਗਤੀਵਾਦ ਸੀ, ਨਾ ਕਬੀਰਵਾਦ, ਨਾ ਬੁੱਧ ਮਤ ਦਾ ਸਹਿਜਯਾਨ, ਨਾ ਨਾਥਵਾਦ, ਨਾ ਸੂਫ਼ੀਵਾਦ, ਨਾ ਸੰਤਵਾਦ, ਉਹ ਸਭ ਤੋਂ ਵੱਖਰਾ ਸੀ। ਉਹ ਇਕ ਨਿਆਰੀ ਹੋਂਦ ਸੀ, ਉਸ ਦੀ ਇਕ ਆਪਣੀ ਅਲੱਗ ਸ਼ਨਾਖ਼ਤ ਸੀ। ਇਹ ਨਿਆਰੀ ਹੋਂਦ ਤੇ ਅਲੱਗ ਸ਼ਨਾਖ਼ਤ ਹੀ ਸਿੱਖ ਮਤ ਦੇ ਨਾਮ ਨਾਲ ਜਾਣੀ ਜਾਂਦੀ ਹੈ।

Geographically and geo-politically Punjab occupies an area of northern India that had to bear the brunt of the frontal challenge of all the peoples and cultures that were borne on the wings of history from outside the north-western borders on the northern plains of india, and this from the earliest days known to history.

By the time Guru Nanak was born, Punjab had been under the heels of Muslim ruling authorities for more than three hundred years.

At his essential core Guru Nanak was certainly a man of God, but at the same time he was a total man. He was a man of deep and sharp socio-political consciousness, wide awake to what was happening in the world around him and constantly applying his mind to the facts, situations and problems of the time and place he belonged to. Sikh Gurus especially Guru Nanak, Guru Arjun and Guru Gobind Singh were very sensitively awake and critical of not only social but also political abuses and consequent miseries of the people. Here I am quoting four short pieces from Guru Nanak which would demonstrate what I am refering to :

He arose out of the Sant synthesis, yet by what he sought to achieve and what actually he did took him beyond the sants and gave him a place in the history and culture of India which none of his sant contemporaries could achieve.

He had imbibed in full the entire social and religious atmosphere of his times. He let them pass through the crucible of his heart and mind, his perception and intellect and through his personal experience. What emerged out of it all was neither Vaishnava Bhaktiism or Kabirism, nor Sahajyan Buddhism, nor Nathism, nor Sufism or Saintism. The emergence became a disticnt entity with a separate identity of its own.The new emergence is what has come to be known as Sikhism.



## ਪਿਆਰਾ ਸਿੰਘ ਪਦਮ

(1921-1981)

ਲੁਧਿਆਣੇ ਜ਼ਿਲੇ ਦੇ ਪਿੰਡ ਘੁੰਗਰਾਣਾ ਪਰਗਨਾ ਵਿਚ ਜਨਮੇ ਪਦਮ ਜੀ ਨੇ ਆਪਣਾ ਕੈਰੀਅਰ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਸ਼ੁਰੂ ਕੀਤਾ। ਕੁਝ ਚਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੱਤ੍ਰਿਕਾ ਗੁਰਦੁਆਰਾ ਗਜ਼ਟ ਦੇ ਸੰਪਾਦਕ ਰਹੇ। ਉਸ ਤੋਂ ਬਾਅਦ ਪੰਦਰਾਂ ਸਾਲ ਪੰਜਾਬ ਭਾਸ਼ਾ ਵਿਭਾਗ ਵਿਚ ਰਹੇ। ਕਾਫ਼ੀ ਸਮਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ ਵਿਚ ਸੇਵਾ ਨਿਭਾਈ। ਪਦਮ ਜੀ ਪਰੰਪਰਕ ਸਿੱਖ ਸਿੱਖਿਆ ਪ੍ਰਣਾਲੀ ਦੀ ਉਪਜ ਸਨ ਤੇ ਪੁਰਾਣੀਆਂ ਹੱਥ ਲਿਖਤਾਂ ਤੇ ਖਰੜਿਆਂ ਵਿਚ ਉਨ੍ਹਾਂ ਦੀ ਬਹੁਤ ਗਹਿਰੀ ਦਿਲਚਸਪੀ ਸੀ।

ਕਲਮ ਦੇ ਧਨੀ (ਦੋ ਜਿਲਦਾਂ), ਗੁਰੂ ਗ੍ਰੰਥ ਸੰਕੇਤ, ਪੰਜਾਬੀ ਵਾਰਾਂ, ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਰਤਨ ਉਨ੍ਹਾਂ ਦੀਆਂ ਪ੍ਰਸਿੱਧ ਕਿਰਤਾਂ ਹਨ।

## Piara Singh Padam

(1921-1981)

Born in Village Ghungrana Pargana, district Ludhiana.

He started his career as a lecturer in Sikh Missionary College, Amritsar. He had been the editor of Gurdwara Gazette of SGPC.

Afterwards he joined Language Department, Punjab, Patiala.

He was appointed a Special Senior Oriental Fellow of Sri Guru Granth Sahib Studies at Punjabi University, Patiala. Prof Padam was the product of traditional Sikh schooling and had a deep interest in the old hand written manuscripts.

Kalam De Dhani (in two volumes), Guru Granth Sanket, PunjabI Varan, Sri Guru Granth Mehma Kosh, Sri Guru Gobind Singh Ji *De Darbari Rattan* are his famous books.

ਪੈਗੰਬਰਾਂ ਵਿਚ ਕੋਈ ਮਹਾਪੁਰਖ ਅਜਿਹਾ ਨਹੀਂ ਹੋਇਆ ਜੋ ਸਾਹਿਤ-ਸੰਗੀਤ ਕਲਾ ਦਾ ਗਿਆਤਾ ਨਿਰਮਾਤਾ ਹੋਵੇ। ਬਾਬਾ ਨਾਨਕ ਹੀ ਐਸਾ ਗੁਰੂ ਨਬੀ ਸੀ ਜੋ ਕਵੀ ਵੀ ਸੀ ਗਵੱਈਆ ਵੀ। ਸ਼ਾਇਰ ਵੀ ਸੀ ਢਾਡੀ ਵੀ। ਉਸ ਦੀ ਆਵਾਜ਼ ਇਕ ਗ਼ੈਬੀ ਕ੍ਰਿਸ਼ਮਾ ਸੀ ਜੋ ਸਾਹਿਤ-ਸੰਗੀਤ ਦੇ ਰੰਗ ਨਾਲ ਜਾਦੂ ਬਣ ਉਭਰਦੀ ਸੀ।

ਬਾਬੇ ਨਾਨਕ ਦੀ ਬਾਣੀ ਵਿਚ ਰੱਬ ਦਾ ਤੇ ਲੋਕਾਂ ਦਾ ਪਿਆਰ ਬਰਾਬਰ ਗਾਇਆ ਗਿਆ ਹੈ। ਜਿੱਥੇ ਸੱਚ ਖੰਡ ਦੀਆਂ ਝਾਕੀਆਂ ਹਨ ਓਥੇ ਜਗ ਦੇ ਦੁਖ ਸੁਖ ਦੇ ਦ੍ਰਿਸ਼ ਵੀ ਹਨ। ਭਗਤੀ ਕਾਲ ਦੀ ਕਿਸੇ ਹੋਰ ਰਚਨਾ ਵਿਚ ਜਗਤ-ਵਿਥਿਆ ਨੂੰ ਏਨੀ ਥਾਂ ਨਹੀਂ ਮਿਲੀ। ਬਾਬੇ ਨਾਨਕ ਨੂੰ ਹੀ ਇਹ ਸ਼ਰਫ਼ ਹਾਸਿਲ ਹੈ ਕਿ ਉਸ ਨੇ ਧਰਤ ਤੇ ਆਕਾਸ਼ ਦੇ ਕਲਾਵੇ ਮੇਲਣ ਵਾਲੀ ਸਤਰੰਗੀ ਪੀਂਘ ਲਟਕਾਈ।

ਗੁਰੂ ਨਾਨਕ ਦੇਵ ਜੀ ਦਾ ਵਿਸ਼ਾ ਆਤਮਕ ਉਸਰੀ ਅਤੇ ਸਮਾਜਕ ਉਸਾਰੀ ਦੋਵੇਂ ਹੈ। ਬਾਬਰਵਾਣੀ ਵਰਗੀ ਰਚਨਾ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਉਨ੍ਹਾਂ ਨੇ ਕੇਵਲ ਨਿੱਜੀ ਜਾਂ ਸਮਾਜਕ ਸੁਧਾਰ ਲਈ ਹੀ ਸੁਝਾਅ ਨਹੀਂ ਦਿੱਤੇ ਸਗੋਂ ਰਾਜਨੀਤਕ ਅੱਤਿਆਚਾਰਾਂ ਵਿਰੁੱਧ ਵੀ ਇਕ ਠੋਸ ਆਵਾਜ਼ ਬੁਲੰਦ ਕਰ ਕੇ ਹਿੰਦ ਨੂੰ ਆਜ਼ਾਦੀ ਦੀ ਜੱਦੋਜਹਿਦ ਲਈ ਨਵੇਂ ਰਾਹ ਪਾਇਆ।

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨ੍ਹਿ ਬੈਠੇ ਸੁਤੇ॥
ਲਬੁ ਪਾਪੁ ਦੁਇ ਰਾਜਾ ਮਹਤਾ...

ਜੇਹੇ ਵਾਕ ਹਿੰਦੁਸਤਾਨ ਦੇ ਸਾਹਿਤ ਵਿਚ ਬਿਲਕੁਲ ਨਵੀਂ ਗੱਲ ਸੀ। ਇਸ ਜ਼ਮਾਨੇ ਜਾਂ ਇਸ ਤੋਂ ਪਹਿਲਾਂ ਦੇ ਹਿੰਦੀ, ਸੰਸਕ੍ਰਿਤ ਜਾਂ ਹੋਰ ਪ੍ਰਾਂਤਕ ਸਾਹਿਤ ਵਿਚ ਕ੍ਰਾਂਤੀ ਦੀ ਅਜਿਹੀ ਗੂੰਜ ਸਾਨੂੰ ਸੁਣਾਈ ਨਹੀਂ ਦਿੰਦੀ ਜੋ ਇਉਂ ਹਰ ਪਹਿਲੂ ਤੋਂ ਸਮਾਜਕ, ਧਾਰਮਿਕ ਤੇ ਰਾਜਨੀਤਕ ਆਜ਼ਾਦੀ ਲਈ ਮਨੁੱਖ ਨੂੰ ਭਰਪੂਰ ਉਭਾਰ ਦਿੰਦੀ ਹੋਵੇ



Amongst the prophets no such eminent holy man was born who had knowledge about and could compose literature-music arts. Baba Nanak was the only such preceptor prophet who was both a poet and a singer. Was both a versifier and a minstrel. His voice was a divine miracle which, coloured with the colours of literature-music, would emerge as magic.

In Baba Nanak's hymns the love for God and for people have been sung equally. Where there are glimpses of the True Abode, there are also scenes of the world's pains and pleasures in it. In no other composition of the Bhakti period, has world-narrative been given so much space. Baba Nanak alone achieves this distinction that he hung the rainbow-hued swing of the intertwining embrace between earth and sky.

The subject of Guru Nanak Dev Ji is both spiritual growth and social upliftment. A composition such as *Baburbani* is absolute proof of the fact that he did not merely offer suggestions for personal or social amelioration but also, by raising a strong voice against political oppression he led Hind down a new path for the struggle for freedom.

The kings are like leopards, the courtiers like dogs
For, they awaken those that sleep in God's Peace.
Avarice and Sin are the king and the minister

verses like these were something completely new in the literature of Hindustan. In the Hindi, Sanskrit or other vernacular literature from these times, or earlier, we do not get to hear such echoes of revolution which, from every aspect, be it social, religious, or political, offer humanity such complete incitement for freedom.



## ਪ੍ਰੋ ਪੂਰਨ ਸਿੰਘ

(1881 - 1931)

ਪੰਜਾਬੀ ਕਵੀ, ਰਹੱਸ-ਅਨੁਭਵੀ ਤੇ ਵਿਗਿਆਨੀ ਪ੍ਰੋ ਪੂਰਨ ਸਿੰਘ ਦਾ ਜਨਮ ਜ਼ਿਲਾ ਐਬਟਾਬਾਦ ਦੇ ਪਿੰਡ ਸਲਹਡ ਵਿਚ ਹੋਇਆ ਜੋ ਹੁਣ ਲਹਿੰਦੇ ਪੰਜਾਬ ਵਿਚ ਹੈ। ਉਨ੍ਹਾਂ ਦਾ ਨਾਮ ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਉਨ੍ਹਾਂ ਨੇ 1903 ਵਿਚ ਟੋਕੀਓ ਯੂਨੀਵਰਸਿਟੀ ਤੋਂ ਉਦਯੋਗਿਕ ਰਸਾਇਣ ਵਿਚ ਡਿਗਰੀ ਪ੍ਰਾਪਤ ਕੀਤੀ। ਚਾਲ਼ੀ ਸਾਲ ਦੀ ਉਮਰ ਵਿਚ ਉਹ ਵਿਦਾ ਹੋ ਗਏ ਪਰ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿਚ ਉਨ੍ਹਾਂ ਦੇ ਮਹਾਨ ਸਾਹਿਤ ਦੀ ਮਾਤਰਾ ਹੈਰਾਨ ਕਰਨ ਵਾਲੀ ਹੈ। ਖੁੱਲ੍ਹੇ ਘੁੰਡ, ਖੁੱਲ੍ਹੇ ਮੈਦਾਨ, ਖੁੱਲ੍ਹੇ ਅਸਮਾਨੀ ਰੰਗ, ਖੁੱਲ੍ਹੇ ਲੇਖ, ਦ ਸਿਪਿਰਟ ਆਫ਼ ਓਰੀਐਂਟਲ ਪੋਇਟ੍ਰੀ, ਸਿਸਟਰ ਆਫ਼ ਦਾ ਸਪਿੰਨਿੰਙ ਵੀਲ ਤੇ ਸਿਪਿਰਟ ਬੌਰਨ ਪੀਪਲ ਉਨ੍ਹਾਂ ਦੀਆਂ ਕੁਝ ਪ੍ਰਮੁਖ ਪੁਸਤਕਾਂ ਹਨ।

## Prof Puran Singh

(1881 - 1931)

A Punjabi poet, mystic and scientist born in village Salhad, Distt Abottabad (now in Western Punjab) is acclaimed as one of the pioneers of modern Punjabi poetry. He obtained a degree in Industrial Chemistry from Tokyo University in 1903. He died at the age of 40 but the bulk of his great literature in Punjabi, English and Hindi is amazing. Some of his major works in Punjabi and English are: *Khulle Ghund, Khulle Maidan, Khulle Asmani Rang, Khulle Lekh, The Spirit of Oriental Poetry, Sisters of the Spinning Wheel* and *The Spirit Born People.*

ਇੱਥੇ ਬਾਬੇ ਦੇ ਸ਼ਬਦ ਨੇ
ਪੱਥਰਾਂ ਨੂੰ ਪਿਘਾਲਿਆ,
ਮਰਦਾਨੇ ਦੀ ਰਬਾਬ ਵੱਜੀ,
ਪਰਬਤਾਂ ਸਲਾਮ ਕੀਤਾ,
ਬੂਟਾ ਬੂਟਾ ਵਜਦ ਵਿਚ ਨੱਚਿਆ,
ਪੰਜਾਬ ਦੀ ਮਿੱਟੀ ਦਾ ਜ਼ੱਰਾ ਜ਼ੱਰਾ ਕੰਬਿਆ ਪਿਆਰ ਵਿਚ,
ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ।

ਗੁਰੂ ਨਾਨਕ ਦੇਵ ਜੀ ਨੇ ਕਰਤਾਰ ਪੁਰ ਆ ਕੇ ਕਣਕ ਦੀ ਖੇਤੀ ਸ਼ੁਰੂ ਕਰ ਦਿੱਤੀ। ਕਰਤਾਰ ਪੁਰ ਨੂੰ ਉਹ ਕਰਤਾ ਪੁਰਖ ਦਾ ਨਗਰ ਕਹਿੰਦੇ ਸਨ।ਓਥੋਂ ਦੇ ਲੋਕ ਖੇਤਾਂ ਵਿਚ ਉਨ੍ਹਾਂ ਦਾ ਹੱਥ ਵਟਾਉਣ ਆ ਜਾਂਦੇ। ਗੁਰੂ ਨਾਨਕ ਦੇਵ ਜੀ ਨੂੰ ਕਣਕ ਬੀਜਣੀ ਤੇ ਪੱਕੀ ਸੁਨਹਿਰੀ ਫ਼ਸਲ ਨੂੰ ਸਾਂਭਣਾ ਬਹੁਤ ਚੰਗਾ ਲਗਦਾ।ਉਹ ਜਿਵੇਂ ਲੋਕਾਂ ਦੇ ਹੀ ਸਨ ।ਉਨ੍ਹਾਂ ਨੇ ਲੋਕਾਂ ਲਈ ਆਪਣੇ ਭਰੇ ਭੰਡਾਰਿਆਂ ਦੇ ਬੂਹੇ ਖੋਲ੍ਹ ਦਿੱਤੇ।ਓਥੇ ਅੱਠੇ ਪਹਿਰ ਲੋਕਾਂ ਨੂੰ ਅੰਨ ਪਾਣੀ ਮਿਲ਼ਦਾ।ਸੰਗਤਾਂ ਆਉਂਦੀਆਂ ਤੇ ਬਾਬੇ ਨਾਨਕ ਦੇ ਦਰ ਤੋਂ ਖੁੱਲ੍ਹੇ ਗੱਫੇ ਪ੍ਰਾਪਤ ਕਰਦੀਆਂ। ਗੁਰਾਂ ਦੇ ਖ਼ਜ਼ਾਨੇ ਵਿਚੋਂ ਉਨ੍ਹਾਂ ਨੂੰ ਵਿਚਾਰ, ਪਿਆਰ ਅਤੇ ਊਰਜਾ ਦੀਆਂ ਦਾਤਾਂ ਮਿਲ਼ਦੀਆਂ।ਇਸ ਦਰ ਤੇ ਆ ਕੇ ਉਨ੍ਹਾਂ ਦੇ ਰੋਗ ਸੋਗ ਦੂਰ ਹੋ ਜਾਂਦੇ।

ਪਠਾਣ ਤੇ ਬਲੋਚ, ਤੁਰਕ ਤੇ ਤਾਤਾਰ, ਸੂਫ਼ੀ ਤੇ ਬ੍ਰਾਹਮਣ, ਕਾਲ਼ੇ ਤੇ ਗੋਰੇ ਸਾਰੇ ਬਾਬੇ ਦੇ ਮਹਾਨ ਖੁੱਲ੍ਹੇ ਦਿਲ ਵਿਚ ਸਮੋ ਜਾਂਦੇ।

Here the Baba's words

melted rocks

Mardana's rabab rang out

and the mountains saluted

every plant danced in a trance
every grain of Punjab's dust trembled in adoration

and the rivers flowed to the same divine notes

Guru Nanak started wheat farms at Kartarpur, the town of Kartar (Creator) as he called it. His people came and worked with him in the fields. The Guru took keen interest in sowing wheat, and reaping the golden harvests: he was of the people. Once again his stores were open to them. The bread and water was ready for all at all hours of the day, the crowds came and freely partook the Guru's gifts. All comers were filled from the Guru's treasury of

thought and love and power; the deceased and distressed were healed by him.

The Afghan and the Biloch, the Turk and the Tartar, the Sufi and the Brahman, the white and the dark races mingled in his great heart. The disciples, both men and women came from all directions, and took part freely in the song of the Guru.



## ਸੁਨੀਤੀ ਕੁਮਾਰ ਚੈਟਰਜੀ

(ਨਵੰਬਰ 26, 1890 - ਮਈ 29, 1977)

ਪਦਮ ਵਿਭੂਸ਼ਨ ਪ੍ਰਾਪਤ ਕਰਨ ਵਾਲੇ ਮਸ਼ਹੂਰ ਭਾਸ਼ਾ ਵਿਗਿਆਨੀ, ਸਿੱਖਿਆ ਸ਼ਾਸਤਰੀ ਤੇ ਸਾਹਿਤਕਾਰ। ਪ੍ਰੈਜ਼ੀਡੈਂਸੀ ਕਾਲਜ ਕੋਲਕਾਤਾ ਤੋਂ ਅੰਗਰੇਜ਼ੀ ਸਾਹਿਤ ਦੀ ਆਨਰਜ਼ ਕੀਤੀ। ਧੁਨੀ ਵਿਗਿਆਨ, ਭਾਰਤੀ ਯੂਰਪੀ ਭਾਸ਼ਾ ਵਿਗਿਆਨ, ਪ੍ਰਾਕ੍ਰਿਤ, ਫ਼ਾਰਸੀ, ਪੁਰਾਣੀ ਆਇਰਿਸ਼, ਗੋਥਿਕ ਤੇ ਹੋਰ ਭਾਸ਼ਾਵਾਂ ਦੇ ਅਧਿਅਨ ਲਈ ਯੂਨੀਵਰਸਿਟੀ ਆਫ਼ ਲੰਡਨ ਗਏ। ਤੀਹ ਸਾਲ ਯੂਨੀਵਰਸਿਟੀ ਆਫ਼ ਕੋਲਕਾਤਾ ਵਿਚ ਭਾਸ਼ਾ ਵਿਗਿਆਨ ਦੇ ਪ੍ਰੋਫੈਸਰ ਰਹੇ। 1965 ਵਿਚ ਉਹ ਹਿਊਮੈਨੀਟੀਜ਼ ਦੇ ਰਾਸ਼ਟਰੀ ਖੋਜ ਪ੍ਰੋਫੈਸਰ ਬਣੇ। ਮਹਾਕਵੀ ਰਾਬਿੰਦਰ ਨਾਥ ਟੈਗੋਰ ਦੇ ਬਿਦੇਸ਼ੀ ਦੌਰਿਆਂ ਦੇ ਨਾਲ ਉਨ੍ਹਾਂ ਦੇ ਨਾਲ ਗਏ ਜਿੱਥੇ ਉਨ੍ਹਾਂ ਨੇ ਭਾਰਤੀ ਕਲਾ ਅਤੇ ਸਭਿਆਚਾਰ ਬਾਰੇ ਭਾਸ਼ਨ ਦਿੱਤੇ। ਉਹ ਸਾਹਿਤ ਅਕਾਦਮੀ ਤੇ ਚੇਅਰਮੈਨ ਵੀ ਰਹੇ

## Suniti Kumar Chatterji

(26 November 1890- 29 May 1977)

He was a linguist, educationist and litterateur. He was a *Padma Vibhushna* awardee. He did major (honours) English Literature from Presidency College Kolkata. He went to University of London where he learned Phonology, Indo-European Linguistics, Prakrit, Persian, Old Irish, Gothic and other languages. For 30 years he served University of Kolkata as a Professor of Linguistics. In 1965, he became National Research Professor of India for Humanities. He accompanied Rabindranath Tagore to many places where he delivered lectures on Indian art and culture. He had also been President, Sahitya Akademi.

ਸ਼ਿਕਸ਼ਾਮ੍ਰਿਤੇਣ ਵੈ ਗੁਰੋਰਗਯਾਨਵਿਸ਼ਮੂਰਛਿਤਾ:।
ਧ੍ਰਿਤਿੰ ਸ਼ਮੰ ਸ਼ਕਤਿੱਮ ਪ੍ਰਾਪੁਰ ਮਲੇਛਾਰਦਿਤਾ: ਪ੍ਰਜਾ॥

ਅਗਿਆਨ ਦੀ ਜ਼ਹਿਰ ਨਾਲ ਮੂਰਛਿਤ ਹੋਏ
ਤੇ ਮਲੇਛਾਂ ਦੇ ਕਹਿਰ ਨਾਲ ਸਾਹਸ-ਹੀਣ ਹੋ ਚੁੱਕੇ ਲੋਕ
ਗੁਰੂ ਦੀ ਸੰਥਾ ਦੇ ਅੰਮ੍ਰਿਤ ਨਾਲ ਫਿਰ ਸੋਮਨ ਹੋਏ
ਉਨ੍ਹਾਂ ਵਿਚ ਫਿਰ ਜਾਨ ਪਈ ਤੇ ਸੱਤਿਆ ਆਈ

ਸਦਯੰ ਸਰਵਭੂਤੇਸ਼ੁ ਕਾਰੁਣਸਯ ਪ੍ਰਚਾਰਕਮ।
ਚਰੰਤਮ ਬਹੁਜਾਤਿਸ਼ੁ ਨਿਰਸਾਭਯੇ ਦੇਸ਼ਿਕੋਤੱਮਮ॥

ਉਹ ਜਿਸ ਦੇ ਮਨ ਵਿਚ ਸਾਰੇ ਪ੍ਰਾਣੀਆਂ ਲਈ ਦਇਆ ਹੈ
ਉਹ ਜੋ ਮਿਹਰ ਬਰਸਾਉਂਦਾ ਹੈ
ਉਹ ਜੋ ਸਾਰੀਆਂ ਜਾਤੀਆਂ ਵਿਚਕਾਰ ਵਿਚਰਿਆ
ਉਹ ਮਾਨਵਤਾ ਵਿਚ ਬਰਾਬਰੀ ਦਾ ਸਭ ਤੋਂ ਵੱਡਾ ਗੁਰੂ ਸੀ।

ਕਲਯਾਣਾਯ ਨਰਾਣਾਂਚਾ ਸਤਾ ਨਿਵੇਦਿਤਾਮਨੇ
ਨਾਨਕਾਯ ਨਮਸਤਸਮੈ ਗੁਰਵੇ ਧਯਾਨਮੂਰਤੈਂ॥21॥

ਜਿਸ ਨੇ ਆਪਣਾ ਆਪਾ ਮਾਨਵਤਾ ਦੇ ਭਲੇ ਨੂੰ ਅਰਪਿਤ ਕੀਤਾ
ਉਹ ਮਹਾਨ ਗੁਰੂ
ਜੋ ਪ੍ਰਭੂ ਦੇ ਧਿਆਨ ਦੀ ਮੂਰਤ ਹੈ
ਉਸ ਨੂੰ ਸਾਡਾ ਸਦਾ ਸਦਾ ਨਮਸਕਾਰ।

ਏਕੀਭੂਤ ਜਨਾ: ਦਭਯੰ ਵਿਹਾਯ ਕੌਲਿਕਮ।
ਧਰਮਰਾਜਯੰ ਪ੍ਰਕੁਵਰੰਤੁ ਹਰਿਨਾਮਿਨ ਪ੍ਰਤਿਸ਼ਠਤਮ

ਆਓ ਆਪਾਂ ਸਾਰੇ ਮਾਨਵ ਇਕ ਹੋ ਕੇ
ਜਾਤਾਂ ਵੰਸ਼ਾਂ ਦਾ ਅਭਿਮਾਨ ਤਿਆਗ ਕੇ
ਪ੍ਰਭੂ ਦੇ ਨਾਮ ਤੇ
ਧਰਮ ਦਾ ਰਾਜ ਸਥਾਪਿਤ ਕਰੀਏ

ਸਮਤਾ ਸਰਵਭੂਤੇਸ਼ੁ ਸਮਮਤਾ ਵਿਪਸ਼੍ਰਿਤਾਮ।
ਆਰਯੇ ਮਲੇਛੇ ਤਥਾ ਵਿਪਰੇ ਸ਼ੂਦਰੇ ਚਾਸੀਤ ਸਮੋ ਗੁਰੂ॥9॥

ਸਾਰਿਆਂ ਲਈ ਪਿਆਰ ਦਾ ਭਾਵ ਉਨ੍ਹਾਂ ਦੀ ਮੱਤ ਹੈ
ਜਿਨ੍ਹਾਂ ਨੂੰ ਚਾਨਣ ਹੋਇਆ ਹੈ
ਕੋਈ ਆਰੀਆ ਹੋਵੇ, ਓਪਰਾ ਹੋਵੇ, ਬ੍ਰਾਹਮਣ ਹੋਵੇ
ਸਾਡੇ ਗੁਰੂ ਲਈ ਸਭ ਬਰਾਬਰ ਹਨ।



Through the ambrosia of the Guru's teachings
the people faint and without nerve,
because of the poison of ignorance
and because they were tyrannised by the aliens
got back their stability, their steadiness and their strength.

He, who has Pity for all creatures, and who spreads Mercy,
He, who moved among many races, and was the highest
Teacher of the Equality among Men:

To him who dedicated his self for the welfare of all men—
To the Great Teacher who is
Meditation of God in visible form,
To Nanak, our obeisance goes forever and ever.

Let all Men, becoming as One,
and giving up Pride of Family,
build up a Realm of Righteousness,
established upon the Name of the Lord.

Feeling of equality for all creatures
is indeed approved of the wise:
So our Guru was the same,
whether for the Aryan or for Alien.



## ਅੱਲਾ ਯਾਰ ਖ਼ਾਂ ਜੋਗੀ

ਅੱਲਾ ਯਾਰ ਖ਼ਾਂ ਜੋਗੀ ਉਹ ਮਸ਼ਹੂਰ ਕਵੀ ਹੈ ਜਿਸਨੇ ਦਸਮ ਪਾਤਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਬਾਰੇ ਸਭ ਤੋਂ ਵੱਧ ਦਿਲ-ਟੁੰਬਵੀਆਂ ਦੋ ਪੁਸਤਕਾਂ ਲਿਖੀਆਂ। ਛੋਟੇ ਸਾਹਿਜ਼ਾਦਿਆਂ ਦੀ ਸ਼ਹਾਦਤ ਬਾਰੇ ਸ਼ਹੀਦਾਨੇ-ਏ-ਵਫ਼ਾ, ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਗੰਜ-ਏ-ਸ਼ਹੀਦਾਂ। ਇਨ੍ਹਾਂ ਦੋ ਪੁਸਤਕਾਂ ਵਿਚ ਜੋ ਸ਼ਿੱਦਤ ਤੇ ਅਕੀਦਤ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਬਾਰੇ ਮਿਲਦੀ ਹੈ ਉਹ ਬੇਮਿਸਾਲ ਹੈ।

ਇਨ੍ਹਾਂ ਪੁਸਤਕਾਂ ਨੂੰ ਪੜ੍ਹਦਿਆਂ ਇਸ ਗੱਲ ਦਾ ਤੀਖਣ ਅਹਿਸਾਸ ਹੁੰਦਾ ਹੈ ਕਿ ਕਿਸੇ ਦੂਜੇ ਧਰਮ ਦੇ ਸ਼ਹੀਦਾਂ ਬਾਰੇ ਏਨੀ ਅਪਣੱਤ ਨਾਲ ਲਿਖਣ ਵਾਲਾ ਇਨਸਾਨ ਮਜ਼ਹਬਾਂ ਦੀਆਂ ਵਲਗਣਾਂ ਤੋਂ ਪਾਰ ਇਨਸਾਨੀਅਤ ਤੇ ਰੂਹਾਨੀਅਤ ਦਾ ਸ਼ੈਦਾਈ ਹੀ ਹੋਵੇਗਾ, ਕੋਈ ਰੱਬੀ ਨੂਰ ਦਾ ਮਹਿਰਮ ਹੀ ਹੋਵੇਗਾ। ਤਦੇ ਇਹ ਬੇਨਜ਼ੀਰ ਪੁਸਤਕਾਂ ਉਸ ਦੀ ਰੂਹ ਵਿਚੋਂ ਫੁੱਟੀਆਂ। ਉਸ ਨੂੰ ਇਹ ਵੀ ਭਲੀ ਭਾਂਤ ਪਤਾ ਸੀ ਕਿ ਇਹ ਸ਼ਹਾਦਤਾਂ ਉਸ ਦੇ ਸਹਿਧਰਮੀਆਂ ਹੱਥੋਂ ਹੋਈਆਂ। ਪਰ ਅੱਲਾ ਯਾਰ ਖ਼ਾਂ ਪੋਸ਼ਾਕਾਂ ਤੇ ਵਜੂਦਾਂ ਤੋਂ ਪਾਰ ਰੂਹਾਂ ਦੇਖਦਾ ਸੀ।

ਅੱਲਾ ਯਾਰ ਖ਼ਾਂ ਦੇ ਜੀਵਨ-ਕਾਲ ਬਾਰੇ ਕੋਈ ਨਿਸਚਿਤ ਵੇਰਵਾ ਨਹੀਂ ਮਿਲਦਾ। ਵੀਹਵੀਂ ਸਦੀ ਦੇ ਦੂਜੇ ਦਹਾਕੇ ਬਾਰੇ 1915 ਈਸਵੀ ਵਿਚ ਇਹ ਰਚਨਾਵਾਂ ਪ੍ਰਕਾਸ਼ਿਤ ਹੋਈਆਂ ਦੱਸੀਆਂ ਜਾਂਦੀਆਂ ਹਨ। ਇਨ੍ਹਾਂ ਦੇ ਪ੍ਰਕਾਸ਼ਿਤ ਹੋਣ ਸਾਰ ਇਨ੍ਹਾਂ ਦੀ ਰਵਾਨੀ ਅਤੇ ਸ਼ਿੱਦਤ ਨੇ ਪੜ੍ਹਨ ਵਾਲਿਆਂ ਨੂੰ ਮੋਹ ਲਿਆ ਸੀ।

ਅੱਲਾ ਯਾਰ ਖ਼ਾਂ ਦੀਆਂ ਸਤਰਾਂ ਵਿਚ ਅਜੇ ਵੀ ਦਰਦ ਦਾ ਸੇਕ ਹੈ ਰੂਹਾਨੀ ਸਾਂਝ ਦਾ ਨਿੱਘ ਹੈ ਤੇ ਸ਼ਹਾਦਤਾਂ ਦੀ ਅਜ਼ਮਤ ਦੀ ਲੋਅ ਹੈ।

ਵੋ ਨਾਨਕ, ਨਹੀਂ ਜਿਸ ਕਾ ਸਾਨੀ ਜਹਾਂ ਮੇਂ
ਵੋ ਨਾਨਕ, ਜੋ ਹੈ ਏਕ ਕੌਨ-ਓ-ਮਕਾਂ ਮੇਂ
ਨਜ਼ੀਰ ਆਪ ਅਪਨਾ ਥਾ ਇਸ ਇਨਸ-ਓ-ਜਾਂ ਮੇਂ
ਖ਼ੁਸੂਸਨ ਹਮਾਰੇ ਹੀ ਹਿੰਦੋਸਤਾਂ ਮੇਂ

ਜ਼ਮਾਨੇ ਮੇਂ ਹਾਸਿਲ ਉਸੇ ਬਰਤਰੀ ਹੈ
ਉਸੀ ਸੇ ਹੁਈ ਸ਼ਾਖ਼-ਏ-ਵਹਿਦਤ ਹਰੀ ਹੈ

ਯੇ ਹਿੰਦੋਸਤਾਂ ਬੁਤਪਰਸਤੀ ਕਾ ਘਰ ਥਾ
ਯੇ ਜੱਨਤ-ਨਿਸ਼ਾਂ ਫ਼ਾਕਾਮਸਤੀ ਕਾ ਘਰ ਥਾ
ਹਿਮਾਲਾ ਕੇ ਹੋਤੇ ਯੇ ਪਸਤੀ ਕਾ ਘਰ ਥਾ
ਜਹਾਲਤ ਕਾ ਮਲਜਾ ਸੁਰਸਤੀ ਕਾ ਘਰ ਥਾ

ਜ਼ਬੂੰ ਤੌਰ ਹਿੰਦੂ ਮੁਸਲਮਾਨ ਕਾ ਥਾ
ਬੁਰਾ ਹਾਲ ਰਿਸ਼ੀਓਂ ਕੀ ਸੰਤਾਨ ਕਾ ਥਾ
ਮੁਸਲਮਾਂ ਥੇ ਇਸਲਾਮ ਕੋ ਭੂਲ ਬੈਠੇ
ਵੋ ਆਏ ਥੇ ਜਿਸ ਕਾਮ ਕੋ ਭੂਲ ਬੈਠੇ
ਸਹਰ ਕੇ ਚਲੇ ਸ਼ਾਮ ਕੋ ਭੂਲ ਬੈਠੇ
ਤੋ ਹਿੰਦੂ ਭੀ ਥੇ ਰਾਮ ਕੋ ਭੂਲ ਬੈਠੇ

ਖ਼ੁਦਾ ਯਾਦ ਥਾ ਔਰ ਨ ਹਰ ਸੇ ਲਗਨ ਥੀ
ਬੁਤੋਂ ਪਰ ਤਬੀਅਤ ਥੀ ਜ਼ਰ ਸੇ ਲਗਨ ਥੀ


ਮਗਰ ਤੇਰੀ ਬਰਕਤ ਸੇ ਹਿੰਦੂ ਮੁਸਲਮਾਂ
ਜੋ ਦਿਨ ਰਾਤ ਰਹਤੇ ਥੇ ਦਸਤ-ਓ-ਗਰੇਬਾਂ
ਹੂਏ ਏਕ ਮਿਲ ਜੁਲ ਕੇ ਸ਼ੀਰ-ਓ-ਸ਼ਕਰ ਯਾਂ
ਨ ਵੋ ਇਨ ਸੇ ਲਰਜ਼ਾਂ ਨ ਯੇ ਉਨ ਸੇ ਲਰਜ਼ਾਂ
ਰਿਆਇਆ ਪਾ ਹਾਕਿਮ ਹਰਿਕ ਮਿਹਰਬਾਂ ਥਾ
ਹੂਆ ਅਮਨ ਕੀ ਜਾਂ ਯੇ ਹਿੰਦੋਸਤਾਂ ਥਾ


ਬੜੇ ਭਾਗ ਅਪਨੇ ਜਨਮ ਤੂ ਨੇ ਪਾਇਆ
ਮੁਬਾਰਕ ਘੜੀ ਮੁਸਲਿਹ-ਏ-ਹਿੰਦ ਆਇਆ
ਹਰਿਕ ਦੁਖ ਸੇ ਸ਼ਾਹ-ਓ-ਗਦਾ ਕੋ ਛੁੜਾਇਆ
ਗਿਰੇ ਕੋ ਉਠਾਇਆ, ਪੜੇ ਕੋ ਜਗਾਇਆ
ਸਹਾਰਾ ਦੀਆ ਤੂ ਨੇ ਬੇਚਾਰਗਾਂ ਕੋ
ਮੁਸੀਬਤਜਦਾ ਅਹਿਲੇ ਹਿੰਦੋਸਤਾਂ ਕੋ

ਹੂਏ ਯੂੰ ਬਹੁਤ ਪਾਰਸਾ ਇਸ ਜਹਾਂ ਮੇਂ
ਬਹੁਤ ਸੇ ਹੂਏ ਰਹਿਨੁਮਾਂ ਇਸ ਜਹਾਂ ਮੇਂ
ਨਬੀ ਓ ਵਲੀ ਦੇਵਤਾ ਇਸ ਜਹਾਂ ਮੇਂ
ਜਿਨ੍ਹੇਂ ਭੇਜਤਾ ਹੈ ਖ਼ੁਦਾ ਇਸ ਜਹਾਂ ਮੇਂ
ਫ਼ਕਤ ਇਸ ਕੇ ਪੈਰਉ ਇਸੇ ਜਾਨਤੇ ਹੈਂ
ਮਗਰ ਤੁਝ ਕੋ ਸਾਰੇ ਗੁਰੂ ਮਾਨਤੇ ਹੈਂ

ਹਰਿਕ ਬਾਤ ਹੈ ਤੇਰੀ ਮਾਕੂਲ ਨਾਨਕ
ਨ ਮਾਨੇ ਤੁਝੇ ਵੋ ਹੈ ਮਜਹੂਲ ਨਾਨਕ
ਹੈ ਅਪਨੋਂ ਮੇਂ ਗ਼ੈਰੋਂ ਮੇਂ ਮਕਬੂਲ ਨਾਨਕ
ਨਹੀਂ ਜਿਸ ਮੇਂ ਕਾਂਟਾ ਹੈ ਵੋ ਫੂਲ ਨਾਨਕ
ਜਨਮ ਚੌਧਵੀਂ ਰਾਤ ਕੋ ਤੂਨੇ ਪਾਯਾ
ਉਜਾਲਾ ਹੂਆ ਜਬ ਕੇ ਤਸ਼ਰੀਫ਼ ਲਾਯਾ

ਖਰੀ ਬਾਤ ਸੁਨ ਸੁਨ ਕੇ ਜ਼ੀਜਾਹ ਸਾਰੇ
ਵੋ ਸਬ ਚਰਖ਼ੇ ਹਿੰਦੋਸਤਾਂ ਕੇ ਸਿਤਾਰੇ
ਫਸੀਹ ਔਰ ਆਲਿਮ ਤੋ ਕਯਾ ਥੇ ਬੇਚਾਰੇ
ਥੇ ਰਾਏ ਬੁਲਾਰ ਔਰ ਬਾਬਰ ਭੀ ਹਾਰੇ
ਬੜੇ ਦਬਦਬੇ ਕਾ ਥਾ ਦਰਬਾਰ ਨਾਨਕ
ਬੜੀ ਰੌਬ ਵਾਲੀ ਥੀ ਸਰਕਾਰ ਨਾਨਕ।





Artworks by respective artists appear on following page numbers:

Harpreet Singh Naaz - 57, 58, 63, 64, 69, 70, 75, 93, 100, 101, 107, 130
Sidharth – 1, 77, 86, 91, 95, 111, 125, 126
Jaspreet Singh – 78-79
Swarnjit Savi – 109, 132, 135
Rajinder Kaur - 128
Pankaj Sharma - 66
Vinod Kumar - 137
Prabhsimar Kaur - 139
Punjab Digital Library (Source) - 97
Tanvi Rana – 190-191
Ankur -195
Mandeep Singh Manu -202
Sketches by Jaspreet Singh on page numbers 142 to 188



ਕਲਾਕਾਰਾਂ ਦੀਆਂ ਕਲਾਕਿਰਤਾਂ ਲੜੀਵਾਰ ਹੇਠ ਲਿਖੇ ਪੰਨਿਆਂ ਤੇ ਸ਼ਾਮਲ ਹਨ:

ਹਰਪ੍ਰੀਤ ਸਿੰਘ ਨਾਜ਼ - ੫੭, ੫੮, ੬੩, ੬੪, ੬੯, ੭੦, ੭੫, ੯੩, ੧੦੦, ੧੦੧, ੧੦੭, ੧੩੦
ਸਿਧਾਰਥ - ੧, ੭੭, ੮੬, ੯੧, ੯੫, ੧੧੧, ੧੨੫, ੧੨੬
ਜਸਪ੍ਰੀਤ ਸਿੰਘ - ੭੮-੭੯
ਸਵਰਨਜੀਤ ਸਵੀ - ੧੦੯, ੧੩੨, ੧੩੫
ਰਾਜਿੰਦਰ ਕੌਰ - ੧੨੮
ਪੰਕਜ ਸ਼ਰਮਾ - ੬੬,
ਵਿਨੋਦ ਕੁਮਾਰ - ੧੩੭
ਪ੍ਰਭਸਿਮਰ ਕੌਰ - ੧੩੯
ਪੰਜਾਬ ਡਿਜਿਟਲ ਲਾਇਬ੍ਰੇਰੀ (ਸਰੋਤ) - ੯੭
ਤਨਵੀ ਰਾਣਾ - ੧੯੦-੧੯੧
ਅੰਕੁਰ - ੧੯੫
ਮਨਦੀਪ ਸਿੰਘ ਮਨੂ - ੨੦੨
ਰੇਖਾ ਚਿੱਤਰ ੧੪੨ ਤੋਂ ੧੮੮ ਨੰਬਰ ਪੰਨਿਆਂ ਤੇ ਜਸਪ੍ਰੀਤ ਸਿੰਘ ਦੁਆਰਾ ਬਣਾਏ ਗਏ



## EPILOGUE

Working for this publication brought me a deep realisation of my limits.
But at the same time,
it also felt as if some holy fountain were watering my being,
some illumination was dispersing the shadows of the mind.

Guru Nanak Dev Ji has addressed the Almighty and said:

Unfathomable, of Virtues Immeasurable,
No one knows how vast is Thy Expanse.

We can say these same lines to Guru Nanak Dev Ji:
O Nanak Ji, we cannot plumb your depths.

Guru Nanak, one exalted spiritual preceptor
Guru Nanak, the attainer of the immortal cup of the nectar of mystical experiences,
Guru Nanak, the divine poet who expressed those experiences in his hymns,
Guru Nanak, who sang those divine compositions
with the companion of his travels, Bhai Mardana, in 19 ragas,
Traverser of thousands of miles, the great traveller Guru Nanak
Guru Nanak, who saw through the political, social and religious conditions of his times
Guru Nanak, who called tyrannical rulers butchers in his fearless hymns
Guru Nanak, who composed peerless compositions about the terror of Babur
Guru Nanak, who sang the beauty, infinitude and mystery of creation
with unparalleled sensitivity and emotion
Guru Nanak, who memorialized the deep connection between nature and man
by calling air the Guru, water the father and earth the mother
Guru Nanak, who composed a Cosmic Anthem by extending the arti salver all the way to the skies
Guru Nanak, who sang the glory of word and sound,
dyeing his followers in the colours of Gurbani recitation for ages to come
Guru Nanak, who transformed the crowd into a congregation with his poetic and tuneful words
Guru Nanak, who, by embodying the union and separation of the soul in the female voice
depicted the form of woman as glorious
Guru Nanak who made manifest the hidden truth of the eternal equality of woman and man
By saying "The woman is in the man and man in the woman."
Guru Nanak, who became the salve on the wounds of female pain with the touch of his hymns by saying
"O why call woman evil"
Guru Nanak, the companion of the poor and destitute and workers
and Guru Nanak, who uttered this revelation
that the Grace of God falls only on those places
where the poor and destitute are uplifted
where the lowly are given respect and the oppressed are given strength.
Guru Nanak, who embraced Guru Angad and gave boundless love
to his chosen daughters and sons
Guru Nanak, who brought the message of destroying the traditions

## ਅੰਤਿਕਾ

ਇਸ ਪ੍ਰਕਾਸ਼ਨਾ ਲਈ ਕੰਮ ਕਰਦਿਆਂ ਆਪਣੀਆਂ ਸੀਮਾਵਾਂ ਦਾ ਤਿੱਖਾ ਅਹਿਸਾਸ ਹੋਇਆ।
ਪਰ ਨਾਲ ਦੀ ਨਾਲ ਇਸਤਰਾਂ ਵੀ ਲੱਗਾ ਕਿ ਕੋਈ ਪਾਵਨ ਜਲ ਦੀ ਧਾਰਾ ਵਜੂਦ ਨੂੰ ਸਿੰਜ ਰਹੀ ਹੈ,
ਕੋਈ ਚਾਨਣ ਮਨ ਦੇ ਹਨ੍ਹੇਰਿਆਂ ਵਿਚ ਘੁਲ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਰਤਾ ਪੁਰਖ ਨੂੰ ਸੰਬੋਧਨ ਕਰ ਕੇ ਕਿਹਾ ਸੀ :

> ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
> ਕੋਇ ਨ ਜਾਣੈ ਤੇਰਾ ਕੇਤਾ ਕੇਵਡ ਚੀਰਾ॥

ਓਹੀ ਵਾਕ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਕਹਿ ਸਕਦੇ ਹਾਂ:
ਹੇ ਨਾਨਕ ਜੀ ਅਸੀਂ ਤੇਰੇ ਪਾਸਾਰ ਨਹੀਂ ਜਾਣ ਸਕਦੇ।

ਇਕ ਅਜ਼ੀਮ ਰੂਹਾਨੀ ਰਹਿਬਰ ਗੁਰੂ ਨਾਨਕ
ਰਹੱਸਮਈ ਅਨੁਭਵਾਂ ਦਾ ਅੰਮ੍ਰਿਤ ਪਿਆਲਾ ਪ੍ਰਾਪਤ ਕਰਨ ਵਾਲਾ ਗੁਰੂ ਨਾਨਕ
ਉਨ੍ਹਾਂ ਅਨੁਭਵਾਂ ਨੂੰ ਬਾਣੀ ਵਿਚ ਬਿਆਨ ਕਰਨ ਵਾਲਾ ਇਲਾਹੀ ਕਵੀ ਗੁਰੂ ਨਾਨਕ
ਉਨ੍ਹਾਂ ਇਲਾਹੀ ਰਚਨਾਵਾਂ ਨੂੰ
ਆਪਣੇ ਸਫ਼ਰਾਂ ਦੇ ਸੰਗੀ ਭਾਈ ਮਰਦਾਨੇ ਨਾਲ
19 ਰਾਗਾਂ ਵਿਚ ਗਾਉਣ ਗੁਰੂ ਨਾਨਕ
ਹਜ਼ਾਰਾਂ ਕੋਹਾਂ ਦਾ ਪੈਂਡਾ ਕਰਨ ਵਾਲਾ ਮਹਾ ਯਾਤਰੀ ਗੁਰੂ ਨਾਨਕ
ਆਪਣੇ ਸਮਿਆਂ ਦੀ ਰਾਜਸੀ,
ਸਮਾਜਕ ਤੇ ਧਾਰਮਿਕ ਦਸ਼ਾ ਦੇ ਆਰਪਾਰ ਦੇਖਣ ਵਾਲਾ ਗੁਰੂ ਨਾਨਕ
ਆਪਣੀ ਨਿਰਭਉ ਬਾਣੀ ਵਿਚ ਜ਼ਾਲਮ ਰਾਜਿਆਂ ਨੂੰ ਕਸਾਈ ਕਹਿਣ ਵਾਲਾ ਗੁਰੂ ਨਾਨਕ
ਬਾਬਰ ਦੇ ਕਹਿਰ ਬਾਰੇ
ਬੇਨਜ਼ੀਰ ਰਚਨਾਵਾਂ ਰਚਣ ਵਾਲਾ ਗੁਰੂ ਨਾਨਕ
ਕੁਦਰਤ ਦੀ ਖ਼ੂਬਸੂਰਤੀ, ਅਨੰਤਤਾ ਅਤੇ ਰਹੱਸ ਨੂੰ
ਬੇਮਿਸਾਲ ਸੁਹਜ ਅਤੇ ਅਹਿਸਾਸ ਨਾਲ ਗਾਉਣ ਵਾਲਾ ਨਾਨਕ
ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤ ਨੂੰ ਮਾਤਾ ਕਹਿ ਕੇ
ਕੁਦਰਤ ਅਤੇ ਮਾਨਵ ਦੀ ਗਹਿਰੀ ਸਾਕਾਦਾਰੀ ਨੂੰ
ਦ੍ਰਿੜ੍ਹਾਉਣ ਵਾਲਾ ਗੁਰੂ ਨਾਨਕ
ਆਰਤੀ ਦੇ ਥਾਲ ਨੂੰ ਅਸਮਾਨ ਤੱਕ ਫੈਲਾ ਕੇ
ਬ੍ਰਹਿਮੰਡੀ ਗਾਨ ਰਚਣ ਵਾਲਾ ਗੁਰੂ ਨਾਨਕ
ਸਬਦ ਤੇ ਨਾਦ ਦੀ ਮਹਿਮਾ ਗਾ ਕੇ ਜੁੱਗਾਂ ਜੁੱਗਾਂ ਤੱਕ ਆਪਣੇ ਮੁਰੀਦਾਂ ਨੂੰ
ਗੁਰਬਾਣੀ ਕੀਰਤਨ ਦੇ ਰੰਗ ਵਿਚ ਰੰਗਣ ਵਾਲਾ ਗੁਰੂ ਨਾਨਕ
ਆਪਣੇ ਕਾਵਿਮਈ ਤੇ ਰਾਗਰੱਤੇ ਬੋਲਾਂ ਨਾਲ ਭੀੜ ਨੂੰ
ਸੰਗਤ ਬਣਾਉਣ ਵਾਲਾ ਗੁਰੂ ਨਾਨਕ
ਨਾਰੀ ਦੇ ਰੂਪਕ ਵਿਚ ਰੂਹ ਦਾ ਸੰਯੋਗ ਵਿਯੋਗ ਸਮੋ ਕੇ
ਨਾਰੀ ਦੇ ਰੂਪ ਨੂੰ ਮਹਿਮਾਮਈ ਦਰਸਾਉਣ ਵਾਲਾ ਗੁਰੂ ਨਾਨਕ
ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਆਖ ਕੇ
ਨਾਰ ਤੇ ਪੁਰਖ ਦੀ ਆਦਿ ਜੁਗਾਦੀ ਬਰਾਬਰੀ ਦੇ ਅਪ੍ਰਗਟ ਸੱਚ ਨੂੰ
ਪ੍ਰਗਟ ਕਰਨ ਵਾਲਾ ਗੁਰੂ ਨਾਨਕ
ਸੋ ਕਿਉ ਮੰਦਾ ਆਖੀਐ ਕਹਿ ਕੇ
ਬਾਣੀ ਦੀ ਛੁਹ ਨਾਲ ਨਾਰੀ ਸੰਵੇਦਨਾ ਦੇ ਜ਼ਖ਼ਮਾਂ ਦੀ ਮਰਹਮ ਬਣਨ ਵਾਲਾ ਗੁਰੂ ਨਾਨਕ
ਗਰੀਬਾਂ ਮਸਕੀਨਾਂ ਤੇ ਕਿਰਤੀਆਂ ਦਾ ਸੰਗੀ ਗੁਰੂ ਨਾਨਕ
ਤੇ ਇਹ ਮਹਾਵਾਕ ਉਚਾਰਨ ਵਾਲਾ ਗੁਰੂ ਨਾਨਕ

that distance one from love for the mystery of Creation
Guru Nanak, who called seekers constructive
and dogmatists who insist on their ideas,
untested by the touchstone of truth, he labelled destructive
Guru Nanak, who called the Bull of Dharma the son of mercy,
kindness the mosque, and meditation the ascetic's ashes
Guru Nanak, who, while maintaining the intimacy and identity of the local
depicted universal values
and created a common faith for humanity

Bhai Gurdas Ji had described the state of the times of
Guru Nanak Dev Ji with the sentence
"the whole world appeared to burn".
The same sentence can be used to describe the state of our current times.
Unscrupulous Capitalism,
the plight of the poor and indigent,
the increasing gap between the rich and the poor, unequal distribution,
the hatred being spread in the name of religions or nations,
caste discrimination, disregard of nature, the pollution of air,
soil and water, the lowly and powerless dying for lack of recourse,
the innocents dying of hunger and illness,
all of this is the burning of the earth.
Just as the sun, moon, stars, seas, rivers and clouds
can never be irrelevant,
similarly the life lessons and hymns of a divine preceptor such as
Guru Nanak can never be irrelevant
because they are connected with
the deep sources of the creation of the universe.
By following his teachings we can make ourselves into
truthful, authentic humans.
And the collection of truthful people can definitely transform
their societies and lands in such a way that the
Gift of the Grace and Mercy of the Creator
will rain down on them.

We are blessed with great fortune
to be alive in the times of
the 550th birth anniversary of Sri Guru Nanak Dev Ji.

Come, let us pray to become blessed
with good deeds along with being blessed with good fortune,
blessed with auspicious deeds, with righteous actions,
become the true disciples of Guru Nanak Dev Ji
and take stock of the condition of this burning earth
which he had called mother,
listen to the words of that air that he had called Guru,

ਕਿ ਅਕਾਲ ਪੁਰਖ ਦੀ ਮਿਹਰ
ਉਨ੍ਹਾਂ ਧਰਤੀਆਂ ਤੇ ਹੀ ਹੁੰਦੀ ਹੈ
ਜਿੱਥੇ ਗਰੀਬਾਂ ਮਸਕੀਨਾਂ ਦਾ ਉੱਥਾਨ ਹੁੰਦਾ ਹੈ
ਜਿੱਥੇ ਨਿਮਾਣਿਆਂ ਨੂੰ ਮਾਣ ਅਤੇ ਨਿਤਾਣਿਆਂ ਨੂੰ ਤਾਣ ਮਿਲਦਾ ਹੈ।
ਗੁਰੂ ਅੰਗਦ ਨੂੰ ਗਲੇ ਲਗਾ
ਆਪਣੇ ਨਾਦੀ ਧੀਆਂ ਪੁੱਤਰਾਂ ਨੂੰ
ਅਸੀਮ ਪਿਆਰ ਦੇਣ ਵਾਲਾ ਗੁਰੂ ਨਾਨਕ
ਸਿਰਜਣਹਾਰ ਰਹੱਸ ਦੀ ਪ੍ਰੀਤ ਤੋਂ ਦੂਰ ਲਿਜਾਣ ਵਾਲੀਆਂ ਰੀਤਾਂ ਨੂੰ
ਜਾਲਣ ਦਾ ਸੁਨੇਹਾ ਦੇਣ ਵਾਲਾ ਗੁਰੂ ਨਾਨਕ
ਸੱਚ ਦੀ ਕਸੌਟੀ ਤੇ ਅਣਪਰਖੇ
ਆਪਣੇ ਵਿਚਾਰਾਂ ਉਤੇ ਅੜੇ ਬਾਦੀਆਂ ਨੂੰ ਵਿਨਾਸੀ
ਤੇ ਖੋਜੀਆਂ ਨੂੰ ਵਿਗਾਸੀ ਕਹਿਣ ਵਾਲਾ ਗੁਰੂ ਨਾਨਕ
ਧੌਲ ਧਰਮ ਨੂੰ ਦਇਆ ਦਾ ਪੁੱਤਰ,
ਮਿਹਰ ਨੂੰ ਮਸਜਿਦ ਤੇ ਧਿਆਨ ਨੂੰ ਬਿਭੂਤੀ ਕਹਿਣ ਵਾਲਾ ਗੁਰੂ ਨਾਨਕ
ਸਥਾਨਕਤਾ ਦੀ ਅਪਣੱਤ ਤੇ ਪਛਾਣ ਨੂੰ ਕਾਇਮ ਰੱਖਦਿਆਂ
ਬ੍ਰਹਿਮੰਡੀ ਕਦਰਾਂ ਕੀਮਤਾਂ ਨੂੰ ਦ੍ਰਿੜਾ ਕੇ
ਮਾਨਵਤਾ ਲਈ ਸਾਂਝਾ ਧਰਮ ਸਿਰਜਣ ਵਾਲਾ ਗੁਰੂ ਨਾਨਕ

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਮਿਆਂ ਦੇ ਦੇਸ਼ ਕਾਲ ਨੂੰ
ਜਲਤੀ ਸਭਿ ਪ੍ਰਿਥਵੀ ਦਿਸਿ ਆਈ ਦੇ ਵਾਕ ਨਾਲ ਪਰਿਭਾਸ਼ਿਤ ਕੀਤਾ ਸੀ।
ਅਜੋਕਾ ਦੇਸ਼ ਕਾਲ ਵੀ ਏਸੇ ਵਾਕ ਨਾਲ ਪਰਿਭਾਸ਼ਿਤ ਹੋ ਸਕਦਾ ਹੈ।
ਬੇਕਿਰਕ ਸਰਮਾਏਦਾਰੀ, ਗਰੀਬਾਂ ਮਸਕੀਨਾਂ ਦੀ ਦੀਨ ਦਸ਼ਾ,
ਅਮੀਰਾਂ ਤੇ ਗਰੀਬਾਂ ਵਿਚ ਵਧ ਰਿਹਾ ਪਾੜਾ,
ਕਾਣੀ ਵੰਡ, ਧਰਮਾਂ ਦੇਸ਼ਾਂ ਦੇ ਨਾਮ ਤੇ ਫੈਲਾਈ ਜਾ ਰਹੀ ਨਫ਼ਰਤ,
ਜਾਤ ਪਾਤ, ਕੁਦਰਤ ਦੀ ਬੇਕਦਰੀ, ਹਵਾ, ਧਰਤੀ,
ਪਾਣੀ ਦਾ ਪ੍ਰਦੂਸ਼ਨ, ਬਿਨਾ ਇਲਾਜ ਮਰ ਰਹੇ ਨਿਮਾਣੇ ਨਿਤਾਣੇ,
ਭੁੱਖ ਅਤੇ ਬੀਮਾਰੀ ਨਾਲ ਮਰ ਰਹੇ ਮਾਸੂਮ ਇਹ ਸਭ ਪ੍ਰਿਥਵੀ ਦੀ ਜਲਨ ਹੀ ਹੈ।

ਜਿਵੇਂ ਸੂਰਜ, ਚੰਦ ਸਿਤਾਰੇ, ਸਮੁੰਦਰ, ਦਰਿਆ, ਮੇਘ ਕਦੀ ਅਪ੍ਰਾਸੰਗਿਕ ਨਹੀਂ ਹੋ ਸਕਦੇ
ਇਸੇ ਤਰਾਂ ਗੁਰੂ ਨਾਨਕ ਜਿਹੇ ਇਲਾਹੀ ਰਹਿਬਰਾਂ
ਦੇ ਜੀਵਨ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੀ ਬਾਣੀ ਕਦੇ ਅਪ੍ਰਾਸੰਗਿਕ ਨਹੀਂ ਹੋ ਸਕਦੀ
ਕਿਉਂ ਕਿ ਉਨ੍ਹਾਂ ਦਾ ਸੰਬੰਧ ਸ੍ਰਿਸ਼ਟੀ ਦੀ ਸਿਰਜਣਾ ਦੇ ਗਹਿਰੇ ਸ੍ਰੋਤਾਂ ਨਾਲ ਜੁੜਿਆ ਹੋਇਆ ਹੈ।
ਉਨ੍ਹਾਂ ਦੇ ਬੋਲਾਂ ਤੇ ਅਮਲ ਕਰ ਕੇ ਅਸੀਂ ਆਪਣੇ ਆਪ ਨੂੰ
ਸਚਿਆਰੇ ਪ੍ਰਾਮਾਣਿਕ ਮਾਨਵ ਬਣਾ ਸਕਦੇ ਹਾਂ।
ਤੇ ਸਚਿਆਰੇ ਲੋਕਾਂ ਦੀ ਸੰਗਤ
ਆਪਣੇ ਸਮਾਜਾਂ ਤੇ ਧਰਤੀਆਂ ਨੂੰ ਜ਼ਰੂਰ ਇਸਤਰਾਂ ਬਦਲ ਸਕਦੇ ਹਨ ਕਿ
ਉਨ੍ਹਾਂ ਤੇ ਸਿਰਜਣਹਾਰ ਦੀ ਨਦਰ ਮਿਹਰ ਦੀ ਬਖਸੀਸ ਹੋ ਸਕੇ।

ਅਸੀਂ ਭਾਗਾਂ ਵਾਲੇ ਹਾਂ
ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਪੁਰਬ ਦੇ ਸਮਿਆਂ ਵਿਚ ਜੀਵਿਤ ਹਾਂ।

ਆਓ ਅਸੀਂ ਭਾਗਾਂ ਵਾਲੇ ਕਰਮਾਂ ਵਾਲੇ ਹੋਣ ਦੀ ਵੀ ਅਰਦਾਸ ਕਰੀਏ ,
ਸ਼ੁਭ ਕਰਮਾਂ ਵਾਲੇ, ਚੰਗੇ ਅਮਲਾਂ ਵਾਲੇ, ਗੁਰੂ ਨਾਨਕ ਦੇਵ ਜੀ ਸੱਚੇ ਮੁਰੀਦ ਬਣ ਕੇ
ਉਸ ਜਲਦੀ ਧਰਤੀ ਦੀ ਸਾਰ ਲਈਏ ਜਿਸ ਨੂੰ ਉਨ੍ਹਾਂ ਮਾਤਾ ਕਿਹਾ ਸੀ,
ਉਸ ਪਉਣ ਦੇ ਬੋਲ ਸੁਣੀਏ ਜਿਸ ਨੂੰ ਉਨ੍ਹਾਂ ਗੁਰੂ ਕਿਹਾ ਸੀ,

seek the health of that water which he had called father.
Let us inquire the condition of those poor and indigent
whom Guru Nanak had called his companions.

Let us consider it our pride to write and speak in that tongue in which
Baba Nanak wrote his divine hymns,
let us not, for some empty vanity,
and to create a distance with people disdain this language,
let us adopt humility instead of ego,

Let us turn our educational insititutions into the mint of the truthful,
rather than factories that churn out money-making machines,
only then will the celebration of Prakash Purab be considered fruitful,
otherwise these will become reduced to mere display.
May the Prakash Purab pass having lessened some pain of the poor
and destitute, may the righteous rule
in the spirit of the 'City without Sorrow' reign
on our earth, may it pass having rendered our souls flourishing.

ਉਸ ਪਾਣੀ ਦਾ ਹਾਲ ਚਾਲ ਪੁੱਛੀਏ ਜਿਸ ਨੂੰ ਉਨ੍ਹਾਂ ਨੇ ਪਿਤਾ ਕਿਹਾ ਸੀ।
ਉਨ੍ਹਾਂ ਗਰੀਬਾਂ ਮਸਕੀਨਾਂ ਦੀ ਸਾਰ ਲਈਏ
ਜਿਨ੍ਹਾਂ ਨੂੰ ਨਾਨਕ ਜੀ ਨੇ ਆਪਣੇ ਸੰਗੀ ਸਾਥੀ ਕਿਹਾ ਸੀ।

ਅਸੀਂ ਉਸ ਬੋਲੀ ਵਿਚ ਲਿਖਣ ਬੋਲਣ ਨੂੰ ਆਪਣਾ ਮਾਣ ਸਮਝੀਏ
ਜਿਸ ਬੋਲੀ ਵਿਚ ਬਾਬੇ ਨਾਨਕ ਨੇ ਆਪਣੀ ਇਲਾਹੀ ਬਾਣੀ ਲਿਖੀ,
ਅਸੀਂ ਫੋਕੀ ਸ਼ਾਨ ਲਈ
ਤੇ ਲੋਕਾਂ ਤੋਂ ਫ਼ਾਸਿਲਾ ਸਿਰਜਣ ਲਈ ਇਸ ਦਾ ਤ੍ਰਿਸਕਾਰ ਨਾ ਕਰੀਏ,
ਅਸੀਂ ਹਉਮੈ ਦੀ ਥਾਂ ਹਲੀਮੀ ਧਾਰਨ ਕਰੀਏ।

ਆਪਣੀਆਂ ਸਿੱਖਿਆ ਸੰਸਥਾਵਾਂ ਨੂੰ ਸਚਿਆਰਿਆਂ ਦੀ ਟਕਸਾਲ ਬਣਾਈਏ
ਨਾ ਕਿ ਪੈਸੇ ਕਮਾਉਣ ਵਾਲੀਆਂ ਮਸ਼ੀਨਾਂ ਦੀ ਫੈਕਟਰੀ,
ਸਿਰਫ਼ ਤਦੇ ਹੀ ਪ੍ਰਕਾਸ਼ ਪੁਰਬਾਂ ਦਾ ਮਨਾਇਆ ਜਾਣਾ ਸਕਾਰਥਾ ਮੰਨਿਆ ਜਾਵੇਗਾ
ਨਹੀਂ ਤਾਂ ਇਹ ਨਿਰੇ ਅਡੰਬਰ ਹੋ ਕੇ ਰਹਿ ਜਾਣਗੇ।
ਪ੍ਰਕਾਸ਼ ਪੁਰਬ ਗਰੀਬਾਂ ਮਸਕੀਨਾਂ ਦਾ ਕੁਝ ਦੁਖ ਘਟਾ ਕੇ ਜਾਵੇ,
ਸਾਡੀ ਧਰਤੀ ਤੇ ਬੇਗਮ ਪੁਰੇ ਦੀ ਰੂਹ ਵਾਲਾ ਹਲੇਮੀ ਰਾਜ ਹੋਵੇ,
ਸਾਡੀਆਂ ਰੂਹਾਂ ਨੂੰ ਹਰੀਆਂ ਭਰੀਆਂ ਕਰ ਕੇ ਜਾਵੇ।




ਸਿਧਾਰਥ

# ਪਤ ਪਰਵਾਲਾ
# Leaves of Coral

ਸਚਹੁ ਓਰੈ ਸਭੁ ਕੋ
ਉਪਰਿ ਸਚੁ ਆਚਾਰੁ॥

Truth is higher than everything;
but higher still is truthful living.

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

The mythical bull is Dharma, the son of compassion;
this is what patiently holds the earth in its place.

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

If one's clothes are stained with blood, the garment becomes polluted. Those who suck the blood of human beings-how can their consciousness be pure?

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

To take what rightfully belongs to another, is like a Muslim eating pork, or a Hindu eating beef. Our Guru, our Spiritual Guide, stands by us, if we do not eat those carcasses.

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ
ਸਚ ਕੀ ਆਬ ਨਿਤ ਦੇਹਿ ਪਾਣੀ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ
ਭਿਸਤੁ ਦੋਜਕੁ ਮੂੜੇ ਏਵ ਜਾਣੀ॥

Make good deeds the soil, and let the Word of the Shabad be the seed; irrigate it continually with the water of Truth. Become such a farmer, and faith will sprout. This brings knowledge of heaven and hell, you fool!

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

One who works for what he eats, and gives some of what he has-O Nanak, he knows the Path.

ਸੂਰਜੁ ਏਕੋ ਰੁਤਿ ਅਨੇਕ॥
ਨਾਨਕ ਕਰਤੇ ਕੇ ਕੇਤੇ ਵੇਸ॥

And the various seasons originate from the one sun; O Nanak, in just the same way, the many forms originate from the Creator.

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸ ਦੁਇ ਦਾਈ ਦਾਇਆ
ਜਗੁ ਖੇਲੈ ਖੇਲਾਈ ਹੇ॥

Air is the Guru, and water is known to be the father. The womb of the great mother earth gives birth to all. Night and day are the two nurses, male and female; the world plays in this play.

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ॥
ਵਿਸਮਾਦੁ ਸਾਦਿ ਲਗਹਿ ਪਰਾਣੀ॥

Wonderful is the wind, wonderful is the water. Wonderful is fire, which works wonders. Wonderful is the earth, wonderful the sources of creation. Wonderful are the tastes to which mortals are attached.

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥
ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ
ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥
ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥

In the month of Chayt, the lovely spring has come, and the bumble bees hum with joy. The forest is blossoming in front of my door; if only my Beloved would return to my home! If her Husband Lord does not return home, how can the soul-bride find peace? Her body is wasting away with the sorrow of separation. The beautiful song-bird sings, perched on the mango tree; but how can I endure the pain in the depths of my being? The bumble bee is buzzing around the flowering branches; but how can I survive? I am dying, O my mother! O Nanak, in Chayt, peace is easily obtained, if the soul-bride obtains the Lord as her Husband, within the home of her own heart.

ਮਨ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥

ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ॥

If the man becomes a stranger to God, then all the world becomes a stranger to him. Unto whom should I tie up and give the bundle of my pains?

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ
ਲੇਖੇ ਆਵਹਿ ਭਾਗ॥

Union with Him, and separation from Him, come by His Will. We come to receive what is written in our destiny.

ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

When the clothes are soiled and stained by urine, soap can wash them clean. But when the intellect is stained and polluted by sin, it can only be cleansed by the Love of the Name.

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥

O Nanak, it is absurd to ask to be spared from pain by begging for comfort. Pleasure and pain are the two garments given, to be worn in the Court of the Lord. Where you are bound to lose by speaking, there, you ought to remain silent.



ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥

Burn away those rituals which lead you to forget the Beloved Lord. O Nanak, sublime is that love, which preserves my honor with my Lord Master.

ਖੋਜੀ ਉਪਜੈ ਬਾਦੀ ਬਿਨਸੈ
ਹਉ ਬਲਿ ਬਲਿ ਗੁਰ ਕਰਤਾਰਾ॥
ਹਮ ਨੀਚ ਹੋਤੇ ਹੀਣਮਤਿ ਝੂਠੇ
ਤੂ ਸਬਦਿ ਸਵਾਰਣਹਾਰਾ॥

The seeker comes forth, and the debater dies down; I am a sacrifice, a sacrifice to the Guru, the Creator Lord. I am low and wretched, with shallow and false understanding; You



embellish and exalt me through the Word of Your Shabad.

ਜਬ ਲਗੁ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ॥

As long as we are in this world, O Nanak, we should listen, and speak of the Lord.

ਸੁਣਿਆ ਮੰਨਿਆ ਮਨਿ ਕੀਤਾ ਭਾਉ॥
ਅੰਤਰਗਤਿ ਤੀਰਥਿ ਮਲਿ ਨਾਉ॥

Listening and believing with love and humility in your mind, cleanse yourself with the Name, at the sacred shrine deep within.

ਸੁਅਸਤਿ ਆਥਿ ਬਾਣੀ ਬਰਮਾਉ॥
ਸਤਿ ਸੁਹਾਣੁ ਸਦਾ ਮਨਿ ਚਾਉ॥

I bow to the Lord of the World, to His Word, to Brahma the Creator. He is Beautiful, True and Eternally Joyful.

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

One who works for what he eats, and gives some of what he has –O Nanak,
he knows the Path.

ਗੁਰਮੁਖਿ ਹਸੈ ਗੁਰਮੁਖਿ ਰੋਵੈ॥
ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੇ॥

The Gurmukh laughs, and the Gurmukh cries.
Whatever the Gurmukh does, is devotional worship.

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

Nanak seeks the company of the lowest of the low class, the very lowest of the low. Why should he try to compete with the great?

ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ॥

In that place where the lowly are cared for
there the Blessings of Your Glance of Grace rain down.

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕਛੁ ਕਰੀ ਸੁ ਤੇਰੈ ਹਦੂਰਿ॥

You are present everywhere. I had thought that
You were far away.
Whatever I do, I do in Your Presence.

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥

O Nanak, the devotees are forever in bliss
while Listening- pain and sin are erased.

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥
ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥

He is the Master who has made the world bloom; He makes
the Universe blossom forth, fresh and green. He holds the
water and the land in bondage. Hail to the Creator Lord!

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨ ਚੇਲਾ॥

From the air came the beginning. This is the age of the
True Guru's Teachings. The Shabad is the Guru, upon whom
I lovingly focus my consciousness; I am the disciple.

ਏਕੁ ਸਬਦੁ ਜਿਤੁ ਕਥਾ ਵੀਚਾਰੀ॥
ਗੁਰਮੁਖਿ ਹਉਮੈ ਅਗਨਿ ਨਿਵਾਰੀ॥

I contemplate the sermon of the Shabad, the Word of the
One God. The Gurmukh puts out the fire of egotism.

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥

Those who are false within, and honourable on the outside,
are very common in this world. Even though they may
bathe at the sixty-eight sacred shrines of pilgrimage, still,
their filth does not depart.

ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥
ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ੇ ਵੀਚਾਰਿ॥

Those who have silk on the inside and rags on the outside,
are the good ones in this world. They embrace love for the

Lord, and contemplate beholding Him.

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥

In the Lord's Love, they laugh, and in the Lord's Love, they weep, and also keep silent. They do not care for anything else, except their True Husband Lord.

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥
ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥
ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ॥
ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ॥

Those who have the Naam within, contemplate the Word of the Guru's Bani. Their faces are always radiant in the Court of the True Lord. Sitting down and standing up, they never forget the Creator, who forgives them. O Nanak, the Gurmukhs are united with the Lord. Those united by the Creator Lord, shall never be separated again.

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥
ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥

When one's light merges into the Light, and one's intuitive consciousness is joined with the Intuitive Consciousness, then one's cruel and violent instincts and egotism depart, and scepticism and sorrow are taken away.



ਚਾਰੇ ਅਗਨਿ ਨਿਵਾਰਿ
ਮਰੁ ਗੁਰਮੁਖਿ ਹਰਿ ਜਲੁ ਪਾਇ॥
ਅੰਤਰ ਕਮਲੁ ਪ੍ਰਗਾਸਿਆ
ਅੰਮ੍ਰਿਤੁ ਭਰਿਆ ਅਘਾਇ॥

The Gurmukh puts out the four fires, with the Water of the Lord's Name. The lotus blossoms deep within the heart, and filled with Ambrosial Nectar, one is satisfied.

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

I am a sacrifice to Your almighty creative power which is pervading everywhere.
Your limits cannot be known.

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

When his woman dies, he seeks another woman;
to woman he is bound.
So why call her bad? From her, kings are born.

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

O Baba, the pleasures of other foods are false. Eating them, the body is ruined, and wickedness and corruption enter into the mind.

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨਾ ਕੀਜੈ॥

If you desire to play this game of love with Me, then step onto My Path with your head in hand. When you place your feet on this Path, give Me your head, and do not pay any attention to public opinion.

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥

Blessed is the paper, blessed is the pen, blessed is the inkwell, and blessed is the ink. Blessed is the writer, O Nanak, who writes the True Name.

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥

The separated soul is like the broken string of a guitar, which does not vibrate its sound. God unites the separated souls with Himself, awakening their destiny.

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥

My playful friends have gone to sleep in the graveyard.
In my double-mindedness,
I shall have to go as well. I cry in a feeble voice.

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥

The physician was called in; he touched my arm and felt my pulse. The foolish physician did not know that the pain was in the mind.

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥
ਏਨਾ ਠਗਨ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ॥

Royal power, wealth, beauty, social status and youth are the five thieves. These thieves have plundered the world; no one's honor has been spared. But these thieves themselves are robbed, by those who fall at the Guru's Feet. O Nanak, the multitudes who do not have good karma are plundered.

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

The Dark Age of Kali Yuga is the knife, and the kings are butchers; righteousness has sprouted wings and flown away. In this dark night of falsehood, the moon of Truth is not visible anywhere. I have searched in vain, and I am so confused; in this darkness, I cannot find the path. In egotism, they cry out in pain. Says Nanak,
how will they be saved?

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

From the True Lord came the air, and from the air came water. From water, He created the three worlds; in each and every heart He has infused His Light.

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥

As the seas and the oceans are overflowing with water, so vast are my own sins. Please, shower me with Your Mercy, and take pity upon me. I am a sinking stone – please carry me across!



ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥

My soul is burning like fire, and the knife is cutting deep.
Prays Nanak, recognizing the Lord's Command,
I am at peace, day and night.

ਖੋਜਤ ਖੋਜਤ ਅੰਮ੍ਰਿਤੁ ਪੀਆ॥
ਖਿਮਾ ਗਹੀ ਮਨੁ ਸਤਗੁਰਿ ਦੀਆ॥

Searching, searching, I drink in the Ambrosial Nectar. I have
adopted the way of tolerance,
and given my mind to the True Guru.

ਏ ਮਨ ਮੇਰਿਆ ਤੂ ਥਿਰੁ ਰਹੁ
ਚੋਟ ਨ ਖਾਵਹੀ ਰਾਮ॥
ਏ ਮਨ ਮੇਰਿਆ ਗੁਣ ਗਾਵਹਿ
ਸਹਜਿ ਸਮਾਵਹੀ ਰਾਮ॥

O my mind, remain steady and stable, and you will not have to endure beatings. O my mind, singing the Glorious Praises of the Lord, you shall merge into Him with intuitive ease.

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥

Those who have truth as their fast, contentment as their sacred shrine of pilgrimage, spiritual wisdom and meditation as their cleansing bath, kindness as their deity, and forgiveness as their chanting beads – they are the most excellent people. Those who take the Way as their loincloth, and intuitive awareness their ritualistically purified enclosure, with good deeds their ceremonial forehead mark, and love their food – O Nanak, they are very rare.

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥

Make your mind the farmer, good deeds the farm, modesty the water, and your body the field. Let the Lord's Name be the seed, contentment the plow, and your humble dress

the fence. Doing deeds of love, the seed shall sprout, and you shall see your home flourish.

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥

You Yourself are the writing tablet, and You Yourself are the pen. You are also what is written on it. Speak of the One Lord, O Nanak; how could there be any other?

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥

Suffering is the medicine, and pleasure the disease, because where there is pleasure, there is no desire for God. You are the Creator Lord; I can do nothing. Even if I try, nothing happens.

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥
ਮਨਿ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ॥
ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ॥

The female is in the male, and the male is in the female. Understand this, O God-realized being! The meditation is in the music, and knowledge is in meditation. Become Gurmukh, and speak the Unspoken Speech. The Light is in the mind, and the mind is in the Light. The Guru brings the five senses together, like brothers. Nanak is forever a sacrifice to those who enshrine love for the One Word of the Shabad.

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥

The One Name is my lamp; I have put the oil of suffering into it. Its flame has dried up this oil, and I have escaped my meeting with the Messenger of Death.

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ॥

Those who understand their own souls, are themselves the Supreme Soul. The One Lord is the tree of ambrosial nectar, which bears the ambrosial fruit.

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ॥

Joining the Society of the Saints, cleanse your mind, O Siblings of Destiny, and dwell in the Name of the Lord. The darkness of ignorance shall be dispelled, O Siblings of Destiny, and the lotus of your heart shall blossom forth.

ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ॥

O Nanak, those who are attuned to the Truth are wonderstruck; singing His Glorious Praises, they are filled with wonder.

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥

O Nanak, as many as are the sins one commits, so many are the chains around his neck. If he possesses virtues, then the chains are cut away; these virtues are his brothers, his true brothers.

ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ॥
ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ॥

Living on the mountain, I suffer such great thirst; when I see Him, I know that He is not far away. My thirst is quenched, and I have accepted the Word of the Shabad. I drink my fill of the Ambrosial Nectar.

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥

Water remains confined within the pitcher, but without water, the pitcher could not have been formed; just so, the mind is restrained by spiritual wisdom, but without the Guru, there is no spiritual wisdom.







## The countless musicians play ...

About to commence his peregrinations,
Baba Nanak says to the Rabab player Mardana:
Mardana, you must come along
and also, that before leaving
we must buy a beautiful new rabab.
After a lot of searching
they find a rabab from Firanda
who is both a maker of rababs
and also a musician who plays it himself
Firanda takes no money from Mardana for the rabab
all he asks for is a promise
that this rabab be played only to accompany
Nanak's hymns
or in praise of his teachings.
In the Janam Sakhi, time and time again,
these lines appear:
Mardana, strum the rabab.
Mardana strummed the rabab.
Baba sang a hymn in the raga.
The music binds minds in concentration
and these enraptured minds are fertile ground for
planting the seeds of the Word.
Baba's Nanak's teachings don't attach us to any single
religion or community.
They attach us to all of creation, the entire cosmos.
To all of humanity. To each other.
Music turns a crowd into a congregation, of musical
and spiritual harmony.

Interpreter of Islamic philosophy and its development,
the poet Allama Iqbal, in his poetry
has no words of love for the rabab
Rather, he writes against it,
nations rise with swords and spears,
and collapse with the taus and rabab (peacock shaped
bowed string instrument, and rebeck).

Iqbal's verse goes:

Let me tell you
the fate of the faithful:
It begins with the sword and spear
and ends with the lute and lyre.

## ਵਾਜੇ ਤੇਰੇ ਨਾਦ ਅਨੇਕ ਅਸੰਖਾ

ਉਦਾਸੀਆਂ ਤੇ ਜਾਣ ਵੇਲ਼ੇ
ਬਾਬਾ ਨਾਨਕ ਰਬਾਬੀ ਮਰਦਾਨੇ ਨੂੰ ਆਖਦੇ ਹਨ :
ਹੇ ਮਰਦਾਨੇ ਤੂੰ ਵੀ ਨਾਲ਼ ਚੱਲਣਾ ਹੈ
ਤੇ ਨਾਲ਼ ਹੀ ਇਹ ਵੀ
ਕਿ ਜਾਣ ਤੋਂ ਪਹਿਲਾਂ
ਆਪਾਂ ਇਕ ਨਵੀਂ ਸੁਹਣੀ ਰਬਾਬ ਖਰੀਦਣੀ ਹੈ।
ਬੜੀ ਢੂੰਡ ਭਾਲ਼ ਤੋਂ ਬਾਅਦ
ਫ਼ਿਰੰਦੇ ਕੋਲ਼ੋਂ ਰਬਾਬ ਮਿਲ਼ਦੀ ਹੈ
ਜੋ ਇਹ ਸਾਜ਼ ਬਣਾਉਂਦਾ ਵੀ ਹੈ
ਤੇ ਆਪ ਇਸ ਦਾ ਮਹਿਰਮ ਸਾਜ਼ਨਵਾਜ਼ ਵੀ ਹੈ
ਫ਼ਿਰੰਦਾ ਉਸ ਰਬਾਬ ਲਈ ਮਰਦਾਨੇ ਤੋਂ
ਕੋਈ ਦਮੜੇ ਨਹੀਂ ਲੈਂਦਾ
ਸਿਰਫ਼ ਇਕਰਾਰ ਲੈਂਦਾ ਹੈ
ਕਿ ਇਹ ਰਬਾਬ ਨਾਨਕ-ਬਾਣੀ ਸੰਗ ਹੀ ਵੱਜੇਗੀ
ਜਾਂ ਨਾਨਕਤਾ ਦੀ ਮਹਿਮਾ ਵਿਚ।
ਜਨਮ ਸਾਖੀ ਵਿਚ
ਵਾਰ ਵਾਰ ਇਹ ਵਾਕ ਆਉਂਦੇ ਹਨ:
ਮਰਦਾਨਿਆ ਰਬਾਬ ਵਜਾਇ।
ਮਰਦਾਨੇ ਰਬਾਬ ਵਜਾਇਆ।
ਬਾਬੇ ਰਾਗ ਵਿਚ ਸਬਦ ਉਠਾਇਆ।
ਸਾਜ਼ ਤਨਾਂ ਮਨਾਂ ਨੂੰ ਇਕਾਗਰ ਕਰ ਦੇਂਦਾ ਹੈ
ਸੁਰ ਹੋਏ ਮਨਾਂ ਵਿਚ ਸ਼ਬਦ ਬੀਜੇ ਜਾਂਦੇ ਹਨ।
ਬਾਬੇ ਦੇ ਸ਼ਬਦ
ਕਿਸੇ ਖ਼ਾਸ ਮਜ਼ਹਬ ਜਾਂ ਫਿਰਕੇ ਨਾਲ ਨਹੀਂ ਜੋੜਦੇ।
ਇਹ ਕਾਇਨਾਤ ਨਾਲ ਜੋੜਦੇ ਹਨ।
ਮਾਨਵਤਾ ਨਾਲ ਜੋੜਦੇ ਹਨ।
ਇਕ ਦੂਜੇ ਨਾਲ ਜੋੜਦੇ ਹਨ।
ਸੰਗੀਤ ਭੀੜ ਨੂੰ ਸੰਗਤ ਬਣਾ ਦਿੰਦਾ ਹੈ ਸੁਰ ਸੰਗਤ, ਸਾਧ ਸੰਗਤ।

ਇਸਲਾਮ ਦੇ ਚਿੰਤਨ ਤੇ ਵੇਗ ਦੀ ਤਰਜਮਾਨੀ ਕਰਨ ਵਾਲ਼ੇ
ਸ਼ਾਇਰ ਅੱਲਾਮਾ ਇਕਬਾਲ ਦੀ ਸ਼ਾਇਰੀ ਵਿਚ
ਰਬਾਬ ਲਈ ਪਿਆਰ ਭਰੇ ਲਫ਼ਜ਼ ਨਹੀਂ ਹਨ
ਬਲਕਿ ਇਸ ਦੇ ਵਿਪਰੀਤ ਉਹ ਲਿਖਦਾ ਹੈ
ਸ਼ਮਸ਼ੀਰਾਂ ਅਤੇ ਨੇਜ਼ਿਆਂ ਨਾਲ
ਕੌਮਾਂ ਉਦੈ ਹੁੰਦੀਆਂ ਹਨ
ਤਾਊਸ ਤੇ ਰਬਾਬ ਨਾਲ ਅਸਤ ਹੋ ਜਾਂਦੀਆਂ ਹਨ।

ਇਕਬਾਲ ਦਾ ਸ਼ੇਅਰ ਹੈ:

ਮੈਂ ਤੁਝ ਕੋ ਬਤਾਤਾ ਹੂੰ
ਤਕਦੀਰ ਏ ਉਮਮ ਕਯਾ ਹੈ
ਸ਼ਮਸ਼ੀਰ ਓ ਸਿਨਾ ਅੱਵਲ
ਤਾਊਸ ਓ ਰਬਾਬ ਆਖ਼ਿਰ



(While there is some debate regarding the ban on music
amongst Islamic scholars
there appears to be consensus on the fact
that music associated with revelry and entertainment
is entirely frowned upon.

Iqbal too seems to be indicating that
when rulers begin to indulge in opulence and revelry
they turn music into an instrument of this decadence
and begin to move towards decline and collapse.

That is why, for Iqbal, musical instruments
are associated with the decline of nations,
religions or dynasties
But for Nanak, they are linked with
the ascendance of congregations and philosphies.
For Baba Nanak, expansion
is the grace showered by the Eternal Sound (Shabad Naad)
and this expansion happens not over territory but over souls.
According to "conquer the mind, conquer the world"
the most effective way to conquer the mind and the world
is the Eternal Sound.

In the Janamsakhi of Bhai Mani Singh
Guru Nanak meets the Pir of Baghdad

(ਇਸਲਾਮ ਦੇ ਵਿਦਵਾਨਾਂ ਵਿਚ
ਸੰਗੀਤ ਦੀ ਮਨਾਹੀ ਬਾਬਤ ਸੰਵਾਦ ਹੈ
ਪਰ ਇਸ ਗੱਲ ਤੇ ਸਹਿਮਤੀ ਬਣਦੀ ਪਰਤੀਤ ਹੁੰਦੀ ਹੈ
ਕਿ ਸੰਗੀਤ ਉਹ ਹੀ ਬੁਰਾ ਹੈ
ਜਿਹੜਾ ਐਸ਼ੋ ਇਸ਼ਰਤ ਨਾਲ ਜੁੜਿਆ ਹੈ)

ਇਕਬਾਲ ਦਾ ਸੰਕੇਤ ਵੀ ਇਸ ਪਾਸੇ ਹੀ ਹੈ ਕਿ
ਜਦੋਂ ਬਾਦਸ਼ਾਹ ਐਸ਼ੋ ਇਸ਼ਰਤ ਨਾਲ ਜੁੜ ਜਾਂਦੇ ਹਨ
ਉਹ ਸੰਗੀਤ ਨੂੰ ਵੀ ਇਸ ਐਸ਼ੋ ਇਸ਼ਰਤ ਦਾ ਸਾਮਾਨ ਬਣਾ ਲੈਂਦੇ ਹਨ
ਸੋ ਪਤਨ ਵੱਲ ਵਧਣ ਲੱਗ ਲੈਂਦੇ ਹਨ।

ਇਸ ਲਈ
ਸੰਗੀਤ ਤੇ ਸਾਜ਼ ਇਕਬਾਲ ਲਈ
ਕੌਮਾਂ ਜਾਂ ਧਰਮਾਂ ਜਾਂ ਰਾਜਵੰਸ਼ਾਂ ਦੇ ਅਸਤਣ ਨਾਲ ਜੁੜੇ ਹਨ
ਪਰ ਨਾਨਕ ਲਈ,
ਸੰਗਤਾਂ ਅਤੇ ਦਰਸ਼ਨਾਂ ਦੇ ਉਦੈ ਹੋਣ ਨਾਲ।
ਬਾਬੇ ਨਾਨਕ ਅਨੁਸਾਰ
ਵਿਸਤਾਰ ਸਬਦ ਨਾਦ ਸਦਕਾ ਹੁੰਦਾ ਹੈ
ਤੇ ਇਹ ਵਿਸਤਾਰ ਜ਼ਮੀਨ ਤੇ ਨਹੀਂ,
ਰੂਹਾਂ ਦਾ ਹੁੰਦਾ ਹੈ।
ਮਨ ਜੀਤੇ ਜਗ ਜੀਤੁ ਅਨੁਸਾਰ ਮਨ ਨੂੰ ਤੇ ਜੱਗ ਨੂੰ ਜਿੱਤਣ ਦਾ
ਸਭ ਤੋਂ ਕਾਰਗਰ ਤਰੀਕਾ ਸਬਦ ਨਾਦ ਹੀ ਹੈ।

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ
ਗੁਰੂ ਨਾਨਕ ਦੇਵ ਜੀ ਬਗਦਾਦ ਦੇ ਪੀਰ ਨਾਲ

who has forbidden music,
and discusses with him the benefit of music

Mardana began to play the rabab
and the inhabitants of Baghdad
went to their Pir and said
You have banned singing in the city
but here has come a faqir
and with him is a musician;
he sings.
The Pir said, go tell him to stop.
When people came to stop them, Baba Nanak said
the singing won't stop until the Pir himself comes.
So they went and told the Pir.
Then the Pir came with his followers
and they came and sat all around Baba Nanak
and they asked when we have banned singing
why didn't you stop it?
Baba Nanak replied, there can be no soul without music;
that when the first man Adam was created
the soul wouldn't enter the body of this man
then the Almighty ordered the angels
Sing.
And when they sang the soul entered the body
Why then would you forbid singing?
And if you say this is the order of our prophet
that is why we have forbidden it
what your prophet forbade was licentiousness.
So that you don't listen to the songs of licentiousness
and don't waste away your lives
but songs in remembrance of God bring prosperity to life
so you too should listen to this music
for this is music in praise of God."

Muslim mystics and sufis embraced this music
which sings praises of God.
Firanda too had asked this condition of Mardana
that this rabab should only be played
to accompany hymns
or in singing the praises of the Lord.

All Poet-Saints are very deeply tied with music.
Some have a drone lute in their hand
while some have anklet bells around their feet.

ਸੰਗੀਤ ਦੇ ਮਹਾਤਮ ਦਾ ਸੰਵਾਦ ਕਰਦੇ ਹਨ,
ਜਿਸ ਨੇ ਸੰਗੀਤ ਦੀ ਮਨਾਹੀ ਕੀਤੀ ਹੋਈ ਹੈ

ਮਰਦਾਨਾ ਰਬਾਬ ਵਜਾਵਣ ਲੱਗਾ
ਤਾਂ ਬਗਦਾਦ ਦੇ ਬਾਸੀ ਜੋ ਹੈਸਨ
ਉਨ੍ਹਾਂ ਨੇ ਹਜਰਤ ਪੀਰ ਨੂੰ ਜਾਇ ਕਹਿਆ
ਕਿ ਤੁਸਾਂ ਸ਼ਹਿਰ ਵਿਚ ਸਰੋਦ ਦੀ ਮਨਾਹੀ ਕੀਤੀ ਹੈ
ਸੋ ਏਥੇ ਇਕ ਫ਼ਕੀਰ ਆ ਬੈਠਾ ਹੈ
ਅਰ ਉਸ ਨਾਲ ਇਕ ਮੁਤਰਬ ਹੈ
ਸੋ ਸਰੋਦ ਕਰਦਾ ਹੈ
ਪੀਰ ਕਹਿਆ ਜਾਓ ਉਸ ਨੂੰ ਮਨਹਿ ਕਰੋ।
ਆਦਮੀ ਮਨਹਿ ਕਰਨ ਆਏ ਤਾਂ ਬਾਬੇ ਕਹਿਆ
ਜਉ ਲਗ ਪੀਰ ਆਵੈ ਤਉ ਲਗ ਸਰੋਦ ਬੰਦ ਨਹੀਂ ਕਰਦੇ ਤਾਂ
ਉਨ੍ਹਾਂ ਪੀਰਾਂ ਨੂੰ ਜਾਇ ਕਹਿਆ
ਸੋ ਪੀਰ ਮੁਰੀਦਾਂ ਸਮੇਤ ਆਇਆ
ਤਾਂ ਸਭ ਬਾਬੇ ਦੇ ਚੌਫ਼ੇਰੇ ਆਇ ਬੈਠੇ
ਅਰ ਉਨ੍ਹਾਂ ਪੁੱਛਿਆ ਕਿ ਅਸਾਂ ਜੋ ਸਰੋਦ ਮਨਹਿ ਕੀਤਾ ਸੀ
ਸੋ ਤੁਸਾਂ ਕਿਉਂ ਨਾ ਹਟਾਇਆ।
ਤਾਂ ਬਾਬਾ ਬੋਲਿਆ "ਸਰੋਦ ਬਿਨਾ ਰੂਹ ਨਹੀਂ ਹੁੰਦਾ ਹੈ
ਅਰ ਜਿਸ ਵੇਲੇ ਬਾਬਾ ਆਦਮ ਆਦਮੀ ਬਣਾਇਆ
ਤਾਂ ਆਦਮੀ ਦੇ ਜੁੱਸੇ ਵਿਚ ਰੂਹ ਪ੍ਰਵੇਸ਼ ਨਾ ਕਰੇ
ਤਾਂ ਖ਼ੁਦਾਇ ਦਾ ਹੁਕਮ ਫ਼ਰਿਸ਼ਤਿਆਂ ਨੂੰ ਹੋਇਆ
ਸਰੋਦ ਕਰੋ।
ਸੋ ਜਦ ਸਰੋਦ ਹੋਇਆ ਤਾ ਰੂਹ ਇਸ ਵਿਚ ਦਾਖ਼ਲ ਹੋਇਆ
ਤਾਂ ਤੇ ਤੁਸੀਂ ਸਰੋਦ ਕਿਉਂ ਮਨਹਿ ਕਯੋਂ ਮਨਹਿ ਕਰਦੇ ਹੋ
ਅਰ ਜੇ ਤੁਸੀਂ ਕਹੋ ਅਸਾਡੇ ਪੈਕੰਬਰ ਦਾ ਹੁਕਮ ਹੈ
ਇਸ ਵਾਸਤੇ ਮਨਹਿ ਕਰਦੇ ਹਾਂ
ਤਾਂ ਪੈਕੰਬਰ ਨੇ ਤੋ ਬਦਫ਼ੈਲੀਆਂ ਨੂੰ ਮਨਹਿ ਕੀਤਾ ਹੈ।
ਜੋ ਸਰੋਦ ਬਦਫ਼ੈਲੀਆਂ ਦਾ ਨਾ ਸੁਣਹੁ
ਅਰ ਉਮਰ ਆਪਣੀ ਅਜਾਇਆਂ ਨ ਕਰਹੁ
ਪਰ ਖ਼ੁਦਾ ਦੀ ਯਾਦ ਦਾ ਸਰੋਦ ਉਮਰ ਨੂੰ ਬਹਿਰਾਮੰਦ ਕਰਦਾ ਹੈ
ਤਾਂ ਤੁਸੀ ਭੀ ਸਰੋਦ ਸੁਣਹੁ
ਕਯੋਂ ਕਿ ਇਹ ਖ਼ੁਦਾਇ ਦੀ ਸਿਫ਼ਤ ਦਾ ਸਰੋਦ ਹੈ"

ਮੁਸਲਿਮ ਰਹੱਸਵਾਦੀਆਂ ਸੂਫ਼ੀਆਂ ਨੇ
ਏਹੀ ਸੰਗੀਤ ਅਪਣਾਇਆ
ਜੋ ਖ਼ੁਦਾਇ ਦੀ ਸਿਫ਼ਤ ਗਾਉਂਦਾ ਸੀ।
ਫ਼ਿਰੰਦੇ ਨੇ ਵੀ ਮਰਦਾਨੇ ਤੇ ਏਹੀ ਸ਼ਰਤ ਲਾਈ ਸੀ
ਕਿ ਇਹ ਰਬਾਬ ਬਾਣੀ ਦੇ ਨਾਲ ਹੀ ਸੰਗਤ ਕਰੇ
ਜਾਂ ਗੁਰੂ ਦੀ ਮਹਿਮਾ ਦੇ ਗਾਇਨ ਨਾਲ।

ਸਾਰੇ ਭਗਤ ਕਵੀ ਸੰਗੀਤ ਨਾਲ ਬਹੁਤ ਗਹਿਰੇ ਜੁੜੇ ਹੋਏ ਹਨ।
ਕਿਸੇ ਦੇ ਹੱਥ ਵਿਚ ਇਕਤਾਰਾ ਸੀ,
ਕਿਸੇ ਦੇ ਪੈਰੀਂ ਘੁੰਗਰੂ ਸਨ।


H.S. NAZ

The Unstruck Sound, the music which resonates without
being played, to be able to hear that
was the ultimate goal of every devotional saint.
Bhagat Namdev writes:
I hear a drum on which no skin has been stretched:

(In the Awakened mind) the skinless drums
produce the Music (of Bliss),
And the clouds rumble without the rainy season.
And lo, without the clouds, it rains
If only one reflects on the Quintessence (of the Word).

Without a doubt the entire world loves music dearly.
All of humanity
is charmed by the fusion of tune and words.

But Nanak's school has a very deep relationship with music.
In the Guru Granth Sahib,
music and words are eternally intertwined.
For all of eternity
every single hymn
is ascribed the tune of a specific raga.
The classification of the Guru Granth Sahib
is divided not by topic
but according to thirty-one ragas.
In Gurbani music is not merely an art,
but also a philosophy.

These ragas serve the purpose of
linking the hymns to that Unstruck Sound
that resonates across the entire cosmos.
Which is audible to only those pure minds
that are attuned to it.
Music is the mother-tongue of the universe.

In the hymns of Guru Nanak
there is a unique depiction of the chorus of the universe,
in which countless minstrels and musicians join in.
Here, air, water and fire are also singing:

According to the hymn of That Door,
the entire universe is an orchestra, a choir:
What kind is Thy Gate, what kind is Thy Abode, Lord,
Where Thou Sittest, yea, and Supportest us all?
There play to Thee
myriads of players a myriad tunes.

ਅਨਾਹਤ ਨਾਦ, ਉਹ ਸੰਗੀਤ ਜੋ ਬਿਨਾਂ ਵਜਾਇਆਂ ਵੱਜਦਾ ਹੈ
ਉਸ ਨੂੰ ਸੁਣ ਸਕਣਾ
ਹਰ ਭਗਤ ਦੀ ਉੱਚਤਮ ਮੰਜ਼ਿਲ ਸੀ।
ਭਗਤ ਨਾਮਦੇਵ ਲਿਖਦੇ ਹਨ :
ਮੈਂ ਇਕ ਅਣਮੜ੍ਹਿਆ ਮ੍ਰਿਦੰਗ ਵੱਜਦਾ ਸੁਣ ਰਿਹਾ ਹਾਂ :

ਅਣਮੜਿਆ ਮੰਦਲੁ ਬਾਜੈ॥
ਬਿਨੁ ਸਾਵਣ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ॥
ਜਉ ਤਤੁ ਬਿਚਾਰੈ ਕੋਈ ॥੧॥

ਨਿਰਸੰਦੇਹ ਸਾਰੀ ਦੁਨੀਆ ਹੀ
ਸੰਗੀਤ ਨੂੰ ਬਹੁਤ ਪਿਆਰ ਕਰਦੀ ਹੈ।
ਸਾਰੀ ਮਾਨਵਤਾ ਹੀ
ਸੁਰਾਂ ਤੇ ਸ਼ਬਦਾਂ ਦੇ ਸੰਗਮ ’ਤੇ ਮੋਹਿਤ ਹੁੰਦੀ ਹੈ।

ਪਰ ਨਾਨਕ-ਦਰ ਦਾ ਸੰਗੀਤ ਨਾਲ ਰਿਸ਼ਤਾ ਬਹੁਤ ਗਹਿਰਾ ਹੈ।
ਗੁਰੂ ਗ੍ਰੰਥ ਸਾਹਿਬ ਵਿਚ
ਸੁਰ ਅਤੇ ਸ਼ਬਦ ਇਕ ਸਦੀਵੀ ਸੰਜੋਗ ਵਿਚ ਜੁੜੇ ਹੋਏ ਹਨ।
ਜੁਗਾਂ ਜੁਗਾਂ ਲਈ
ਬਾਣੀ ਦਾ ਹਰ ਸ਼ਬਦ
ਕਿਸੇ ਰਾਗ ਦੀ ਧੁਨ ਦੇ ਅੰਗ ਸੰਗ ਹੈ।
ਗੁਰੂ ਗ੍ਰੰਥ ਸਾਹਿਬ ਦਾ ਵਰਗੀਕਰਣ
ਮਜ਼ਮੂਨਾਂ ਵਿਚ ਨਹੀਂ
ਇਕੱਤੀ ਰਾਗਾਂ ਵਿਚ ਹੈ।
ਗੁਰਬਾਣੀ ਵਿਚ ਸੰਗੀਤ ਸਿਰਫ਼ ਕਲਾ ਨਹੀਂ,
ਦਰਸ਼ਨ ਵੀ ਹੈ।

ਇਹ ਰਾਗ ਨਾਦ ਸ਼ਬਦ
ਉਸ ਅਨਹਤ ਨਾਦ ਨਾਲ ਜੋੜਨ ਲਈ ਹਨ
ਜਿਹੜਾ ਸਾਰੀ ਕਾਇਨਾਤ ਵਿਚ ਵਿਦਮਾਨ ਹੈ
ਜਿਹੜਾ ਸਿਰਫ਼ ਉਨ੍ਹਾਂ ਪਾਵਨ ਮਨਾਂ ਨੂੰ ਸੁਣਾਈ ਦਿੰਦਾ ਹੈ
ਜੋ ਉਸ ਨਾਲ ਇਕਸੁਰ ਹੁੰਦੇ ਹਨ।
ਸੰਗੀਤ ਬ੍ਰਹਿਮੰਡ ਦੀ ਮਾਤ-ਭਾਸ਼ਾ ਹੈ।


ਗੁਰੂ ਨਾਨਕ ਬਾਣੀ ਵਿਚ
ਬ੍ਰਹਿਮੰਡੀ ਵ੍ਰਿੰਦਗਾਨ ਦਾ ਅਨੂਠਾ ਦ੍ਰਿਸ਼ ਹੈ,
ਇਸ ਵਿਚ ਅਨੇਕ ਗਾਵਣਹਾਰੇ ਤੇ ਵਾਵਨਹਾਰੇ ਸ਼ਾਮਲ ਹਨ।
ਇਸ ਵਿਚ ਪੌਣ, ਪਾਣੀ ਅਗਨੀ ਵੀ ਗਾ ਰਹੇ ਹਨ :

ਸੋ ਦਰੁ ਦੇ ਸ਼ਬਦ ਅਨੁਸਾਰ
ਸਾਰਾ ਬ੍ਰਹਿਮੰਡ ਇਕ ਸਾਜ਼ੀਨਾ ਹੈ, ਇਕ ਵ੍ਰਿੰਦਗਾਨ ਹੈ :
ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ
ਕੇਤੇ ਵਾਵਣਹਾਰੇ॥

On the relationship between
music and the universe
reading these lines by the great physicist Einstein
we can gain some more insight in our thinking.
Einstein writes:

Beyond observations and principles
lies the music of the spheres,
in which I have found
a pre-established harmony as old as time itself
and within this harmony,
absolutely astounding theories.
When Einstein
compares the two great composers
Beethoven and Mozart
he further explicates on this matter of
cosmic music.
Einstein said:

Beethoven created his music,
he invented it
but Mozart's "was so pure
that it seemed
to have been ever-present
in the universe,
waiting to be discovered by the master."
Beethoven's music is an invention
while Mozart's music is a discovery.



The origin of both language and music
is the Cosmic Sound, and both of them arose from
the vibration of the human soul.
Bharthari said: Every experience of ours
causes a vibration in our beings.
Before becoming a word, every word is a vibration.
Passing through the states of primal sound, sound-vision,
internalized sound and manifest sound
this vibration itself becomes words.
Music is also born of the vibrations of the human soul
in the form of wordless voice.

Language contains millions of words
music only has those few countable notes
language expresses not only emotions
but also thought, analysis, and classification.

ਸੰਗੀਤ ਤੇ ਕਾਇਨਾਤ ਦੇ ਰਿਸ਼ਤੇ ਬਾਰੇ
ਮਹਾਨ ਭੌਤਿਕ ਵਿਗਿਆਨੀ ਆਈਨਸਟਾਈਨ ਦੇ ਕੁਝ ਵਾਕ ਪੜ੍ਹੀਏ
ਤਾਂ ਸਾਡੀ ਸੋਚ ਵਿਚ
ਕੁਝ ਹੋਰ ਅੰਤਰ-ਦ੍ਰਿਸ਼ਟੀਆਂ ਵੀ ਸ਼ਾਮਲ ਹੋ ਸਕਦੀਆਂ ਹਨ।
ਆਈਨਸਟਾਈਨ ਲਿਖਦੇ ਹਨ :

ਨੀਝਾਂ ਅਤੇ ਸਿੱਧਾਂਤਾਂ ਤੋਂ ਪਾਰ
ਮੰਡਲਾਂ ਦਾ ਸੰਗੀਤ ਹੈ,
ਜਿਸ ਕੋਲੋਂ
ਮੈਨੂੰ ਜੁਗਾਂ ਦੀ ਥਾਪੀ ਹੋਈ ਇਕਸੁਰਤਾ ਮਿਲੀ ਹੈ
ਤੇ ਉਸ ਇਕਸੁਰਤਾ ਵਿਚੋਂ
ਹੈਰਾਨ ਕਰ ਦੇਣ ਵਾਲੀ ਤਰਕੀਬ।
ਜਦੋਂ ਆਈਨਸਟਾਈਨ
ਦੋ ਮਹਾਨ ਸੰਗੀਤਕਾਰਾਂ
ਬੀਥੋਵਨ ਅਤੇ ਮੋਜ਼ਾਰਟ ਦੀ ਤੁਲਨਾ ਕਰਦਾ ਹੈ
ਤਾਂ ਬ੍ਰਹਿਮੰਡ ਤੇ ਸੰਗੀਤ ਦੇ ਰਿਸ਼ਤੇ ਦੀ ਗੱਲ
ਹੋਰ ਅੱਗੇ ਤੁਰਦੀ ਪ੍ਰਤੀਤ ਹੁੰਦੀ ਹੈ।
ਆਈਨਸਟਾਈਨ ਦਾ ਕਥਨ ਹੈ:

ਬੀਥੋਵਨ ਸੰਗੀਤ ਸਿਰਜਦਾ ਸੀ, ਈਜਾਦ ਕਰਦਾ ਸੀ
ਪਰ ਮੋਜ਼ਾਰਟ ਏਨਾ ਪਾਵਨ ਸੀ
ਕਿ ਉਸ ਦਾ ਸੰਗੀਤ ਸੁਣਦਿਆਂ
ਇਉਂ ਪ੍ਰਤੀਤ ਹੁੰਦਾ ਸੀ
ਕਿ ਇਹ ਸੰਗੀਤ ਬ੍ਰਹਿਮੰਡ ਵਿਚ ਸਦਾ ਸਦਾ ਤੋਂ ਸੀ,
ਉਡੀਕਦਾ ਮੋਜ਼ਾਰਟ ਨੂੰ
ਕਿ ਉਹ ਆਵੇ ਤੇ ਮੈਨੂੰ ਲੱਭ ਲਵੇ।
ਬੀਥੋਵਨ ਦਾ ਸੰਗੀਤ ਈਜਾਦ ਹੈ
ਤੇ ਮੋਜ਼ਾਰਟ ਦਾ ਸੰਗੀਤ ਲੱਭਤ ਜਾਂ ਖੋਜ

ਭਾਸ਼ਾ ਅਤੇ ਸੰਗੀਤ ਦਾ ਸੋਮਾ ਨਾਦ ਹੈ,
ਇਹ ਦੋਵੇਂ ਮਾਨਵ ਦੇ ਵਜੂਦ ਦੀ ਥਰਥਰਾਹਟ ਤੋਂ ਬਣੇ।
ਭਰਥਰੀ ਨੇ ਕਿਹਾ :
ਸਾਡਾ ਹਰ ਅਨੁਭਵ
ਸਾਡੇ ਵਜੂਦ ਨੂੰ ਥਰਥਰਾਹਟ ਦਿੰਦਾ ਹੈ।
ਸ਼ਬਦ ਬਣਨ ਤੋਂ ਪਹਿਲਾਂ ਹਰ ਸ਼ਬਦ ਥਰਥਰਾਹਟ ਹੁੰਦਾ ਹੈ।
ਪ੍ਰਾ, ਪਸ਼ਯੰਤੀ ਮਾਧਿਅਮਾ ਵੈਖਰੀ ਅਵਸਥਾਵਾਂ ਚੋਂ ਲੰਘ ਕੇ
ਇਹ ਥਰਥਰਾਹਟ ਹੀ ਸ਼ਬਦ ਬਣਦੀ ਹੈ।
ਸੰਗੀਤ ਵੀ ਬੰਦੇ ਦੇ ਵਜੂਦ ਦੀ
ਥਰਥਰਾਹਟ ਚੋਂ ਪੈਦਾ ਹੋਇਆ
ਨਿਸ਼ਬਦ ਆਵਾਜ਼ ਦੇ ਰੂਪ ਵਿਚ।

ਭਾਸ਼ਾ ਕੋਲ ਲੱਖ ਕਰੋੜ ਲਫ਼ਜ਼ ਹਨ
ਸੰਗੀਤ ਕੋਲ ਬੱਸ ਓਹੀ ਗਿਣਤੀ ਦੀਆਂ ਸੁਰਾਂ
ਭਾਸ਼ਾ ਭਾਵਾਂ ਦੇ ਨਾਲ ਨਾਲ
ਵਿਚਾਰ, ਵਿਸ਼ਲੇਸ਼ਣ ਤੇ

Music remains connected to
the expression of only emotion and aesthetics
that is why words proliferated in the thousands
while musical notes remained a few.
Language associated itself
with not only the invisible universe but also the visible world.
It began to name every single thing.

How much the visible world has transformed
before our very eyes!
But in the unseen world,
the notes of our emotions are still the same:
hope, affection, ego, joy, sorrow, fear, desire, compassion etc.
so language has
an ever-expanding vocabulary
but music restrains itself to its handful of notes.
But those handful of notes combine
in myriad ways to form endless tunes
(and the same happens in our mental world.)

According to Gurbani,
that which is in the universe
is also in our bodies:
That what's in the microcosm
is also in the macrocosm;
and he who seeketh, findeth.
The Eternal Word attunes the universe
and the body in harmony.
In a book written in Hindi, I read
this verse attributed to Kabir, in which he says:
My entire being is a rabab all my veins are its strings
this rabab is strummed by Separation
I hear it and so does my Lord:

My veins the strings, my body the lute
Separation strums it daily
No one else can hear its music
Just my Lord, and me.

In reality, every person is an instrument.
Go anywhere in the world
and the notes of the emotions of people
of every race, country, religion will be the same.
These same eternal notes of human emotion:
hope, affection, ego, joy, sorrow,

ਬਿਆਨ ਦੇ ਕਾਰਜ ਨਾਲ ਵੀ ਜੁੜ ਗਈ
ਸੰਗੀਤ ਸਿਰਫ਼ ਭਾਵਾਂ ਜਾਂ ਸੁਹਜ ਨਾਲ ਜੁੜਿਆ ਰਿਹਾ
ਇਸ ਲਈ ਲਫ਼ਜ਼ ਅਨੇਕ ਬਣ ਗਏ
ਸੁਰਾਂ ਓਨੀਆਂ ਹੀ ਰਹੀਆਂ।
ਭਾਸ਼ਾ ਨੇ ਆਪਣੇ ਆਪ ਨੂੰ ਅਣਦਿਸਦੇ ਸੰਸਾਰ ਦੇ ਨਾਲ਼ ਨਾਲ਼
ਦਿਸਦੇ ਸੰਸਾਰ ਨਾਲ਼ ਵੀ ਜੋੜ ਲਿਆ।
ਕੱਲੀ ਕੱਲੀ ਚੀਜ਼ ਦਾ ਨਾਮ ਰੱਖਿਆ।

ਸਾਡੇ ਦੇਖਦੇ ਦੇਖਦੇ
ਬਾਹਰਲਾ ਸੰਸਾਰ ਕਿੰਨਾ ਬਦਲ ਗਿਆ।
ਪਰ ਅੰਦਰਲੇ ਸੰਸਾਰ ਵਿਚ
ਸਾਡੇ ਭਾਵਾਂ ਦੀ ਸਰਗਮ ਓਹੀ ਹੈ :
ਕਾਮਨਾ, ਮਮਤਾ, ਹਉਮੈ, ਖੁਸ਼ੀ, ਗ਼ਮ, ਖ਼ੌਫ਼, ਚਾਅ, ਕਰੁਣਾ ਆਦਿ
ਇਸੇ ਲਈ ਭਾਸ਼ਾ ਕੋਲ
ਨਿਸਦਿਨ ਵਧਦੇ ਲੱਖਾਂ ਕਰੋੜਾਂ ਲਫ਼ਜ਼ ਹਨ
ਪਰ ਸੰਗੀਤ ਕੋਲ ਓਹੀ ਗਿਣਤੀ ਦੀਆਂ ਸੁਰਾਂ।
ਪਰ ਗਿਣਤੀ ਦੀਆਂ ਸੁਰਾਂ ਤੋਂ
ਅਨੰਤ ਸੁਰਾਂ ਸਿਰਜੀਆਂ ਜਾਂਦੀਆਂ ਹਨ
(ਸਾਡੇ ਮਾਨਸਿਕ ਸੰਸਾਰ ਵਿਚ ਵੀ ਏਹੀ ਹੁੰਦਾ ਹੈ)

ਗੁਰਬਾਣੀ ਅਨੁਸਾਰ
ਜੋ ਬ੍ਰਹਿਮੰਡ ਵਿਚ ਹੈ ਓਹੀ ਪਿੰਡੇ ਵਿਚ ਹੈ :
ਜੋ ਬ੍ਰਹਮੰਡੇ ਸੋਈ ਪਿੰਡੇ
ਜੋ ਖੋਜੈ ਸੋ ਪਾਵੈ॥
ਸਬਦ ਨਾਦ ਬ੍ਰਹਿਮੰਡ ਅਤੇ ਪਿੰਡੇ ਨੂੰ
ਇਕਸੁਰ ਕਰ ਦਿੰਦਾ ਹੈ।
ਕਬੀਰ ਜੀ ਦੇ ਨਾਮ ਤੇ ਅੰਕਿਤ ਇਕ ਸ਼ਲੋਕ
ਮੈਂ ਇਕ ਹਿੰਦੀ ਪੁਸਤਕ ਵਿਚ ਪੜ੍ਹਿਆ
ਜਿਸ ਵਿਚ ਉਹ ਕਹਿੰਦੇ ਹਨ :
ਮੇਰਾ ਸਾਰਾ ਵਜੂਦ ਰਬਾਬ ਹੈ।
ਮੇਰੀਆਂ ਸਾਰੀਆਂ ਰਗਾਂ ਉਸਦੀਆਂ ਤਾਰਾਂ ਹਨ।
ਇਸ ਰਬਾਬ ਨੂੰ ਬਿਰਹਾ ਵਜਾਉਂਦਾ ਹੈ।
ਇਸ ਨੂੰ ਮੈਂ ਸੁਣਦਾ ਹਾਂ ਜਾਂ ਮੇਰਾ ਸਾਂਈਂ :

ਸਬ ਰਗ ਤੰਤ ਰਬਾਬ ਤਨ
ਬਿਰਹਾ ਵਜਾਵੇ ਨਿੱਤ
ਔਰ ਨ ਕੋਊ ਸੁਨ ਸਕੇ
ਜਾਂ ਸਾਂਈਂ ਜਾਂ ਚਿੱਤ


ਅਸਲ ਵਿਚ ਹਰ ਬੰਦਾ ਹੀ ਇਕ ਸਾਜ਼ ਹੈ।
ਦੁਨੀਆ ਵਿਚ ਕਿਤੇ ਵੀ ਚਲੇ ਜਾਓ
ਹਰ ਦੇਸ਼ ਕੌਮ ਧਰਮ ਦੇ ਬੰਦੇ ਦੇ ਭਾਵਾਂ ਦੀ ਸਰਗਮ ਏਹੀ ਹੋਵੇਗੀ।
ਬੰਦੇ ਤੇ ਭਾਵਾਂ ਦੀ
ਏਹੀ ਆਦਿ ਜੁਗਾਦੀ ਸਰਗਮ :
ਕਾਮਨਾ, ਮਮਤਾ, ਹਉਮੈ, ਖੁਸ਼ੀ, ਗ਼ਮ, ਖ਼ੌਫ਼, ਚਾਅ, ਕਰੁਣਾ..

fear, desire, compassion...
So music unites us all, unites the vibrations
of all of humanity and the universe.

The significance of music also lies in the fact that,
without being illogical or irrational, it
transports us away from the constraints of reasoning.
Not being dependent on words for meaning,

ਇਸ ਲਈ ਸੰਗੀਤ ਸਾਨੂੰ ਸਭ ਨੂੰ
ਸਾਰੀ ਮਾਨਵਤਾ ਅਤੇ ਬ੍ਰਹਿਮੰਡ ਦੀ ਥਰਥਰਾਹਟ ਨੂੰ
ਇਕ ਕਰ ਦਿੰਦਾ ਹੈ।

ਸੰਗੀਤ ਦਾ ਮਹਾਤਮ ਇਹ ਵੀ ਹੈ
ਕਿ ਇਹ ਤਰਕਹੀਣ ਜਾਂ ਤਰਕ-ਵਿਰੋਧੀ ਹੋਣ ਤੋਂ ਬਿਨਾ ਹੀ
ਸਾਨੂੰ ਤਰਕ ਤੋਂ ਪਾਰ ਲੈ ਜਾਂਦਾ ਹੈ।
ਸ਼ਾਬਦਿਕ ਅਰਥਾਂ ਤੋਂ ਬੇਮੁਹਤਾਜ ਹੋਣ ਕਰਕੇ



in its own particular way
it liberates communication from the
all encompassing dominance of logic or language.
All humans carry the same light within them
All of humanity shares a similar interiority,
nature and humanity too are one,
maybe music is the biggest proof of this:
when, into this music
dissolve the words of the primordial teachings

ਇਹ ਆਪਣੇ ਸੂਖ਼ਮ ਢੰਗ ਨਾਲ
ਸੰਚਾਰ ਨੂੰ ਤਰਕ ਜਾਂ ਭਾਸ਼ਾ ਦੇ ਸਰਬ ਅਧਿਕਾਰਵਾਦ ਤੋਂ
ਮੁਕਤ ਕਰਦਾ ਹੈ।
ਸਾਰੇ ਮਾਨਵਾਂ ਵਿਚ ਇਕ ਹੀ ਜੋਤ ਹੈ
ਸਾਰੀ ਮਾਨਵਤਾ ਦਾ ਅੰਤਰਮਨ ਇੱਕੋ ਜਿਹਾ ਹੈ,
ਕੁਦਰਤ ਤੇ ਮਾਨਵਤਾ ਵੀ ਇਕ ਹੀ ਹਨ,
ਸ਼ਾਇਦ ਸੰਗੀਤ ਇਸ ਦਾ ਸਭ ਤੋਂ ਵੱਡਾ ਸਬੂਤ ਹੈ
ਜਦੋਂ ਇਸ ਸੰਗੀਤ ਵਿਚ
ਧੁਰ ਕੀ ਬਾਣੀ ਦੇ ਸ਼ਬਦ ਘੁਲਦੇ ਹਨ

they create the miracle
of transforming human souls.
The entire atmosphere
all of the environment
air, water, trees, shrubs are imbued with life and verve.

Listening to Bani being recited
the sacred words of the fifth Guru come to mind:

O Lord, Thy Word is Nectar-sweet,
Hearing it, I attain to the highest State (of Bliss).
The Fire (within) is quenched and my mind is cooled
On seeing the Sight of the true Guru, O dear!

In Guru Nanak's bani,
the scene of great union is in the arti
and the scene of great sundering is in Baburbani
Both these scenes are depicted in ragas

This Eternal Word
gives an auditory form
to the disconnect between nature and culture
and attempts to transform
this disconnect into a connection.
Amongst the religions of the world, Guru Nanak
is the only singing messiah.
And his music is not merely an art
but also a great philosophy.

Under some tree
or under the canopy of stars
sitting on a boulder
the image of Guru Nanak

ਤਾਂ ਉਹ ਮਾਨਵ-ਮਨਾਂ ਦਾ ਕਾਇਆ ਕਲਪ ਕਰਨ ਦੀ
ਕਰਾਮਾਤ ਕਰਦੇ ਹਨ
ਪੂਰੇ ਮਾਹੌਲ
ਪੂਰੇ ਧਰਤ-ਦ੍ਰਿਸ਼
ਪੌਣ ਪਾਣੀ ਬਿਰਖ ਬੂਟਿਆਂ ਵਿਚ ਰੰਗ ਰਸ ਭਰ ਦਿੰਦੇ ਹਨ।

ਬਾਣੀ ਦਾ ਗਾਇਨ ਸੁਣਦਿਆਂ
ਪੰਚਮ ਪਾਤਸ਼ਾਹ ਦੇ ਪਾਵਨ ਬੋਲ ਯਾਦ ਆਉਂਦੇ ਹਨ :

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤੁਲ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥

ਗੁਰੂ ਨਾਨਕ ਬਾਣੀ ਵਿਚ ਮਹਾ ਸੰਯੋਗ ਦਾ ਦ੍ਰਿਸ਼
ਆਰਤੀ ਵਿਚ ਹੈ
ਤੇ ਮਹਾਂ ਵਿਯੋਗ ਦਾ ਦ੍ਰਿਸ਼ ਬਾਬਰਵਾਣੀ ਦੇ ਸ਼ਬਦਾਂ ਵਿਚ
ਇਹ ਦੋਵੇਂ ਦ੍ਰਿਸ਼ ਰਾਗਾਂ ਵਿਚ ਅੰਕਿਤ ਹਨ

ਇਹ ਸ਼ਬਦ ਨਾਦ
ਕੁਦਰਤ ਅਤੇ ਸਭਿਆਚਾਰ ਵਿਚਲੇ ਵਿਯੋਗ ਨੂੰ
ਸਰਵਣੀ ਪ੍ਰਗਟਾਉ ਦਿੰਦਾ ਹੈ
ਤੇ ਉਸ ਨੂੰ ਸੰਜੋਗ ਵਿਚ
ਬਦਲਣ ਦੀ ਚੇਸ਼ਟਾ ਵੀ ਕਰਦਾ ਹੈ।
ਗੁਰੂ ਨਾਨਕ ਦੇਵ ਜੀ ਦੁਨੀਆ ਦੇ ਧਰਮਾਂ ਵਿਚ
ਇੱਕੋ ਇੱਕ ਗਾਉਂਦੇ ਪੈਗੰਬਰ ਹਨ।
ਤੇ ਉਨ੍ਹਾਂ ਦਾ ਸੰਗੀਤ ਸਿਰਫ਼ ਕਲਾ ਨਹੀਂ
ਇਕ ਮਹਾਨ ਫ਼ਲਸਫ਼ਾ ਵੀ ਹੈ।

ਕਿਸੇ ਬਿਰਖ ਹੇਠ
ਜਾਂ ਤਾਰਿਆਂ ਦੇ ਚੰਦੋਏ ਹੇਠ
ਕਿਸੇ ਪੱਥਰ ਦੀ ਸਿਲ ਤੇ ਬੈਠਿਆਂ
ਰਬਾਬ ਦੀ ਧੁਨ ਨਾਲ



singing along to the tune of the rabab
is the image of his hymns
raining down on a burning world
With this in mind
Two couplets from the hymns of Guru Amardas
emerge in recollection:

The world is on fire: O God, Save it Thou in Thy Mercy
And through whichever Door it is Saved:
Save it thatwise, pray.

The Seeker prayeth in the early morn,
and the Lord Heareth his Prayer,
And He Biddeth the Guru to
Rain his Mercy upon him.

ਗਾ ਰਹੇ ਗੁਰੂ ਨਾਨਕ ਦਾ ਬਿੰਬ
ਜਗਤ ਜਲੰਦੇ ਉਤੇ
ਸ਼ਬਦਾਂ ਦੀ ਫੁਹਾਰ ਦੀ ਬਿੰਬ ਹੈ
ਇਸ ਦਾ ਧਿਆਨ ਧਰਦਿਆਂ
ਗੁਰੂ ਅਮਰਦਾਸ ਜੀ ਦੇ ਦੋ ਮੁਖਵਾਕ
ਸਿਮਰਤੀ ਵਿਚ ਉਭਰਦੇ ਹਨ :

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ
ਵਰਸਹੁ ਕਿਰਪਾ ਧਾਰਿ॥

## The blessed land

Let us begin from the blessed land
that lies about 50 miles southwest of Lahore,
which was then known
by the name of its founder as Rai Bhoi's Talwandi
and now, linked with the name of Nanak,
is called Nankana Sahib

On this favoured soil
in the year 1469 CE
from the womb of Mata Tripta,
into the house of Mehta Kalu,
that hallowed light was born

## ਭਾਗਾਂ ਭਰੀ ਧਰਤੀ

ਗੱਲ ਉਸ ਭਾਗਾਂ ਭਰੀ ਧਰਤੀ ਤੋਂ ਆਰੰਭ ਕਰਦੇ ਹਾਂ
ਜਿਹੜੀ ਲਾਹੌਰ ਤੋਂ
ਦੱਖਣ ਪੱਛਮ ਦੀ ਦਿਸ਼ਾ ਵਿਚ
ਪੰਜਾਹ ਕੁ ਮੀਲ ਦੀ ਦੂਰੀ ’ਤੇ ਸਥਿਤ ਹੈ
ਜਿਸ ਦਾ ਨਾਮ ਓਦੋਂ ਰਾਏ ਭੋਏ ਦੀ ਤਲਵੰਡੀ ਸੀ
ਤੇ ਫਿਰ ਨਾਨਕ ਜੀ ਦੇ ਨਾਮ ਨਾਲ ਜੁੜ ਕੇ ਨਨਕਾਣਾ ਸਾਹਿਬ ਹੋਇਆ

ਇਸ ਵੱਰੋਸਾਈ ਧਰਤੀ ’ਤੇ
੧੪੬੯ ਈਸਵੀ ਨੂੰ
ਮਾਤਾ ਤ੍ਰਿਪਤਾ ਦੀ ਕੁੱਖੋਂ
ਮਹਿਤਾ ਕਾਲੂ ਦੇ ਗ੍ਰਹਿ ਵਿਖੇ
ਉਸ ਰੱਬੀ ਨੂਰ ਦਾ ਜਨਮ ਹੋਇਆ

who they named Nanak.
Upon beholding whose countenance
the enraptured eyes of Dai Daulata and Mata Tripta
shared a profound spiritual gaze with each other
and absorbed the illumination within their hearts.

ਜਿਸ ਦਾ ਨਾਮ ਨਾਨਕ ਧਰਿਆ ਗਿਆ
ਜਿਸ ਦਾ ਮੁੱਖ ਦੇਖ ਕੇ
ਦਾਈ ਦੌਲਤਾਂ ਤੇ ਮਾਤਾ ਤ੍ਰਿਪਤਾ ਦੇ ਨਿਹਾਲ ਨੈਣਾਂ ਨੇ
ਆਪਸ ਵਿਚ ਰੂਹਾਨੀ ਜਿਹੀ ਰਮਜ਼ ਸਾਂਝੀ ਕੀਤੀ
ਤੇ ਚਾਨਣ ਨੂੰ ਸੀਨਿਆਂ ਵਿਚ ਸਮੋ ਲਿਆ।

## The full moon of Kattak

## ਕੱਤਕ ਦੀ ਪੂਰਨਮਾਸ਼ੀ

A waning gibbous moon hung in the sky
but looking at the glorious face of Nanak,
Dai Daulata exclaimed:
Milady, the full moon has descended on our home!
Though it was the month of Vaisakh
the sweet exalted light of that godly being
transformed its character to resemble Kattak

ਅਸਮਾਨ ’ਤੇ ਤੀਜ ਦਾ ਚੰਨ ਸੀ
ਪਰ ਦਾਈ ਦੌਲਤਾਂ ਨੇ ਨਾਨਕ ਜੀ ਦੇ
ਮੁਖੜੇ ਦਾ ਨੂਰ ਦੇਖ ਕੇ ਆਖਿਆ:
ਬੀਬੀ ਜੀ ਆਪਣੇ ਘਰ ਪੁੰਨਿਆ ਦਾ ਚੰਨ ਆਇਆ ਹਈ
ਮਹੀਨਾ ਤਾਂ ਉਹ ਵਿਸਾਖ ਦਾ ਸੀ
ਪਰ ਉਸ ਰੱਬੀ ਵਜੂਦ ਦੀ ਰਸਮਿਸੀ ਰੂਹਾਨੀ ਨੁਹਾਰ ਨਾਲ
ਉਸ ਦੀ ਤਾਸੀਰ ਕੱਤਕ ਜਿਹੀ ਹੋ ਗਈ

and so, taking the name of Nanak
shines the full moon of Kattak
in the skies of the soul.

ਤਦੇ ਨਾਨਕ ਦਾ ਨਾਮ ਲੈਂਦਿਆਂ
ਆਤਮਾ ਦੇ ਅਸਮਾਨ ਤੇ
ਕੱਤਕ ਦੀ ਪੂਰਨਮਾਸ਼ੀ ਹੋ ਜਾਂਦੀ ਹੈ।

## Hardiyal Pandit Said

## ਹਰਦਿਆਲ ਪੰਡਿਤ ਨੇ ਕਿਹਾ

Some days later, upon
seeing the child's astrological birth chart
Hardiyal Pandit said: The Supreme Being himself
has come to your abode Mehta Jio
the parasol of the mundane and the divine
will sway over his head.

ਕੁਝ ਦਿਨਾਂ ਬਾਅਦ
ਉਸ ਬਾਲਕ ਦਾ ਟੇਵਾ ਦੇਖ ਕੇ
ਹਰਦਿਆਲ ਪੰਡਿਤ ਨੇ ਕਿਹਾ:
ਤੇਰੇ ਘਰ ਆਪ ਪਰਮਾਤਮਾ ਆਇਆ ਹੈ ਮਹਿਤਾ ਜੀਓ
ਇਸ ਦੇ ਸੀਸ ’ਤੇ
ਦੀਨ ਦੁਨੀ ਦਾ ਛਤਰ ਝੁੱਲੇਗਾ

Mehta Kalu fell into visions of
heaps of riches and palaces!
Little did that naive father know
the universe is his palace,
the stars and moon his riches.

ਮਹਿਤਾ ਕਾਲੂ ਮਹਿਲ ਅਤੇ ਦੌਲਤਾਂ
ਦੇ ਅੰਬਾਰ ਸੋਚਣ ਲੱਗਾ
ਉਸ ਭੋਲ਼ੇ ਪਿਤਾ ਨੂੰ ਕੀ ਪਤਾ ਸੀ
ਬ੍ਰਹਿਮੰਡ ਇਸ ਦਾ ਮਹਿਲ ਹੈ,
ਚੰਨ ਤਾਰੇ ਇਸ ਦੀਆਂ ਦੌਲਤਾਂ।॥

## His first steps

## ਪਹਿਲ ਪਲੇਠੀਆਂ ਪੈੜਾਂ

The first inviolable steps of Baba Nanak
fell on the earth of Rai Bhoi's Talwandi
and the dust became as priceless
as the star studded sky
The first words of Baba Nanak
melded with the breezes of Talwandi
and the cosmos resounded.

ਬਾਲ ਨਾਨਕ ਦੀਆਂ ਪਹਿਲ ਪਲੇਠੀਆਂ ਪਾਵਨ ਪੈੜਾਂ
ਰਾਏ ਭੋਇ ਦੀ ਤਲਵੰਡੀ ਤੇ ਪਈਆਂ
ਤਾਂ ਇਹ ਭੋਏਂ ਤਾਰਿਆਂ ਭਰੇ ਅਸਮਾਨ
ਬੀਂ ਵੀ ਅਨਮੋਲ ਹੋ ਗਈ
ਬਾਲ ਨਾਨਕ ਦੇ ਪ੍ਰਥਮ ਬੋਲ
ਤਲਵੰਡੀ ਦੀਆਂ ਹਵਾਵਾਂ ਵਿਚ ਰਲ਼ੇ
ਤਾਂ ਅਨਹਦ ਵੱਜ ਉੱਠੇ।


H.S. NAZ


H.S.NAZ

## Write the letters of God's name

Right from childhood Nanak had a joyous disposition
first listening then speaking was his innate nature
At seven years of age when his father Mehta Kalu
took him to learn his letters
he was already speaking
complex and profound thoughts.
Hearing his words the Pandit was astounded
He said:
Mehta Ji, I can at most teach this divine child
letters and numbers
but his curiosity and discernment are unfathomable.

## ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥

ਬਾਲਪਨ ਤੋਂ ਹੀ ਨਾਨਕ ਜੀ ਅਨਦ ਬਿਨੋਦੀ ਤਬੀਅਤ ਦੇ ਸਨ
ਕਿਛੁ ਸੁਣੀਐ ਕਿਛੁ ਕਹੀਐ ਉਨ੍ਹਾਂ ਦਾ ਸਹਿਜ ਸੁਭਾਉ ਸੀ
ਸੱਤ ਸਾਲ ਦੀ ਉਮਰ ਵਿਚ ਜਦੋਂ ਪਿਤਾ ਕਾਲੂ ਮਹਿਤਾ ਜੀ
ਉਨ੍ਹਾਂ ਨੂੰ ਪਾਠਸ਼ਾਲਾ ਲੈ ਕੇ ਗਏ
ਉਹ ਬਹੁਤ ਗੁਹਜ ਤੇ ਰਮਜ਼ ਭਰੀਆਂ
ਗੱਲਾਂ ਕਰਨ ਲੱਗ ਪਏ ਸਨ
ਪਾਂਧਾ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅਚੰਭਿਤ ਹੋ ਗਿਆ
ਕਹਿਣ ਲੱਗਾ:
ਮਹਿਤਾ ਜੀ ਮੈਂ ਇਸ ਇਲਾਹੀ ਬਾਲ ਨੂੰ
ਚਾਰ ਅੱਖਰ ਜਾਂ ਅੰਕ ਤਾਂ ਪੜ੍ਹਾ ਦੇਸਾਂ
ਪਰ ਇਸ ਦੀ ਜਿਗਿਆਸਾ ਤੇ ਬਿਬੇਕ ਅਥਾਹ ਹੈ।

## Write Praises to the Almighty

A year or two later father Kalu took Nanak
to the Maulvi at the madrassa
On hearing Nanak's deep words, the Maulvi said,
Praise be to God! God's light shines
through in this child's voice
I can teach him worldly writing and reading
but I have no answers for his
profound spiritual queries.

## ਲਿਖੁ ਦਾਤਿ ਜੋਤਿ ਵਡਿਆਈ॥

ਇਕ ਦੋ ਬਰਸ ਬਾਅਦ ਪਿਤਾ ਕਾਲੂ ਨਾਨਕ ਜੀ ਨੂੰ
ਮਦਰੱਸੇ ਮੌਲਵੀ ਦੇ ਪਾਸ ਲੈ ਕੇ ਗਏ
ਮੌਲਵੀ ਨਾਨਕ ਜੀ ਦੀਆਂ ਗੂੜ੍ਹੀਆਂ ਬਾਤਾਂ ਸੁਣ ਕੇ ਬੋਲਿਆ:
ਸੁਬਹਾਨ ਅੱਲ੍ਹਾ ਇਸ ਬਾਲਕ ਦੀ
ਆਵਾਜ਼ ਵਿਚ ਤਾਂ ਰੱਬ ਦਾ ਨੂਰ ਹੈ
ਮੈਂ ਇਸ ਨੂੰ ਸਿਆਹ ਹਰਫ਼ ਤਾਂ ਪੜ੍ਹਾ ਦੇਸਾਂ
ਪਰ ਇਸ ਦੇ ਅਰਸਾਂ ਕੁਰਸਾਂ ਦੇ ਸਵਾਲਾਂ ਦਾ
ਮੇਰੇ ਕੋਲ ਜਵਾਬ ਕੋ ਨੀ।

## This Sacred Thread of the Soul

Nanak turned ten
and the Pandit came for his sacred thread ceremony
Nanak said: Oh Pandit I will surely wear
the sacred thread
but only the kind of sacred thread
which never breaks, which dirt cannot sully
and fire cannot burn.
The Pandit said: Nanak, no such sacred thread exists
Nanak replied: Oh Pandit,
such a sacred thread does exist
which is spun of the cotton of compassion,
the thread of contentment, twisted with truth and
knotted with self-control
and this sacred thread is worn not on the body
but on the soul.

## ਏਹੁ ਜਨੇਊ ਜੀਅ ਕਾ ...

ਨਾਨਕ ਜੀ ਦਸ ਬਰਸਾਂ ਦੇ ਹੋਏ
ਤਾਂ ਪਾਂਧਾ ਉਨ੍ਹਾਂ ਨੂੰ ਜਨੇਊ ਪਹਿਨਾਉਣ ਲਈ ਆਇਆ
ਨਾਨਕ ਜੀ ਕਿਹਾ: ਪਾਂਧਾ ਜੀ ਮੈਂ ਜਨੇਊ ਜ਼ਰੂਰ ਪਹਿਨਾਂਗਾ
ਤੇ ਪਹਿਨਾਂਗਾ ਵੀ ਉਹ
ਜੋ ਕਦੀ ਟੁੱਟੇ ਨਾ
ਜਿਸ ਨੂੰ ਮਿੱਟੀ ਮੈਲ਼ਾ ਨਾ ਕਰ ਸਕੇ
ਤੇ ਅੱਗ ਸਾੜ ਨਾ ਸਕੇ
ਪਾਂਧੇ ਕਿਹਾ: ਨਾਨਕ ਜੀ ਐਸਾ ਜਨੇਊ ਕੋਈ ਨਹੀਂ ਹੁੰਦਾ
ਨਾਨਕ ਜੀ ਕਿਹਾ: ਪਾਂਧਾ ਜੀ,
ਹੁੰਦਾ ਹੈ ਐਸਾ ਜਨੇਊ ਵੀ
ਉਹ ਦਇਆ ਦੀ ਕਪਾਹ ਤੋਂ ਬਣਦਾ ਹੈ
ਸੰਤੋਖ ਦੇ ਸੂਤ ਨੂੰ ਜਤ ਦੀਆਂ ਗੰਢਾਂ
ਤੇ ਸਤ ਦਾ ਵਟਾ ਹੁੰਦਾ ਹੈ
'ਤੇ ਇਹ ਜਨੇਊ ਤਨ 'ਤੇ ਨਹੀਂ
ਮਨ ਤੇ ਪਹਿਨਿਆ ਜਾਂਦਾ ਹੈ।



### Lush spirits

One day his father sent him to graze the cattle
Nanak sat in the shade of the tree
and lost himself in the melody of the susurrating
leaves. The cattle ruined the Jat's crops
The Jat brought his complaint against Mehta Kalu
in front of Rai Bular
When they came to see the damage,
his field was good as new
Even lusher than before!
Consider this tale the hagiographer's metaphor:
While the average person might misconstrue
that Nanak's actions are detrimental
but only time will tell that Nanak has come to
revitalize spirits
Behold, Nanak has come to bring glorious munificence.

### The shade resting on the face

One day Rai Bular was passing by on a horse
and he saw Nanak asleep in the shade of a tree
The shade of the tree was resting
still over Nanak's face
while the shade of all the other trees
had shifted over time in the other direction
Rai Bular dismounted from his horse,
paid obeisance and said:
This is clearly a holy man
capable of altering the times.
We are in awe of the hagiographer's craft

### A Fair Trade

The worldly-wise father worried day and night:
What will become of my carefree son?
He is either absorbed in his own thoughts
Or becomes engrossed in discussion
with mendicants and wanders off with them
not returning till they hit the town bounds.
That liar Hardiyal Pandit had prophesied
the parasol of the mundane and the divine
will sway over his head!
He gave twenty rupees to Nanak

## ਰੂਹਾਂ ਹਰੀਆਂ ਭਰੀਆਂ

ਇਕ ਦਿਨ ਪਿਤਾ ਨੇ ਮੱਝੀਂ ਚਰਾਵਣ ਭੇਜਿਆ
ਤਾਂ ਨਾਨਕ ਬਿਰਖ ਦੀ ਛਾਂਵੇਂ
ਸਰ ਸਰ ਕਰਦੇ ਪੱਤਿਆਂ ਦੇ ਰੁਮਕਦੇ ਰਾਗ ਵਿਚ ਲੀਨ ਹੋ ਗਿਆ
ਮੱਝੀਂ ਜੱਟ ਦਾ ਖੇਤ ਚਰ ਗਈਆਂ
ਜੱਟ ਸ਼ਿਕਾਇਤ ਕਰਨ ਗਿਆ
ਕਾਲੂ ਮਹਿਤਾ ਤੇ ਰਾਏ ਬੁਲਾਰ ਨੂੰ ਬੁਲਾ ਲਿਆਇਆ
ਜਦ ਆ ਕੇ ਵੇਖਿਆ ਤਾਂ ਉਸਦਾ ਚਰਿਆ ਖੇਤ
ਬਿਲਕੁਲ ਸਹੀ ਸਲਾਮਤ
ਪਹਿਲਾਂ ਤੋਂ ਵੀ ਵੱਧ ਹਰਿਆ ਭਰਿਆ ਸੀ
ਇਹ ਸਾਖੀਕਾਰ ਦੀ ਰਮਜ਼ ਭਰੀ ਕਵਿਤਾ ਹੀ ਜਾਣੋ
ਰਮਜ਼ ਇਹ ਹੈ ਕਿ ਆਮ ਲੋਕ ਸਮਝਦੇ ਨੇ
ਕਿ ਨਾਨਕ ਕੁਝ ਨੁਕਸਾਨ ਕਰ ਰਿਹਾ ਹੈ
ਪਰ ਸਮਾਂ ਜਾਣਦਾ ਹੈ ਕਿ ਨਾਨਕ ਰੂਹਾਂ
ਹਰੀਆਂ ਭਰੀਆਂ ਕਰਨ ਆਇਆ ਹੈ
ਨਾਨਕ ਨੈਣਾਂ ਨੂੰ ਸੁਹਣੀ ਨਦਰ ਦੇਣ ਆਇਆ ਹੈ।

## ਮੁੱਖ 'ਤੇ ਠਹਿਰੀ ਛਾਂ

ਇਕ ਦਿਨ ਰਾਏ ਬੁਲਾਰ ਘੋੜੇ ਤੇ ਸਵਾਰ ਲੰਘ ਰਿਹਾ ਸੀ
ਕੀ ਵੇਖੇ ਕਿ ਨਾਨਕ ਜੀ ਬਿਰਖ ਹੇਠ ਸੁੱਤੇ ਪਏ ਹਨ
ਬਿਰਖ ਦੀ ਛਾਂ ਨਾਨਕ ਦੇ
ਮੁਖ ਤੇ ਠਹਿਰੀ ਹੋਈ ਹੈ
ਬਾਕੀ ਸਭ ਬਿਰਖਾਂ ਦੀਆਂ ਛਾਂਵਾਂ ਸਮੇਂ
ਮੂਜਬ ਦੂਜੇ ਬੰਨੇ ਫਿਰ ਗਈਆਂ ਹਨ
ਰਾਏ ਬੁਲਾਰ ਨੇ ਘੋੜੇ ਤੋਂ ਉਤਰ
ਸਿਜਦਾ ਕੀਤਾ ਤੇ ਕਿਹਾ:
ਇਹ ਤਾਂ ਕੋਈ ਵਲੀ ਪੀਰ ਹੈ
ਇਹ ਸਮੇਂ ਨੂੰ ਬਦਲਣ ਦੇ ਸਮਰੱਥ ਹੈ
ਸਾਖੀਕਾਰ ਦੀ ਕਵਿਤਾ ਦੇ ਬਲਿਹਾਰ ਜਾਂਦੇ ਹਾਂ।



## ਖਰਾ ਸੌਦਾ

ਦੁਨੀਆਦਾਰ ਪਿਤਾ ਨੂੰ ਦਿਨ ਰਾਤ ਫ਼ਿਕਰ ਰਹਿੰਦਾ ਸੀ
ਕੀ ਬਣੇਗਾ ਮੇਰੇ ਬੇਪਰਵਾਹ ਪੁੱਤਰ ਦਾ
ਇਹ ਜਾਂ ਤਾਂ ਆਪਣੇ ਹੀ ਖ਼ਿਆਲਾਂ ਵਿਚ ਡੁੱਬਿਆ ਰਹਿੰਦਾ ਹੈ
ਜਾਂ ਨਿਕੰਮੇ ਸਾਧੂ ਫ਼ਕੀਰਾਂ ਨਾਲ਼ ਗੱਲੀਂ ਪੈ ਕੇ
ਉਨ੍ਹਾਂ ਦੇ ਨਾਲ ਹੀ ਤੁਰ ਪੈਂਦਾ ਹੈ
ਤੇ ਤਲਵੰਡੀ ਦੀ ਜੂਹ ਟਪਾ ਕੇ ਹੀ ਮੁੜਦਾ ਹੈ
ਝੂਠਾ ਹਰਦਿਆਲ ਪੰਡਤ ਤਾਂ ਕਹਿੰਦਾ ਸੀ
ਇਸ ਦੇ ਸੀਸ ਪੁਰ
ਦੀਨ-ਦੁਨੀ ਦਾ ਛਤਰ ਝੁੱਲੇਗਾ
ਪਿਤਾ ਨੇ ਨਾਨਕ ਜੀ ਨੂੰ ੨੦ ਰੁਪਏ ਦਿੱਤੇ

and sent Bala along:
Go out and do a profitable trade.
As they walked they thought hard.
A dozen miles away they met
a band of hungry mendicants
they sat in discussion with them
spent all their money to feed them
Bala said: Oh Nanak! What's this you've done
Nanak replied:
My father told me to do a fair trade
What trade could be fairer than this;
To sit in the company of mendicants and to feed them?
When they reached their village Bala lamented:
we're both too green.
They returned home.
The hagiographer writes:
Angry father Kalu slapped Nanak two times
Nanak's eyes filled with tears
His cheeks were bruised
but Nanak said not a word
His older sister Nanaki fell at the father's feet:
punish me instead, count it as my mistake.
When Rai Bular found out
he shielded Nanak with his arm and said to Kalu:
Kalu you know not
All of the riches of the world
Their master is Nanak
All we eat and wear is his benefaction

ਨਾਲ਼ ਬਾਲੇ ਨੂੰ ਭੇਜਿਆ
ਜਾਓ ਕੋਈ ਖਰਾ ਸੌਦਾ ਕਰ ਕੇ ਆਵੋ
ਤੁਰਦੇ ਗਏ ਸੋਚਦੇ ਗਏ
ਬਾਰਾਂ ਕੋਹਾਂ ’ਤੇ ਗਏ ਤਾਂ
ਭੁੱਖੇ ਸਾਧੂਆਂ ਦੀ ਮੰਡਲੀ ਮਿਲੀ
ਉਨ੍ਹਾਂ ਨਾਲ ਮਜਲਿਸ ਕੀਤੀ
ਸਾਰੇ ਰੁਪਏ ਖਰਚ ਕੇ ਉਨ੍ਹਾਂ ਨੂੰ ਭੋਜਨ ਛਕਾ ਦਿੱਤਾ
ਬਾਲਾ ਕਹਿਣ ਲੱਗਾ: ਹੇ ਨਾਨਕ, ਤੂੰ ਇਹ ਕੀ ਕੀਤਾ
ਨਾਨਕ ਜੀ ਕਹਿਣ ਲੱਗੇ:
ਮੈਨੂੰ ਪਿਤਾ ਕਾਲੂ ਆਖਿਆ ਸੀ ਖਰਾ ਸੌਦਾ ਕਰੀਂ
ਇਸ ਤੋਂ ਖਰਾ ਸੌਦਾ ਹੋਰ ਕਿਹੜਾ ਹੋਰ ਕਿਹੜਾ ਹੋ ਸਕਦਾ ਹੈ
ਸਾਧੂਆਂ ਦੀ ਸੰਗਤ ਕਰਨੀ ਤੇ ਉਨ੍ਹਾਂ ਨੂੰ ਭੋਜਨ ਛਕਾ ਦੇਣਾ
ਪਿੰਡ ਕੋਲ ਪਹੁੰਚ ਬਾਲਾ ਕਹਿਣ ਲੱਗਾ:
ਨਾਨਕ ਜੀ ਜੇਹਾ ਤੂੰ ਅੱਲ੍ਹੜ ਆਹਾ ਤੇਹਾ ਮੈਂ
ਘਰ ਆਏ
ਸਾਖੀਕਾਰ ਲਿਖਦਾ ਹੈ:
ਪਿਤਾ ਕਾਲੂ ਨੇ ਗੁੱਸਾ ਖਾਇ ਕਰ ਦੋ ਤਮਾਚੇ ਨਾਨਕ ਜੀ ਨੂੰ ਮਾਰੇ
ਨਾਨਕ ਜੀ ਦੇ ਹੰਝੂ ਨਿਕਲ ਆਏ
ਗੱਲ੍ਹਾਂ ਤੇ ਨੀਲ ਪੈ ਗਏ
ਪਰ ਨਾਨਕ ਜੀ ਕੁਛ ਬੋਲਿਆ ਨਾਹੀ
ਵੱਡੀ ਭੈਣ ਬੇਬੇ ਨਾਨਕੀ ਪਿਤਾ ਦੇ ਪੈਰਾਂ ’ਤੇ ਢਹਿ ਪਈ
ਜੋ ਬਾਪੂ ਜੀ ਇਹ ਗੁਨਾਹ ਮੈਨੂੰ ਬਖ਼ਸ਼
ਰਾਏ ਬੁਲਾਰ ਨੂੰ ਪਤਾ ਲੱਗਾ
ਉਸ ਨੇ ਨਾਨਕ ਜੀ ਨੂੰ ਬਗਲ ਵਿਚ ਲਿਆ ਤੇ ਕਾਲੂ ਨੂੰ ਆਖਿਆ:
ਕਾਲੂ ਤੈਨੂੰ ਖ਼ਬਰ ਨਾਹੀਂ
ਜਿਤਨੀ ਜਹਾਨ ’ਤੇ ਮਾਇਆ ਦੌਲਤ ਹੈ
ਸਭਸੁ ਦਾ ਖਾਵੰਦੁ ਨਾਨਕ ਹੈ
ਅਸੀਂ ਇਸੇ ਦਾ ਦਿੱਤਾ ਖਾਂਦੇ ਅਰ ਪਹਿਰਦੇ ਆਹੇ।

## Marriage

Nanak turned eighteen.
From the village Pakhoke Randhawa near Batala,
Bibi Sulakhani, the
accomplished, intelligent daughter
of Patwari Mool Chand and his wife Chando Rani
came to be his bride and bore him two sons
Sri Chand and Lakhmi Das.

## ਵਿਆਹ


ਨਾਨਕ ਜੀ ਅਠਾਰਾਂ ਬਰਸਾਂ ਦੇ ਹੋਏ
ਤਾਂ ਬਟਾਲੇ ਲਾਗਲੇ ਪਿੰਡ ਪੱਖੋ ਕੇ ਰੰਧਾਵੇ ਦੇ ਵਾਸੀ
ਪਟਵਾਰੀ ਪਿਤਾ ਮੂਲ ਚੰਦ ਤੇ ਮਾਤਾ ਚੰਦੋ ਰਾਣੀ ਦੀ
ਸੁਘੜ ਸੁਜਾਨ ਪੁੱਤਰੀ
ਬੀਬੀ ਸੁਲੱਖਣੀ ਜੀ ਨਾਲ ਉਨ੍ਹਾਂ ਦਾ ਵਿਆਹ ਹੋਇਆ
ਦੋ ਪੁੱਤਰ ਉਨ੍ਹਾਂ ਦੀ ਸੰਤਾਨ ਹੋਏ
ਸ੍ਰੀ ਚੰਦ ਤੇ ਲਖਮੀ ਦਾਸ।

## Sultanpur Lodhi

Nanak resided at Sultanpur Lodhi for many years
as this was where his older sister Nanaki was married
His brother-in-law Jai Ram got him appointed to the

## ਸੁਲਤਾਨ ਪੁਰ ਲੋਧੀ

ਨਾਨਕ ਜੀ ਬਹੁਤ ਬਰਸ ਸੁਲਤਾਨ ਪੁਰ ਲੋਧੀ ਰਹੇ
ਜੋ ਵੱਡੀ ਭੈਣ ਬੇਬੇ ਨਾਨਕੀ ਦਾ ਸਹੁਰਾ ਪਿੰਡ ਸੀ
ਵੱਡੀ ਭੈਣ ਦੇ ਪਤੀ ਜੈ ਰਾਮ ਨੇ ਨਾਨਕ ਜੀ ਨੂੰ



office of modi (storekeeper) for Daulat Khan Lodhi
Nanak would spend his days working
at the modikhana (storehouse)
and spend his mornings and evenings on the banks
of the river Bein that flowed near the town
enraptured by nature
and singing the praises of the Creator
of this wondrous universe.

ਦੌਲਤ ਖ਼ਾਨ ਲੋਧੀ ਦਾ ਮੋਦੀ ਰਖਵਾ ਦਿੱਤਾ
ਨਾਨਕ ਜੀ ਦਿਨੇ
ਮੋਦੀਖ਼ਾਨੇ ਨੌਕਰੀ ਕਰਦੇ
ਸਵੇਰੇ ਸ਼ਾਮ ਨਗਰ ਦੇ ਕੋਲ਼ ਦੀ
ਵਗਦੀ ਬੇਈਂ ਨਦੀ ਦੇ ਕੰਢੇ
ਕੁਦਰਤ ਦੇ ਬਲਿਹਾਰ ਜਾਂਦੇ
ਤੇ ਕੁਦਰਤ ਦੇ ਸਿਰਜਣਹਾਰ
ਕਰਤਾ ਪੁਰਖ ਦੇ ਗੁਣ ਗਾਉਂਦੇ।

## Thirteen Thirteen

One day at the modikhana, people
got to witness Nanak caught in rapture
While giving grain he would keep track
by counting out loud:
But that day by the grace of God, counting two, three,
four, five, when he reached thirteen

## ਤੇਰਾਂ ਤੇਰਾਂ

ਇਕ ਦਿਨ ਮੋਦੀਖ਼ਾਨੇ ਵਿਚ ਲੋਕਾਂ ਨੇ
ਨਾਨਕ ਜੀ ਦਾ ਵਿਸਮਾਦੀ ਰੰਗ ਦੇਖਿਆ
ਨਾਨਕ ਜੀ ਕਿਸੇ ਨੂੰ ਅਨਾਜ ਦਿੰਦੇ
ਤਾਂ ਹਿਸਾਬ ਰੱਖਦੇ, ਗਿਣਤੀ ਕਰਦੇ:
ਪਰ ਉਸ ਦਿਨ ਬਰਕਤੇ, ਦੋ, ਤਿੰਨ, ਚਾਰ,
ਪੰਜ ਕਹਿੰਦਿਆਂ ਜਦੋਂ ਉਹ ਤੇਰਾਂ ’ਤੇ ਪਹੁੰਚੇ



he became engrossed
and instead of 'thirteen' kept chanting 'Yours, Yours'
and whoever came, he gave them grain.
Someone went and complained to Daulat Khan
But Daulat Khan declared:
It's no loss
There is great grace attached to Nanak's Name.

ਤਾਂ ਉਨ੍ਹਾਂ ਦੀ ਲਿਵ ਲੱਗ ਗਈ
ਉਹ ਤੇਰਾਂ ਦੀ ਥਾਂ ਤੇਰਾ ਤੇਰਾ ਕਹਿੰਦੇ ਰਹੇ
ਤੇ ਜਿਹੜਾ ਵੀ ਆਇਆ ਉਸ ਦੀ ਝੋਲ਼ੀ ਭਰਦੇ ਰਹੇ
ਕਿਸੇ ਨੇ ਦੌਲਤ ਖ਼ਾਨ ਕੋਲ ਜਾ ਸ਼ਿਕਾਇਤ ਕੀਤੀ
ਤਾਂ ਦੌਲਤ ਖ਼ਾਨ ਨੇ ਕਿਹਾ:
ਕੋਈ ਖ਼ਸਾਰਾ ਨਾਹੀ
ਨਾਨਕ ਦੇ ਨਾਮ ਦੀ ਬਹੁਤ ਬਰਕਤ ਹੈ।

### The river Bein

### ਬੇਈਂ ਨਦੀ

One early morning Nanak went to
bathe at the river Bein
the first rays of dawn hit
night gave way to day
Nanak did not return home
His family and the townspeople searched to no avail
they searched both banks of the river Bein
and far into the wilderness
asking travelers and wayfarers till they wearied
deep into the evening, and when night fell

ਇਕ ਅੰਮ੍ਰਿਤ ਵੇਲੇ ਨਾਨਕ ਜੀ
ਬੇਈਂ ਨਦੀ ਤੇ ਇਸ਼ਨਾਨ ਕਰਨ ਗਏ
ਪਹੁ ਫੁਟਾਲਾ ਹੋ ਗਿਆ
ਦਿਨ ਚੜ੍ਹ ਆਇਆ
ਨਾਨਕ ਜੀ ਘਰ ਨਹੀਂ ਪਰਤੇ
ਘਰ ਵਾਲ਼ੇ, ਨਗਰ ਵਾਲ਼ੇ ਢੂੰਡ ਥੱਕੇ
ਬੇਈਂ ਦੇ ਉਰਾਰ ਪਾਰ
ਦੂਰ ਤੱਕ ਬੇਲੇ ਵਿਚ
ਰਾਹੀਆਂ ਮੁਸਾਫ਼ਰਾਂ ਨੂੰ ਪੁੱਛ ਪੁੱਛ ਹਾਰ ਗਏ
ਡੂੰਘੀਆਂ ਸ਼ਾਮਾਂ ਹੋ ਗਈਆਂ, ਰਾਤ ਪੈ ਗਈ

his home and town were
shrouded in mournful worry
three full days and three full nights
there was no trace to be found of Nanak
the hagiographer tells it thus
during that time Nanak was
immersed, in the deepest recesses
of his spiritual being,
in an encounter with the Formless One
The Formless One granted him
a cup of amrit (nectar) and Said:
Oh Nanak, I am the Supreme Being
You are the Supreme Preceptor
Whoever gladdens you gladdens me
He who receives your grace receives Mine
On the fourth day Nanak appeared
on the bank of the river Bein

ਘਰ ਨਗਰ ’ਤੇ ਸੋਗੀ ਚਿੰਤਾ ਛਾਈ ਰਹੀ
ਤਿੰਨ ਦਿਨ ਤਿੰਨ ਰਾਤਾਂ
ਕਿੱਥੇ ਗਏ ਨਾਨਕ ਜੀ
ਸਾਖੀਕਾਰ ਦੱਸਦਾ ਹੈ ਕਿ
ਨਾਨਕ ਜੀ ਓਦੋਂ ਆਪਣੇ ਮਨ ਅੰਤਰ ਦੇ ਸੱਚਖੰਡ ਵਿਚ
ਨਿਰੰਕਾਰ ਦੇ ਸਨਮੁਖ ਸਨ
ਨਿਰੰਕਾਰ ਨੇ ਉਨ੍ਹਾਂ ਨੂੰ
ਅੰਮ੍ਰਿਤ ਦਾ ਪਿਆਲਾ ਬਖ਼ਸ਼ਿਆ
ਤੇ ਕਿਹਾ:
ਹੇ ਨਾਨਕ ਮੈਂ ਪਾਰਬ੍ਰਹਮ ਪਰਮੇਸ਼ਰ
ਤੂੰ ਗੁਰ ਪਰਮੇਸ਼ਰ
ਜਿਸ ਪਰ ਤੂੰ ਖ਼ੁਸ਼
ਉਸ ਪਰ ਮੈਂ ਖ਼ੁਸ਼
ਜਿਸ ਪਰ ਤੇਰੀ ਨਦਰ
ਉਸ ਪਰ ਮੇਰੀ ਨਦਰ
ਤੀਜੇ ਦਿਨ ਨਾਨਕ ਜੀ
ਬੇਈਂ ਨਦੀ ਦੇ ਕੰਢੇ ਪਰਗਟ ਹੋਏ।

## The dawn of Peregrinations

## ਉਦਾਸੀਆਂ ਦਾ ਪਹੁ-ਫੁਟਾਲ਼ਾ

One morning Nanak came out of the river
the waves quivered and a dazzling light appeared

ਇਕ ਸੁਬਹਸਾਰ ਆਏ ਨਾਨਕ ਨਦੀ ਤੋਂ ਬਾਹਰ
ਹਰ ਲਹਿਰ ਥਰਥਰਾਈ ਇਕ ਨੂਰ ਹੋਇਆ ਜ਼ਾਹਰ

The light had decided to spread across the world
from his lips burst forth the rays of the Word.

ਚਾਨਣ ਨੇ ਕਰ ਲਿਆ ਸੀ ਫੈਲਣ ਦਾ ਜੱਗ ਤੇ ਨਿਰਣਾ
ਹੋਠਾਂ ਚੋਂ ਉਸਦੇ ਫੁੱਟੀਆਂ ਸ਼ਬਦਾਂ ਦੀਆਂ ਇਹ ਕਿਰਣਾਂ

None is Hindu nor Muslim
All of the universe has been born from the same light

ਹਿੰਦੂ ਨਹੀਂ ਹੈ ਕੋਈ ਨਾ ਮੁਸਲਮਾਨ ਕੋਈ
ਕੁਲ ਕਾਇਨਾਤ ਪੈਦਾ ਇਕ ਨੂਰ ਚੋਂ ਹੈ ਹੋਈ

This creation that we see is the Creator Himself
Spread out as all this infinite variety is the One Himself

ਇਹ ਜੋ ਦਿਸ ਰਹੀ ਹੈ ਰਚਨਾ ਖ਼ੁਦ ਰਚਣਹਾਰ ਹੀ ਹੈ
ਹੋ ਅਨੇਕ ਜੋ ਪਸਰਿਆ ਇਕ ਓਅੰਕਾਰ ਹੀ ਹੈ

for whom mercy is the mosque, sincerity the prayer mat
Only he is the true Muslim with whom Allah is glad

ਜਿਹਦੀ ਮਿਹਰ ਦੀ ਹੈ ਮਸਜਿਦ ਜਿਹਦਾ ਸਿਦਕ ਦਾ ਮੁਸੱਲਾ
ਓਹੀ ਹੈ ਸੱਚਾ ਮੁਸਲਿਮ ਉਸ ’ਤੇ ਹੀ ਖ਼ੁਸ਼ ਹੈ ਅੱਲਾ

Only he who wears a sacred thread spun of kindness
Can call himself a Hindu whom God will bless

ਦਇਆ ਕਪਾਹ ਦਾ ਪਹਿਨੇ ਜੋ ਅਪਣੇ ਜੀ ’ਤੇ ਜੰਞੂ
ਓਹੀ ਪ੍ਰਭੂ ਨੂੰ ਭਾਵੇ, ਓਹੀ ਹੈ ਸੱਚਾ ਹਿੰਦੂ

Earrings of contentment, raiment of modest dignity
smeared in the ash of meditation, sits the true mendicant

ਸੰਤੋਖ ਦੀਆਂ ਮੁੰਦਰਾਂ, ਜਿਹਦੀ ਸਰਮ ਪੱਤ ਦੀ ਝੋਲ਼ੀ
ਜਿਹਦੀ ਧਿਆਨ ਦੀ ਬਿਭੂਤੀ, ਓਹੀ ਹੈ ਸੱਚਾ ਜੋਗੀ

The earth rests on the horns of the bull of morality
mercy is his mother, he is born of clemency

ਧਰਤੀ ਟਿਕੀ ਹੈ ਜਿਸ ’ਤੇ ਉਹ ਧੌਲ ਧਰਮ ਦਾ ਹੈ
ਦਇਆ ਹੈ ਉਸ ਦੀ ਜਣਨੀ, ਉਹ ਦਇਆ ਤੋਂ ਜਨਮਦਾ ਹੈ



The words of Nanak arose, moistened in the juice of ragas
see how closely entwined God and the rabab are today

ਨਾਨਕ ਦੇ ਬੋਲ ਜਾਗੇ, ਰਾਗਾਂ ਦੇ ਰਸ ਚ ਭਿੰਨੇ
ਰੱਬ ਤੇ ਰਬਾਬ ਹੋਏ ਅੱਜ ਕੋਲ਼ ਕੋਲ਼ ਕਿੰਨੇ

The first one to hear the sermons, the one who sang along
Mardana with his rabab accompanies Nanak's song

ਬਾਣੀ ਦਾ ਪ੍ਰਥਮ ਸ੍ਰੋਤਾ, ਉਹਦੇ ਸੰਗ ਗਾਉਣਹਾਰਾ
ਬਾਬਾ ਰਬਾਬ ਵਾਲ਼ਾ, ਮਰਦਾਨਾ ਗੁਰੂ ਕਾ ਪਿਆਰਾ

He who drank deep of the nectar of Word and hymn
Mardana of the rabab, we salute him!

ਜਿਸ ਸ਼ਬਦ ਸ਼ਬਦ ਪੀਤੇ ਅੰਮ੍ਰਿਤ ਦੇ ਭਰ ਕੇ ਪਿਆਲੇ
ਸਦ ਨਮਸਕਾਰ ਤੈਨੂੰ ਬਾਬੇ ਰਬਾਬ ਵਾਲੇ

To shower grace upon the souls of the hopeless
accompanied by Mardana, Nanak set off wandering.

ਬਰਸਾਉਣ ਲਈ ਮਿਹਰਾਂ ਜਿੰਦਾਂ ਨਿਰਾਸੀਆਂ ਤੇ
ਉਹਨੂੰ ਨਾਲ਼ ਲੈ ਕੇ ਚੱਲੇ ਨਾਨਕ ਉਦਾਸੀਆਂ ਤੇ

## The Earth seemed to burn

## ਜਲਤੀ ਸਭਿ ਪ੍ਰਿਥਵੀ ਦਿਸਿ ਆਈ

Bhai Gurdas Ji writes
when Baba Nanak observed carefully he saw
that the whole earth seemed to

ਭਾਈ ਗੁਰਦਾਸ ਜੀ ਲਿਖਦੇ ਹਨ
ਕਿ ਬਾਬਾ ਨਾਨਕ ਨੇ ਧਿਆਨ ਧਰ ਕੇ ਦੇਖਿਆ ਤਾਂ
ਸਾਰੀ ਧਰਤੀ ਦੁੱਖਾਂ ਕਲੇਸ਼ਾਂ ਵਿਚ ਬਲ਼ਦੀ ਨਜ਼ਰ ਆਈ।

| | |
|---|---|
| burn in sorrows and dissension | ਜਹਾਨ ’ਤੇ ਅਗਿਆਨ ਦਾ |
| the world was overcast in the darkness of ignorance | ਅੰਧਕਾਰ ਪਸਰਿਆ ਹੋਇਆ ਸੀ। |
| and there was no one to light the way. | ਕੋਈ ਰਾਹ ਦਿਖਾਉਣ ਵਾਲਾ ਨਹੀਂ ਸੀ। |
| The populace was suffering and distressed. | ਖ਼ਲਕਤ ਤ੍ਰਾਸ ਤ੍ਰਾਸ ਕਰ ਰਹੀ ਹੈ। |
| Baba Nanak assumed the guise of the mendicant | ਬਾਬੇ ਨੇ ਫ਼ਕੀਰਾਂ ਦਰਵੇਸ਼ਾਂ ਵਾਲ਼ਾ ਵੇਸ ਪਹਿਨ ਲਿਆ |
| and to see the state of the masses | ਤੇ ਲੋਕਾਈ ਦੀ ਸਾਰ ਲੈਣ ਲਈ |
| set off on his peregrinations: | ਉਦਾਸੀਆਂ ’ਤੇ ਨਿਕਲ ਤੁਰਿਆ: |
| | |
| Baba Nanak looked closely, | ਬਾਬਾ ਦੇਖੈ ਧਿਆਨੁ ਧਰਿ |
| the whole world seemed to burn | ਜਲਤੀ ਸਭਿ ਪ੍ਰਿਥਵੀ ਦਿਸਿ ਆਈ। |
| he heard the despairing wails of | ਬਾਝਹੁ ਗੁਰੂ ਗੁਬਾਰ ਹੈ |
| those with nowhere left to turn | ਹੈ ਹੈ ਕਰਦੀ ਸੁਣੀ ਲੁਕਾਈ। |
| changing his guise he started | ਬਾਬੇ ਭੇਖ ਬਣਾਇਆ |
| the tradition of his travels: | ਉਦਾਸੀ ਕੀ ਰੀਤਿ ਚਲਾਈ। |
| For the suffering masses a new era of reform unravels. | ਚੜ੍ਹਿਆ ਸੋਧਣਿ ਧਰਤਿ ਲੁਕਾਈ॥ |
| | |
| About the political, social and religious condition of those | ਉਨ੍ਹਾਂ ਸਮਿਆਂ ਦੀ ਰਾਜਸੀ, ਸਮਾਜਕ ਤੇ ਧਾਰਮਿਕ ਦਸ਼ਾ |
| times, Bhai Gurdas writes that the government looted the | ਬਾਰੇ ਭਾਈ ਗੁਰਦਾਸ ਲਿਖਦੇ ਹਨ |
| populace rather than protecting them. | ਕਿ ਰਾਜੇ ਪਰਜਾ ਦੀ ਰਖਵਾਲੀ ਕਰਨ ਦੀ ਥਾਂ |
| The qazis (judges) had become corrupt. | ਉਨ੍ਹਾਂ ਨੂੰ ਲੁੱਟਦੇ ਸਨ। |
| The hedge meant to guard the fields | ਕਾਜੀ ਵੱਢੀਖੋਰ ਹੋ ਚੁੱਕੇ ਸਨ। |
| was instead overrunning them: | ਵਾੜ ਹੀ ਖੇਤ ਨੂੰ ਖਾ ਰਹੀ ਸੀ: |
| | |
| The kings earn sins and the hedge the field doth eat | ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। |
| the people, blind and ignorant, utter falsehoods... | ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ। ... |
| | |
| The corrupt judges take bribes and have | ਕਾਜੀ ਹੋਏ ਰਿਸਵਤੀ |
| lost their right to judge. | ਵਢੀ ਲੈ ਕੈ ਹਕੁ ਗਵਾਈ। ... |
| | |
| About his times, Guru Nanak in his own words | ਆਪਣੇ ਸਮਿਆਂ ਬਾਰੇ ਗੁਰੂ ਨਾਨਕ ਦੇਵ ਜੀ ਦੇ |
| too gives a measure of the times: | ਮੁਖਵਾਕ ਵੀ ਉਨ੍ਹਾਂ ਸਮਿਆਂ ਦੀ ਥਾਹ ਦਿੰਦੇ ਹਨ: |
| | |
| The Kali-age is the knife; the kings are the butchers. | ਕਲਿ ਕਾਤੀ ਰਾਜੇ ਕਾਸਾਈ |
| And righteousness hath taken to the wings; | ਧਰਮੁ ਪੰਖ ਕਰਿ ਉਡਰਿਆ॥ |
| Yea, it is the dark night of falsehood; | ਕੂੜੁ ਅਮਾਵਸ ਸਚੁ ਚੰਦ੍ਰਮਾ |
| And Truth? O, where is the moon of Truth? | ਦੀਸੈ ਨਾਹੀ ਕਹ ਚੜਿਆ॥ |
| The vain search hath made me mad, | ਹਉ ਭਾਲਿ ਵਿਕੁੰਨੀ ਹੋਈ॥ |
| And I see not my Path in the dark. | ਆਧੇਰੈ ਰਾਹੁ ਨ ਕੋਈ॥ |
| And I suffer the pain of ego, and wail, | ਵਿਚਿ ਹਉਮੈ ਕਰਿ ਦੁਖੁ ਰੋਈ॥ |
| Say thou, Nanak, how wilt thou be Saved? | ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ |
| | |
| The kings are like leopards, the courtiers like dogs; | ਰਾਜੇ ਸੀਹ ਮੁਕਦਮ ਕੁਤੇ॥ |
| For, they awaken those that sleep in God’s Peace. | ਜਾਇ ਜਗਾਇਨਿ੍ ਬੈਠੇ ਸੁਤੇ॥ |
| The King’s Servants tear (the docile subjects) | ਚਾਕਰ ਨਹਦਾ |

with their nails,
And, like curs, lick up all the blood that they spill.

ਪਾਇਨਿ੍ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥

Avarice and Sin are the king and the minister,
and falsehood is their chief.
And lust, yea, is the advisor, and so they all confabulate.
Their subjects too are blind, without wisdom; and,
like the dead, they dance to their tune.
The wise dance and make music
and deck themselves as beauties.
They shout and they scream out confusion,
about their heroes.
And the foolish Pundits revel in argument,
and cherish their set codes.
The virtuous practise virtue but lose its merit
if they ask for deliverance (as reward).
Men of continence some call themselves, but
knowing not the Way, abandon their homes.
All, yea, are complete in themselves:
nothing lacks nothing.
But when one is weighed with the weights of Honour,
then alone one knoweth how one weighs.

ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ॥
ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ
ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ
ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ
ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ॥
ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ॥
ਸਭੁ ਕੋ ਪੂਰਾ ਆਪੇ ਹੋਵੈ
ਘਟਿ ਨ ਕੋਈ ਆਖੈ॥
ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ॥

Before setting off on his peregrinations,
Guru Nanak had said to Bhai Mardana:
Mardana, buy a beautiful new rabab.
Go and ask Bebe Nanaki to buy you a rabab.
Bebe Nanaki said: Not just one I'll buy you a hundred,
but tell Nanak to come show me
his face before leaving.
After taking the money from Bebe Nanaki, Mardana
was gone for many days, but returned empty handed,
so Nanak sent him to Firanda the rabab maker.
Firanda showed Mardana the kind of rabab that Baba
Nanak had described. When Mardana asked its price
Firanda told him: the only price I ask is that this rabab
be played in the presence of Baba Nanak.

ਉਦਾਸੀਆਂ ’ਤੇ ਜਾਣ ਤੋਂ ਪਹਿਲਾਂ
ਗੁਰੂ ਜੀ ਨੇ ਭਾਈ ਮਰਦਾਨੇ ਨੂੰ ਆਖਿਆ ਸੀ:
ਮਰਦਾਨਿਆ ਤੂੰ ਕੋਈ ਸੁਹਣੀ ਜਿਹੀ ਨਵੀਂ ਰਬਾਬ ਲੈ।
ਬੇਬੇ ਨਾਨਕੀ ਕੋਲ ਜਾ ਤੇ ਉਸ ਨੂੰ ਆਖ ਤੈਨੂੰ ਰਬਾਬ ਲੈ ਦੇਵੇ।
ਬੇਬੇ ਨਾਨਕੀ ਕਿਹਾ: ਇਕ ਰਬਾਬ ਕਿਆ ਸਉ ਰਬਾਬ ਲੈ ਦੇਵਾਂ
ਪਰ ਨਾਨਕ ਨੂੰ ਆਖ ਮੈਨੂੰ
ਆਪਣਾ ਮੁਹੁ ਦਿਖਾਇ ਜਾਵੇ।
ਬੇਬੇ ਨਾਨਕੀ ਕੋਲੋਂ ਰੁਪਏ ਲੈ ਕੇ ਕਈ ਦਿਨਾਂ ਦੀ ਭਟਕਣ ਬਾਅਦ
ਮਰਦਾਨਾ ਖ਼ਾਲੀ ਹੱਥ ਮੁੜ ਆਇਆ ਤਾਂ
ਨਾਨਕ ਜੀ ਨੇ ਉਸ ਨੂੰ ਫਿਰੰਦੇ ਰਬਾਬੀ ਕੋਲ ਭੇਜਿਆ।
ਫਿਰੰਦੇ ਨੇ ਉਸ ਨੂੰ ਉਹ ਰਬਾਬ ਦਿਖਾਈ ਜਿਹੋ ਜਿਹੀ
ਬਾਬਾ ਨਾਨਕ ਨੇ ਕਹੀ ਸੀ। ਭਾਈ ਮਰਦਾਨੇ ਨੇ ਮੁੱਲ ਪੁੱਛਿਆ ਤਾਂ
ਫਿਰੰਦੇ ਕਿਹਾ: ਇਸ ਦਾ ਮੁੱਲ ਏਹੀ ਕਿ ਇਹ ਰਬਾਬ
ਸਿਰਫ਼ ਬਾਬੇ ਨਾਨਕ ਦੇ ਸਨਮੁਖ ਵੱਜੇ।

Satguru Nanak set off on his peregrinations,
which some have called wisdom journeys,
some have called travels of mercy,
while yet others have labelled them journeys of grace.

ਸਤਿਗੁਰੂ ਨਾਨਕ ਆਪਣੀਆਂ ਲੰਮੀਆਂ ਉਦਾਸੀਆਂ ’ਤੇ ਤੁਰ ਪਏ,
ਜਿਨ੍ਹਾਂ ਨੂੰ ਕਿਸੇ ਨੇ ਗਿਆਨ ਯਾਤ੍ਰਾਵਾਂ
ਕਿਸੇ ਨੇ ਦਇਆ ਯਾਤ੍ਰਾਵਾਂ
ਤੇ ਕਿਸੇ ਨੇ ਮਿਹਰ ਮੁਸਾਫ਼ਰੀਆਂ ਕਿਹਾ।



From Sultanpur Nanak went to Lahore,
Gujranwala, Saidpur, Pakpatan and then Talwandi.

From Talwandi he proceeded to Pehowa, Kurukshetra, Haridwar,
Ayodha, Patna, Gaya, Dhaka and Kamrup
On the way back he also went to Jagannath Puri.

On his second peregrination he went right down south
all the way to Tamil Nadu and Sri Lanka.
On his way back through the western coast he crossed Malabar,
Bidar, Konkan, Mumbai and Rajasthan to arrive in Punjab.

The scope of his third peregrination covered Jammu, Kashmir,
Ladakh, Tibet, Sikkim and Bhutan.

ਸੁਲਤਾਨ ਪੁਰ ਤੋਂ ਨਾਨਕ ਜੀ ਲਾਹੌਰ, ਗੁਜਰਾਂਵਾਲਾ, ਸੈਦਪੁਰ,
ਪਾਕਪਟਨ ਤੇ ਫਿਰ ਤਲਵੰਡੀ ਆਏ।

ਤਲਵੰਡੀ ਤੋਂ ਪੇਹੋਵਾ, ਕੁਰੁਕਸ਼ੇਤਰ, ਹਰਿਦੁਆਰ, ਅਯੁੱਧਿਆ,
ਪਟਨਾ, ਗਯਾ, ਢਾਕਾ ਤੇ ਕਾਮਰੂਪ ਗਏ। ਵਾਪਸੀ ਤੇ
ਜਗਨਨਾਥ ਪੁਰੀ ਵੀ ਗਏ।

ਦੂਜੀ ਉਦਾਸੀ ਦੌਰਾਨ ਉਹ ਧੁਰ ਦੱਖਣ ਤਮਿਲਨਾਡੂ ਤੇ ਸ਼੍ਰੀ
ਲੰਕਾ ਤੱਕ ਗਏ।
ਮੁੜਦੇ ਹੋਏ ਪੱਛਮੀ ਤੱਟ ਥਾਂਣੀਂ ਮਾਲਾਬਾਰ, ਬਿਦਰ, ਕੋਂਕਣ,
ਮੁੰਬਈ ਤੇ ਰਾਜਸਥਾਨ ਹੁੰਦੇ ਹੋਏ ਪੰਜਾਬ ਪਹੁੰਚੇ।

ਤੀਜੀ ਉਦਾਸੀ ਦਾ ਪੰਧ ਜੰਮੂ, ਕਸ਼ਮੀਰ, ਲੱਦਾਖ, ਤਿੱਬਤ,
ਸਿੱਕਮ ਅਤੇ ਭੁਟਾਨ ਤੱਕ ਫੈਲਿਆ ਹੋਇਆ ਸੀ



On his fourth peregrination he went to
Mecca, Medina and Baghdad.
On the way back he reached Saidpur (Aimnabad)

ਚੌਥੀ ਉਦਾਸੀ ਦੌਰਾਨ ਸਤਿਗੁਰੂ
ਮੱਕਾ ਮਦੀਨਾ ਤੇ ਬਗਦਾਦ ਗਏ।
ਮੁੜਦੇ ਹੋਏ ਸੈਦ ਪੁਰ (ਏਮਨਾਬਾਦ) ਪਹੁੰਚੇ।

## Mardana Strummed the Rabab

These lines are oft repeated in the Janamsakhis: Baba Nanak said: Mardana, strum the rabab. Mardana strummed the rabab. Baba Nanak started singing a hymn in a raga. Sometimes Mardana would ask Baba Nanak questions on the dilemma of the body's hunger and thirst, and sometimes he would ask deep questions about the curiosity of the human spirit. Though Mardana was nine years older than Nanak, his nature was innocent like a child's.

## ਮਰਦਾਨੇ ਰਬਾਬ ਵਜਾਇਆ

ਵਾਰ ਵਾਰ ਜਨਮਸਾਖੀਆਂ ਵਿਚ ਇਹ ਵਾਕ ਆਉਂਦੇ ਹਨ:
ਬਾਬੇ ਆਖਿਆ: ਮਰਦਾਨਿਆ ਰਬਾਬ ਵਜਾਇ।
ਮਰਦਾਨੇ ਰਬਾਬ ਵਜਾਇਆ। ਬਾਬੇ ਰਾਗ ਵਿਚ ਸਬਦ ਉਠਾਇਆ।
ਕਦੀ ਕਦੀ ਮਰਦਾਨਾ ਗੁਰੂ ਜੀ ਨੂੰ ਕਾਇਆ ਦੀ ਭੁੱਖ ਤੇਹ
ਦਾ ਸਵਾਲ ਪਾ ਦਿੰਦਾ ਤੇ ਕਦੀ ਰੂਹ ਦੀ ਜਿਗਿਆਸਾ
ਚੋਂ ਜਨਮੇ ਗਹਿਰੇ ਸਵਾਲ ਪੁੱਛਣ ਲੱਗ ਪੈਂਦਾ।
ਮਰਦਾਨਾ ਨਾਨਕ ਜੀ ਤੋਂ ਨੌਂ ਸਾਲ ਵੱਡਾ ਸੀ
ਪਰ ਉਸ ਦਾ ਸੁਭਾਉ
ਬਾਲਾਂ ਜੈਸਾ ਮਾਸੂਮ ਸੀ।

## That which Causes you to Feel Afraid

Walking behind Nanak, one day,
Mardana found a gold coin on the road
which he slipped into his pack without telling Nanak.
As they kept walking and evening fell, Mardana said:
Nanak, I feel scared.
What do you feel scared of, Mardana?
Of robbers and thieves.
Nanak said:
Mardana, that which causes you to feel afraid,
throw away that thing.
Surprised, Mardana said: Nanak,
though I know that you are omniscient,
but still, do tell how exactly you knew that
I had some such object on me?
Nanak laughed and replied:
Mardana, I found out because you've
never before feared thieves and robbers.

## ਜਿਸ ਕਾਰਣ ਡਰ ਲਗਦਾ

ਨਾਨਕ ਜੀ ਦੇ ਪਿੱਛੇ ਪਿੱਛੇ ਤੁਰਦਿਆਂ
ਇਕ ਦਿਹੁੰ ਮਰਦਾਨੇ ਨੂੰ ਰਾਹ ਵਿੱਚੋਂ ਸੋਨੇ ਦੀ ਮੁਹਰ ਲੱਭੀ
ਜੋ ਉਸ ਨੇ ਨਾਨਕ ਜੀ ਨੂੰ ਦੱਸੇ ਬਿਨਾਂ ਬੋਝੇ ਪਾ ਲਈ।
ਤੁਰਦਿਆਂ ਢੂੰਘੀ ਸ਼ਾਮ ਹੋ ਗਈ ਤਾਂ ਮਰਦਾਨੇ ਕਿਹਾ:
ਨਾਨਕ ਜੀ ਮੈਨੂੰ ਡਰ ਲਗਦਾ ਆਹਾ।
ਕਿਸ ਤੋਂ ਡਰ ਲਗਦਾ ਹੈ ਮਰਦਾਨਿਆ?
ਜੀ ਚੋਰਾਂ ਤੇ ਠੱਗਾਂ ਤੋਂ।
ਬਾਬੇ ਕਿਹਾ:
ਮਰਦਾਨਿਆ ਜਿਸ ਕਾਰਣ ਡਰ ਲਗਦਾ ਆਹਾ
ਉਹ ਸ਼ੈ ਸੁੱਟ ਦੇ।
ਮਰਦਾਨਾ ਹੈਰਾਨ ਹੋਇ ਬੋਲਿਆ: ਨਾਨਕ ਜੀ ਮੈਂ ਜਾਣਦਾ
ਤਾਂ ਹਾਂ ਤੂੰ ਅੰਤਰਜਾਮੀ ਹੈਂ
ਫੇਰ ਵੀ ਦੱਸ ਤਾਂ ਸਹੀ ਤੈਨੂੰ ਕਿਵੇਂ ਪਤਾ ਲੱਗਾ
ਪਈ ਮੇਰੇ ਕੋਲ ਕੋਈ ਸ਼ੈ ਹੈ।
ਨਾਨਕ ਜੀ ਹੱਸ ਕੇ ਕਹਿਣ ਲੱਗੇ:
ਮਰਦਾਨੇ, ਪਤਾ ਏਵੇਂ ਲੱਗਾ
ਕਿ ਤੂੰ ਪਹਿਲਾਂ ਕਦੀ ਚੋਰਾਂ ਤੇ ਠੱਗਾਂ ਤੋਂ ਡਰਿਆ ਨਾਹੀਂ।

## Bronze is Bright and Shining

Walking along, they arrived at
the house of Shaikh Sajjan.
His house sat along the road.
There, he had made both a mosque and a temple.
If a Hindu passed by, he would stop there
and if a Muslim came he too had cause to pause.
When night fell they would be invited to rest.
Taken inside, they were thrown in a well and killed.
Come morning, rosary and staff in hand,
he'd sit on a prayer mat
When Nanak and Mardana arrived,
he welcomed them enthusiastically.
And said to his people:
These people carry great wealth, but it is hidden deep.
Someone with a demeanor such as his
cannot be poor.
He's displaying poverty just for show.
When night fell, he said: come let us rest.
Then Nanak said:
Sajjan, let us sing a hymn in God's praise
before we sleep.
Shaikh Sajjan replied:

## ਉਜਲੁ ਕੈਹਾ ਚਿਲਕਣਾ

ਜਾਂਦੇ ਜਾਂਦੇ ਸੇਖ ਸਜਣ ਕੈ
ਘਰਿ ਜਾਇ ਨਿਕਲੇ।
ਉਸ ਦਾ ਘਰੁ ਪੈਂਡੇ ਵਿਚ ਥਾ।
ਅਤੇ ਠਾਕੁਰ ਦੁਆਰਾ ਤੈ ਮਸੀਤ ਕਰਿ ਛਡੀ ਥੀ।
ਜੇ ਕੋਈ ਹਿੰਦੂ ਆਵੈ ਤਾਂ ਠਉਰ ਦੇਵੈ
ਅਤੇ ਜੇ ਮੁਸਲਮਾਨ ਆਵੈ ਤਾਂ ਵੀ ਤਵਜਹ ਕਰੈ।
ਅਰੁ ਜਾਂ ਰਾਤਿ ਪਵੈ ਤਾ ਆਖੇ ਚਲ ਜੀ ਸੋਵਹੁ।
ਅੰਦਰਿ ਲੈ ਜਾਵੈ ਖੂਹੈ ਵਿਚਿ ਪਾਇ ਕਰਿ ਮਾਰੇ।
ਅਰ ਜਾ ਸੁਬਹ ਹੋਵੈ ਤਾ ਆਸਾ ਤਸਬੀ
ਹਥਿ ਲੈ ਮੁਸੱਲਾ ਪਾਇ ਬਹੈ।
ਜਬਿ ਬਾਬਾ ਤੇ ਮਰਦਾਨਾ ਗਏ
ਤਾ ਖਿਜਮਤਿ ਬਹੁਤ ਕੀਤੀਓਸੁ।
ਅਤੇ ਆਪਣਿਆਂ ਲੋਕਾਂ ਤਾਈ ਆਖਿਓਸੁ:
ਜੋ ਇਸ ਦੇ ਪੱਲੈ ਬਹੁਤੁ ਦੁਨੀਆ ਹੈ; ਪਰ ਗੁਹਜ ਹੈ।
ਜਿਸ ਦੇ ਮੁਹੁ ਤੇ ਐਸੀ ਭੜਕ ਹੈ
ਸੋ ਖਾਲੀ ਨਾਹੀਂ;
ਫੈਲੁ ਕਰਿ ਕੇ ਫ਼ਕੀਰ ਹੋਇਆ ਹੈ।
ਜਬ ਰਾਤਿ ਪਈ ਤਬ ਆਖਿਓਸੁ: ਉਠਹੁ ਜੀ ਸੋਵਹੁ।
ਤਬਿ ਬਾਬੇ ਆਖਿਆ:
ਸਜਣਾ ਇਕ ਸਬਦੁ ਖੁਦਾਇ ਦੀ ਬੰਦਗੀ
ਕਾ ਆਖਿ ਕਰਿ ਸੋਵਹਿਗੇ।
ਤਬਿ ਸੇਖ ਸਜਨਿ ਆਖਿਆ:

Praise be, please go ahead and sing, the night deepens.
Then Nanak said: Mardana, strum the rabab.
Mardana strummed the rabab.
He began to play Raga Suhi.
Guru Nanak sang this hymn:

ਭਲਾ ਹੋਵੈ ਜੀ, ਆਖਹੁ ਜੀ, ਰਾਤਿ ਬਹੁਤੁ ਗੁਜਰਦੀ ਜਾਂਦੀ ਹੈ।
ਤਉ ਬਾਬੇ ਆਖਿਆ: ਮਰਦਾਨਿਆ ਰਬਾਬੁ ਵਜਾਇ।
ਤਾਂ ਮਰਦਾਨੇ ਰਬਾਬੁ ਵਜਾਇਆ।
ਰਾਗ ਸੂਹੀ ਕੀਤੀ।
ਗੁਰੂ ਨਾਨਕ ਸਬਦੁ ਉਠਾਇਆ:

Black sparkles the bronze, but rub it
thou and its black comes off:
Wash it as well as thou may,
but its inner impurity goeth not. [1]
He alone, O dear, is our friend who goeth
along with us in the Yond,
And wherever is the account (of deeds) asked from us,
thither he stands (as our pledge). [1-Pause]
The houses and mansions may they
be painted from without,
But, if they crash but once, they are of no avail, for,
they are a yawning emptiness from within. [2]
The heron is robed in white feathers and abideth
he on a pilgrim-station,
But he devoureth life like a devil; how can then his
whiteness proclaim his purity? [3]
My body is like the Simmul-tree, and men are
taken in by my vain majesty.
But as are its fruits fruitless, so are
my 'virtues' without virtue. [4]
The blind one is carrying a load uphill
on a long winding road,
But his eyes see not the way: O how shall he
then reach his destined end? [5]
Of what avail is any other Service
or goodness or wisdom
Save the Lord's Name? So Cherish thou it, O Nanak,
that thy bonds are snapped.

ਉਜਲੁ ਕੈਹਾ ਚਿਲਕਣਾ
ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ
ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ
ਚਲਦਿਆ ਨਾਲ ਚਲੰਨ੍ਹਿ॥
ਜਿਥੈ ਲੇਖਾ ਮੰਗੀਐ
ਤਿਥੈ ਖੜੇ ਦਿਸੰਨਿ॥੧॥ ਰਹਾਉ॥
ਕੋਠੇ ਮੰਡਪ ਮਾੜੀਆ
ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨ੍ਹੀ
ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ
ਤੀਰਥ ਮੰਝਿ ਵਸੰਨ੍ਹ॥
ਘੁਟਿ ਘੁਟਿ ਜੀਆ ਖਾਵਣੇ
ਬਗੇ ਨ ਕਹੀਅਨ੍ਹ॥੩॥
ਸਿੰਮਲ ਰੁਖੁ ਸਰੀਰੁ ਮੈ
ਮੈਜਨ ਦੇਖਿ ਭੁਲੰਨ੍ਹਿ॥
ਸੇ ਫਲ ਕੰਮਿ ਨ ਆਵਨ੍ਹੀ
ਤੇ ਗੁਣ ਮੈ ਤਨਿ ਹੰਨ੍ਹਿ॥੪॥
ਅੰਧੁਲੈ ਭਾਰੁ ਉਠਾਇਆ
ਡੂਗਰ ਵਾਟ ਬਹੁਤੁ॥
ਅਖੀ ਲੋੜੀ ਨਾ ਲਹਾ
ਹਉ ਚੜਿ ਲੰਘਾ ਕਿਤੁ॥੫॥
ਚਾਕਰੀਆ ਚੰਗਿਆਈਆ
ਅਵਰ ਸਿਆਣਪ ਕਿਤੁ॥
ਨਾਨਕ ਨਾਮੁ ਸਮਾਲਿ
ਤੂੰ ਬਧਾ ਛੁਟਹਿ ਜਿਤੁ॥੬॥੧॥੩॥

Having heard, Sajjan attained realisation.
Upon reflection, he realized his crimes.
He walked up and fell at Nanak's feet,
and kissed them.
Said: Master, forgive my sins.
Then Nanak said:
Shaikh Sajjan, at God's door there are
two ways that sins are forgiven.

ਤਬ ਦਰਸਨ ਕਾ ਸਦਕਾ ਬੁਧਿ ਹੋਇ ਆਈ।
ਜਾਂ ਵੀਚਾਰੇ ਤਾਂ ਸਭ ਮੇਰੇ ਗੁਨਾਹ ਸਹੀ ਹੈਨਿ।
ਤਬਿ ਆਇ ਉਠਿ ਕਰਿ ਪੈਰੀ ਪਇਆ,
ਪੈਰਿ ਚੁੰਮਿਓਸੁ।
ਆਖਿਓਸੁ: ਜੀਉ ਮੇਰੇ ਗੁਨਾਹ ਫਦਲ ਕਰਿ।
ਤਬ ਬਾਬੇ ਆਖਿਆ:
ਸੇਖ ਸਜਨੁ, ਖੁਦਾਇ ਕੀ ਦਰਗਾਹ
ਦੁਹੁ ਗਲੀ ਗੁਨਾਹ ਫਦਲੁ ਹੋਂਦੇ ਹਿਨਿ।



Shaikh Sajjan, pleading, requested:
Master, please reveal the methods
of forgiveness to me.
Guru Nanak benevolently replied:
Recount the murders you have committed.
Shaikh Sajjan began honestly recounting.
He said: Master, my sins are too many.
Guru Nanak replied:
Bring out all that you stole from them.
Shaikh Sajjan complied with his order
and brought out all his loot,
and distributed it in God's name.
And began chanting 'guru, guru'.
Changed his name, became a Sikh.
The first dharamsal was established thus.

ਤਬਿ ਸੇਖ ਸਜਨੁ ਅਰਜੁ ਕੀਤੀ, ਆਖਿਓਸੁ:
ਜੀ ਉਹੀ ਗਲ ਕਰੁ ਜਿਨੀ ਗਲੀਂ
ਗੁਨਾਹ ਫਦਲ ਹੋਂਦੇ ਹੈਨ।
ਤਬ ਗੁਰੂ ਨਾਨਕ ਮਿਹਰਵਾਨੁ ਹੋਇਆ,
ਆਖਿਓਸੁ: ਸਚੁ ਕਹੁ ਜੋ ਤੈ ਖੂਨ ਕੀਤੇ ਹੈਨਿ?
ਤਬਿ ਸੇਖ ਸਜਨ ਲਾਗਾ ਸਚੋ ਸਚ ਬੋਲਣ।
ਕਹਿਓਸੁ: ਜੀ ਬਹੁਤ ਪਾਪ ਕੀਤੇ ਹੈਨ।
ਤਬਿ ਗੁਰੂ ਨਾਨਕ ਆਖਿਆ:
ਜੋ ਕਛੁ ਉਨਕੀ ਬਸਤੁ ਰਹੀ ਹੈ ਸੋ ਘਿੰਨਿ ਆਉ।
ਤਬਿ ਸੇਖ ਸਜਨ ਹੁਕਮੁ ਮੰਨਿਆ,
ਬਸਤੁ ਲੈ ਆਇਆ,
ਖੁਦਾਇ ਕੇ ਨਾਇ ਲੁਟਾਈ।
ਗੁਰੂ ਗੁਰੂ ਲਾਗਾ ਜਪਣਿ।
ਨਾਉਂ ਧਰੀਕ ਸਿੱਖ ਹੋਆ।
ਪਹਿਲੀ ਧਰਮਸਾਲ ਓਥੇ ਬੱਧੀ॥

## Palanquin of Shaikh Bajeed

During the travels one day
they encountered Shaikh Bajeed Syed.
The palanquin-bearers put down
his palanquin under the trees
The bearers were all bare-footed and bare-chested.
The bearers began to massage the feet
and legs of the Shaikh.
Mardana asked: Nanak, if God is one
what is all this?
Nanak laughed and said:
Mardana, austerities of meditation lead to kingship,
and kingship leads to hell.
In his previous life he must have
undergone great austerities
causing his limbs and bones to suffer greatly
this life he came to get them massaged
He will surely attain hell.

## ਸੇਖ ਬਜੀਦ ਦੀ ਪਾਲਕੀ

ਉਦਾਸੀਆਂ ਦੇ ਰਾਹ 'ਤੇ ਇਕ ਦਿਨ
ਸੇਖ ਬਜੀਦ ਸਈਅਦ ਮਿਲਿਆ।
ਕਹਾਰਾਂ ਨੇ ਇਕ ਰੁੱਖ ਹੇਠਾਂ
ਪਾਲਕੀ ਲਿਆ ਉਤਾਰੀ।
ਕਹਾਰਾਂ ਦੇ ਪੈਰ ਵੀ ਨੰਗੇ ਸਨ ਤੇ ਪਿੰਡੇ ਵੀ।
ਕਹਾਰ ਸੇਖੁ ਦੀਆਂ ਲੱਤਾਂ
ਤੇ ਪੈਰ ਘੁੱਟਣ ਲੱਗੇ।
ਮਰਦਾਨੇ ਪੁੱਛਿਆ: ਨਾਨਕ ਜੀ ਖੁਦਾਇ ਇਕ ਹੈ
ਤਾਂ ਫਿਰ ਇਹ ਕੀ?
ਨਾਨਕ ਜੀ ਹੱਸ ਪਏ, ਕਹਿਣ ਲੱਗੇ:
ਮਰਦਾਨਿਆ, ਤਪੋਂ ਰਾਜ
ਰਾਜੋਂ ਨਰਕ।
ਪਿਛਲੇ ਜਨਮ
ਇਹ ਤਪੀਆ ਹੋਣਾ
ਤਪ ਕਰਦਿਆਂ ਇਹ ਦੇ ਹੱਡ ਪੈਰ ਹੰਭ ਗਏ ਹੋਣੇ
ਇਸ ਜਨਮ ਘੁਟਾਉਣ ਆਇਆ
ਨਰਕ ਪਾਵੇਗਾ

## Pandit Chatur Das

Chatur Das, Pandit of Benares
said to Nanak:
O devotee, you have no icon
no basil garland
no rosary
no sandalwood mark on your forehead

## ਪੰਡਿਤ ਚਤੁਰ ਦਾਸ

ਬਨਾਰਸ ਕਾ ਪੰਡਿਤ ਚਤੁਰ ਦਾਸ
ਨਾਨਕ ਜੀ ਨੂੰ ਕਹਿਣ ਲੱਗਾ:
ਹੇ ਭਗਤ, ਤੇਰੇ ਸਾਲਗਿਰਾਮ ਨਾਹੀਂ
ਤੁਲਸੀ ਕੀ ਮਾਲਾ ਨਾਹੀਂ
ਸਿਮਰਣੀ ਨਾਹੀਂ
ਗੋਪੀ ਚੰਦਨ ਕਾ ਟਿੱਕਾ ਨਾਹੀਂ

but you call yourself a devotee
what style of devotion is this?

ਅਤੇ ਤੂੰ ਭਗਤ ਕਹਾਂਵਦਾ ਹੈਂ
ਸੋ ਤੁਮ ਕਿਆ ਭਗਤੀ ਪਾਈ ਹੈ?

Baba Nanak said: Mardana strum the rabab.
Mardana strummed the rabab.
In Raga Basant
Nanak sang this hymn:

ਤਬ ਬਾਬੇ ਨੇ ਆਖਿਆ: ਮਰਦਾਨਿਆ ਰਬਾਬ ਵਜਾਇ।
ਮਰਦਾਨੇ ਰਬਾਬ ਵਜਾਇਆ।
ਰਾਗ ਬਸੰਤ ਕੀਤਾ
ਬਾਬੇ ਸਬਦ ਉਠਾਇਆ:

O Brahmin, make God thy image and
Right Conduct thy rosary of Tulsi,
And build the Boat of the Lord's Name and
pray: "O God, be Merciful to me".
Why waterest thou the Barren Lands
and wastest thus thy life,
The Wall of Mud will surely fall,
plaster it as well as one may.
Make (Service with) the hands thy persian wheel,
and the chain and the buckets, and yoke thy
mind, like the bullock, to run it,
And then irrigate thy body with God's Nectar,
and then the Gardener Owneth thee.

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ
ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ
ਦਇਆ ਕਰਹੁ ਦਇਆਲਾ॥੧॥
ਕਾਹੇ ਕਲਰਾ ਸਿੰਚਹੁ
ਜਨਮ ਗਵਾਵਹੁ॥
ਕਾਚੀ ਢਹਗਿ ਦਿਵਾਲ
ਕਾਹੇ ਗਚੁ ਲਾਵਹੁ॥੧॥ਰਹਾਉ॥
ਕਰ ਹਰਿਹਟ ਮਾਲ ਟਿੰਡ
ਪਰੋਵਹੁ ਤਿਸੁ ਭੀਤਰਿ
ਮਨੁ ਜੋਵਹੁ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ
ਤਉ ਮਾਲੀ ਕੇ ਹੋਵਹੁ॥

## Acclaimed as a True Yogi

## ...ਜੋਗੀ ਕਹੀਐ ਸੋਈ

They reached Gorakh Math
and came and sat under a banyan tree.
The banyan tree had been dead for many years
The Divine Renunciants asked him: child,
whose disciple are you?
Who is your guru?
From whom did you receive initiation?
Nanak told them: my Guru is He who
resides everywhere
I sing praises unto him:

ਗੋਰਖ ਮਤੇ ਪਹੁਤੇ
ਤਾਂ ਇਕ ਬੜ ਥੱਲੇ ਆ ਬੈਠੇ।
ਬੜ ਸੁਕਾ ਖੜਾ ਸਾ ਕਈ ਬਰਸਾਂ ਕਾ
ਸਿੱਧਾਂ ਨੇ ਪੁੱਛਿਆ: ਹੇ ਬਾਲਕੇ
ਤੂੰ ਕਿਸ ਕਾ ਸਿਖ ਹੈ?
ਤੇਰਾ ਕਉਣ ਗੁਰੂ ਹੈ?
ਦੀਖਿਆ ਤੈਂ ਕਿਸ ਤੇ ਲਈ ਹੈ?
ਨਾਨਕ ਜੀ ਕਿਹਾ: ਮੇਰਾ ਗੁਰੂ ਓਹੀ ਹੈ,
ਜੋ ਸਰਬ ਥਾਂਈਂ ਵਸਿਆ ਹੋਇਆ ਹੈ
ਮੈਂ ਉਸ ਦੇ ਹੀ ਗੁਣ ਗਾਉਂਦਾ ਹਾਂ:

O my Loved One, I know not Thy end:
Thou Pervadest the earth, the waters and
the interspace: yea, Thou Fillest all.

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰ ਲੀਣਾ
ਤੂੰ ਆਪੇ ਸਰਬ ਸਮਾਣਾ॥੧॥ਰਹਾਉ॥

Then the Renunciants said:
Child, become a Yogi
To be able to see God you must practice the austerities
Then Nanak sang this hymn in Raga Suhi:

ਤਬ ਸਿੱਧਾਂ ਆਖਿਆ:
ਬਾਲਕੇ ਤੂੰ ਜੋਗੀ ਹੋਇ
ਦਰਸਨ ਭੇਖ ਲੇਇ।
ਤਬ ਬਾਬੇ ਸਬਦ ਉਠਾਇਆ ਰਾਗੁ ਸੂਹੀ ਵਿਚ:




Yoga is neither in the patched coat, nor in the
Yogi's staff, nor in besmearing oneself with ashes.
Nor in wearing the ear-rings, nor close-cropping the head,
nor in blowing the horn;
If one remaineth Detached in the midst of attachments,
one attaineth to the (true) state of Yoga.

ਜੋਗੁ ਨ ਖਿੰਥਾ ਜੋਗੁ ਨ ਡੰਡੈ
ਜੋਗੁ ਨ ਭਸਮ ਚੜ੍ਹਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ
ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੧॥

One becometh not a Yogi by mere talk.
If one looketh upon all the creation alike,
he, yea, is acclaimed as a true Yogi.

ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥੧॥ਰਹਾਉ॥

Yoga is not in abiding at the tombs or the
crematoriums, nor in entering into a pseudo-trance.
Yoga consists not in roaming the world, nor
in bathing at the pilgrim-stations.

ਜੋਗੁ ਨ ਬਾਹਰਿ ਮੜੀ ਮਸਾਣੀ
ਜੋਗੁ ਨਾ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ
ਜੋਗੁ ਨ ਤੀਰਥਿ ਨਾਈਐ॥

If one remaineth Detached in the midst of attachments then,
verily, one attaineth to the (true) state of Yoga.

ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੨॥

If one meeteth with the perfect Guru, one's Doubt is shattered, and cease the outgoings of one's mind;
And then oozeth (Nectar) out of the (mind's) spring and one is Attuned to the Music of Bliss, and one See-eth one's Lord in one's very Home.
If one remaineth Detached in the midst of attachments then,
verily, one attaineth to the (true) state of Yoga.

ਸਤਿਗੁਰੁ ਭੇਟੈ ਤਾਹ ਸਹਸਾ ਤੂਟੈ
ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ
ਸਹਜ ਧੁਨਿ ਲਾਗੈ
ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ
ਜੋਗ ਜੁਗਤਿ ਇਵ ਪਾਈਐ॥੩॥

Sayeth Nanak: "Die thou to thy self while yet alive;
yea, practise thou such a Yoga,
That without being blown, the horn ringeth and one Attaineth to the state of fearlessness.
Yea, if one remaineth Detached in the midst of
attachments then, verily, one attaineth
to the (true) state of Yoga.

ਨਾਨਕ ਜੀਵਤਿਆ ਮਰਿ ਰਹੀਐ
ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ
ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ
ਨਿਰੰਜਨਿ ਰਹੀਐ
ਜੋਗ ਜੁਗਤਿ ਤਉ ਪਾਈਐ॥੪॥੧॥੮॥

Then the Renunciants exclaimed:
here is a great holy man
who's mere presence brings a dead tree
back to burgeoning life.

ਤਬ ਸਿਧਾਂ ਆਦੇਸੁ ਆਦੇਸੁ ਕੀਤਾ
ਜੋ ਇਹੁ ਕੋਈ ਮਹਾ ਪੁਰਖ ਹੈ
ਜਿਸ ਕੇ ਬੈਠਣੇ ਕੇ ਸਾਥਿ ਬੜ
ਹਰਿਆ ਹੋਆ ਭੰਡਾਰੇ ਕਾ॥

## Gaze

## ਦ੍ਰਿਸ਼ਟੀ

One day they encountered Thugs on the road
Seeing Nanak, they said:
someone with such a glorious countenance
will not be poor
he surely possesses great wealth
it's just well-hidden.
The Guru asked them: who be you?
The Thugs replied:
we're thugs come to take your life.
Nanak said: Bless you,
do one thing before you kill me.
The Thugs asked: what would that be?
Then Baba Nanak said to them:
Do you see that smoke in the distance?
Bring fire from there, and cremate me after you kill me.
The Thugs replied: what business have we with fire
we murder and move on.
Then one of them remarked: we've

ਇਕ ਵਾਰ ਪੈਂਡੇ ਵਿਚ ਠੱਗ ਮਿਲ ਗਏ
ਦੇਖਿ ਕਰ ਆਖਿਓਨ:
ਜਿਸ ਦੇ ਮੁਹੁ ਪਰ ਐਸੀ ਜੋਤਿ ਹੈ
ਸੋ ਖ਼ਾਲੀ ਨਹੀਂ
ਇਸ ਦੇ ਪੱਲੇ ਬਹੁਤ ਦੌਲਤ ਹੈ
ਪਰ ਗੁੱਝੀ ਹੈ।
ਗੁਰੂ ਪੁੱਛਿਆ: ਤੁਸੀ ਕਵਨ ਅਸਹੁ?
ਤਬਿ ਉਇ ਕਹਿਨ:
ਅਸੀਂ ਠੱਗ ਹਾਂ ਤੇਰੇ ਮਾਰਣੁ ਕਉ ਆਏ ਹਾਂ।
ਤਬ ਬਾਬੇ ਆਖਿਆ:
ਭਲਾ ਹੋਵੈ ਇਕਿ ਕੰਮੁ ਕਰਿ ਕੈ ਮਾਰਹੁ।
ਤਬਿ ਓਨਾ ਕਹਿਆ: ਕੰਮ ਕੇਹਾ ਹੈ?
ਤਬ ਬਾਬੇ ਕਿਹਾ:
ਓਹੁ ਜੋ ਧੂੰਆਂ ਨਦਰ ਆਂਵਦਾ ਹੈ
ਹਾਂ ਤੇ ਆਗ ਲੈ ਆਵਹੁ, ਮਾਰਿ ਦਾਗੁ ਦੇਹੁ।
ਤਬਿ ਠੱਗਾਂ ਆਖਿਆ: ਕਹਾਂ ਆਗ ਕਹਾਂ ਹਮ।
ਮਾਰਿ ਦੂਰ ਕਰਹਿ।
ਤਬਿ ਇਕਨਾ ਆਖਿਆ:



murdered many lives
but none has ever smiled and said come kill me.

So two thugs ran to fetch fire.
Up ahead they saw a burning pyre.
And two beings from heaven and the netherworld
stood quarreling beside it.
The thugs asked them: who are you?
One said: I'm from the netherworld
according to God's decree
here to take this soul down to hell.
And then this being from heaven arrived
and wants to snatch this soul from me.
They asked him why he wanted
to snatch the soul.
The heavenly being answered:
this man was a great sinner
consigned to the lowest hell
but that sublime guru who you want to kill


ਅਸਾਂ ਬਹੁਤ ਜੀਅ ਮਾਰੇ ਹੈਨ
ਪਰ ਹਸ ਕਰ ਕਿਸੇ ਨਹੀਂ ਕਿਹਾ ਜੋ ਮਾਰ।


ਤਬ ਦੁਇ ਠੱਗ ਦੌੜੇ ਅੱਗ ਨੂੰ।
ਜਬ ਜਾਵਣ ਤਾਂ ਅੱਗੇ ਚਿਖ਼ਾ ਪਈ ਬਲਦੀ ਹੈ।
ਤੇ ਰਾਮ ਗਣ ਤੇ ਜਮ ਗਣ
ਖੜੇ ਝਗੜਦੇ ਹੈਂ।
ਤਬਿ ਠੱਗਾਂ ਪੁੱਛਿਆ: ਤੁਸੀਂ ਕਵਨ ਹਉ?
ਤਬਿ ਉਨ੍ਹਾਂ ਕਿਹਾ: ਅਸੀਂ ਜਮ ਗਣ ਹਾਂ।
ਆਗਿਆ ਪਾਇ ਪਰਮੇਸਰ ਕੀ
ਇਸ ਜੀਅ ਕਉ ਕੁੰਭੀ ਨਰਕਿ ਲੈ ਚਾਲੇ ਹੈਂ।
ਅਤੇ ਇਹ ਪਿਛਹੁੰ ਰਾਮ ਗਣ ਆਏ ਹਨਿ,
ਅਸਾਂ ਤੈ ਖਸ ਲੈ ਚਲੇ ਹੈਂ।
ਤੁਮ ਪੁਛੋ ਜੋ ਕਿਉਂ ਖਸ ਲੈ ਚਲੇ ਹੈਂ।
ਤਬ ਰਾਮ ਗਣਾਂ ਆਖਿਆ:
ਇਹ ਮਹਾਂ ਪਾਪੀ ਥਾ।
ਇਸਨੂੰ ਕੁੰਭੀ ਨਰਕ ਮੈ ਦੇਣਾ ਥਾ,
ਪਰ ਜਿਸੁ ਗੁਰੂ ਪਰਮੇਸਰ ਕਉ ਤੁਮ ਮਾਰਣਿ ਆਏ ਹੋ
ਤਿਸਕੀ ਦ੍ਰਿਸ਼ਟੀ ਇਸ ਕੀ

his gaze happened to fall on the smoke
from this sinner's funeral pyre
changing this sinner's destination to paradise.
Hearing this the Thugs ran back
Exclaiming: a man whose gaze
falling on funeral smoke
can wash clean the sins of the dead
how dare we try to kill him.
Then they all fell at Nanak's feet.
And bowed with folded hands before him.
They beseeched him:
Master please grant us new names
and destroy our sins.
We have committed countless grave crimes.
Guru Nanak with great benevolence
said: your sins will only be destroyed
if you abandon this path and
start doing good deeds
and whatever ill-gotten gains you have
you give them away in God's name
and feed ascetics and devotees.
The thugs embraced this advice
started chanting 'guru, guru'
and were redeemed.

### The Holy Dock

Pakpattan Sharif
The famous sacred site of sufis of the
Chisti silsilah (order).
The most prominent dargah of Baba Shaikh Farid,
born in the twelfth century
where thousands arrive for pilgrimage
having crossed the Satluj to dock at this door
giving the place the name
of Pak Pattan, or holy dock,
Which, over time, was
colloquialized into Pakpatan.
When Baba Nanak and Bhai Mardana arrived here
The twelfth descendant of Baba Farid
Shaikh Ibrahim headed the order.
Baba Nanak set up camp outside the dargah.
One day Shaikh Ibrahim's disciple Kamil





ਚਿਖਾ ਕਾ ਧੂੰਆਂ ਪਿਆ ਹੈ
ਤਿਸਕਾ ਸਦਕਾ ਬੈਕੁੰਠ ਕਉ ਪ੍ਰਾਪਤ ਭਇਆ ਹੈ।
ਤਬਿ ਠੱਗ ਸੁਣਤੇ ਹੀ ਦਉੜੇ ਆਏ।
ਆਖਿਓ ਨੇ ਜਿਸ ਕੀ ਦ੍ਰਿਸ਼ਟੀ ਧੂਏਂ ਪਰ ਪਵਤੇ ਸਾਰ
ਮੁਕਤਿ ਪਰਾਪਤਿ ਭਇਆ ਹੈ
ਤਿਸ ਕੈ ਮਾਰਣੈ ਕਉ ਹਮ ਆਏ ਹੈਂ।
ਤਬਿ ਉਹ ਆਇ ਪੈਰੀ ਪਏ।
ਹਾਥਿ ਜੋੜ ਖੜੇ ਹੋਏ।
ਲਗੇ ਬੇਨਤੀ ਕਰਣਿ, ਆਖਿਓਨੇ:
ਜੀ ਅਸਾਂ ਕਉ ਨਾਉਂ ਧਰੀਕ ਕਰ।
ਅਸਾਡੇ ਪਾਪ ਬਿਨਾਸ ਕਰਿ।
ਅਸਾਂ ਮਹਾਂ ਘੋਰ ਪਾਪ ਕਮਾਏ ਹੈਂ।
ਤਬ ਗੁਰੂ ਨਾਨਕ ਮਿਹਰਵਾਨ ਹੋਆ।
ਆਖਿਓਸੁ: ਤੁਸਾਡੇ ਪਾਪ
ਤਬ ਹੀ ਬਿਨਾਸੁ ਹੋਵਨਿ,
ਜਾ ਇਹ ਕੰਮ ਛੋਡਹੁ ਕਿਰਤ ਕਰਹੁ।
ਅਤੇ ਜੋ ਕੁਛ ਵਸਤੁ ਰਹਦੀ ਹੈ,
ਸੋ ਪਰਮੇਸਰ ਕੇ ਨਾਉਂ ਦੇਹੁ,
ਅਤੀਤਾਂ ਭਗਤਾਂ ਦੇ ਮੁਹ ਪਾਵਹੁ।
ਤਬਿ ਓਨ੍ਹਾਂ ਆਗਿਆ ਮੰਨ ਲਈ।
ਗੁਰੂ ਗੁਰੂ ਲਗੈ ਜਪਣਿ।
ਜਨਮੁ ਸਵਾਰਿਆ॥

## ਪਾਕ ਪੱਤਣ

ਪਾਕਪਟਨ ਸ਼ਰੀਫ਼
ਚਿਸ਼ਤੀ ਸਿਲਸਿਲੇ ਦੇ ਸੂਫ਼ੀਆਂ ਦਾ
ਪ੍ਰਸਿੱਧ ਪਾਵਨ ਸਥਾਨ।
ਬਾਰ੍ਹਵੀਂ ਸਦੀ ਵਿਚ ਜਨਮੇ ਬਾਬਾ ਸ਼ੇਖ਼ ਫ਼ਰੀਦ
ਦੀ ਵੱਡੀ ਮਾਨਤਾ ਵਾਲੀ ਦਰਗਾਹ
ਜਿਸ ਦੀ ਜ਼ਿਆਰਤ ਲਈ
ਹਜ਼ਾਰਾਂ ਲੋਕ ਆਉਂਦੇ
ਸਤਿਲੁਜ ਨੂੰ ਜਿਹੜੇ ਪੱਤਣ ਤੋਂ
ਪਾਰ ਕਰ ਕੇ ਉਹ ਇਸ ਦਰ ’ਤੇ ਪਹੁੰਚਦੇ
ਉਸ ਦਾ ਨਾਮ ਪਾਕ ਪੱਤਣ ਪਿਆ
ਏਹੀ ਮੁਕੱਦਸ ਪਾਕ ਪੱਤਣ ਹੀ ਜ਼ਬਾਨ ਦੀ
ਰਵਾਨੀ ਨਾਲ ਪਾਕਪਟਨ ਹੋ ਗਿਆ।
ਜਦੋਂ ਬਾਬਾ ਨਾਨਕ ਤੇ ਭਾਈ ਮਰਦਾਨਾ ਏਥੇ ਗਏ
ਓਦੋਂ ਬਾਬਾ ਸ਼ੇਖ਼ ਫ਼ਰੀਦ ਦਾ ਬਾਰ੍ਹਵਾਂ ਵਾਰਿਸ
ਸ਼ੇਖ਼ ਇਬਰਾਹੀਮ ਗੱਦੀ ਨਸ਼ੀਨ ਸੀ।
ਬਾਬਾ ਨਾਨਕ ਨੇ ਦਰਗਾਹ ਦੇ
ਬਾਹਰਵਾਰ ਡੇਰਾ ਲਾ ਲਿਆ।
ਇਕ ਦਿਨ ਸ਼ੇਖ਼ ਇਬਰਾਹੀਮ ਦਾ ਮੁਰੀਦ ਕਾਮਿਲ

went to the jungle to collect firewood
from within the jungle he heard
strains of the rabab and singing.

Kamil's soul was electrified.
The firewood fell from his hands.

He ran in the direction the sound came from
He stood at a distance and kept listening
so as not to disrupt the music and thought.

When the music ebbed
he gathered what he could
of scattered twigs and melted soul and
returned to his Pir.
Pir! He revealed what had happened.
The Pir told him: Okay, ask him two questions for me.
The first question being:
God is one and the paths are two,
which path is the right one?
The second question:
under what knife can a man be ritually
slaughtered as prescribed
and be accepted at God's door?



Guru Nanak replied:
God is one and the path is one
and the path is called Truth.

And of the steel of Truth is made the knife
and it is forged of wonder
it's edge is honed on the whetstone of the Word
this knife rests in the scabbard of virtue
a man sacrificed to this knife
shedding the lure of greed
only then can he enter God's door.

If Truth be the knife and Truth its steel,
Then whatever it cutteth (for oneself)
is of infinite Glory,

Yea, if it be sharpened on the whetstone of the Word,
And kept safe in the Sheath of Virtue,

ਜੰਗਲ ਵਿਚੋਂ ਲੱਕੜਾਂ ਲੈਣ ਗਿਆ
ਜੰਗਲ ਵਿਚੋਂ ਰਬਾਬ ਦੀ ਧੁਨ
ਅਤੇ ਗਾਉਣ ਦੀ ਆਵਾਜ਼ ਆਈ।

ਕਾਮਿਲ ਦੀ ਰੂਹ ਲਰਜ਼ ਗਈ।
ਲੱਕੜਾਂ ਉਹਦੇ ਹੱਥੋਂ ਕਿਰ ਗਈਆਂ

ਜਿੱਧਰੋਂ ਆਵਾਜ਼ ਆਉਂਦੀ ਸੀ ਓਧਰ ਦੌੜ ਪਿਆ
ਜ਼ਰਾ ਦੂਰ ਖਲੋ ਕੇ ਸੁਣਦਾ ਰਿਹਾ
ਤਾਂ ਜੋ ਸੁਰ ਤੇ ਸੁਰਤੀ ਉੱਖੜੇ ਨਾ।



ਧੁਨੀ ਦੀ ਰਿਮਝਿਮ ਥੰਮੀ
ਤਾਂ ਜਿੰਨੀਆਂ ਕੁ ਚੁਗੀਆਂ ਸਨ,
ਲੱਕੜੀਆਂ ਤੇ ਪਿਘਲਿਆ ਦਿਲ ਲੈ ਕੇ
ਪੀਰ ਕੋਲ ਆ ਗਿਆ
ਪੀਰ ਨੂੰ ਹਾਲ ਸੁਣਾਇਆ।
ਪੀਰ ਨੇ ਕਿਹਾ: ਹੱਛਾ ਤਾਂ ਉਸ ਕੋਲ ਮੇਰੇ ਦੋ ਸੁਆਲ ਲੈ ਜਾ।
ਇਕ ਸੁਆਲ ਆਹਾ:
ਰੱਬ ਇਕ ਹੈ ਤੇ ਦੋ ਰਾਹ,
ਕਿਹੜਾ ਰਾਹ ਸਹੀ ਹੈ?
ਦੂਜਾ ਸੁਆਲ ਹਾ:
ਕਿਹੜੀ ਛੁਰੀ ਨਾਲ ਕੁੱਠਿਆ
ਬੰਦਾ ਹਲਾਲ ਹੋਵੇ
ਤੇ ਰੱਬ ਦੇ ਦਰ ਮਨਜ਼ੂਰ ਹੋਵੇ?

ਨਾਨਕ ਜੀ ਨੇ ਜਵਾਬ ਭੇਜੇ:
ਰੱਬ ਵੀ ਇਕ ਤੇ ਰਾਹ ਵੀ ਇਕ
ਤੇ ਉਸ ਰਾਹ ਦਾ ਨਾਮ ਹੈ ਸੱਚ।

ਤੇ ਸੱਚ ਦੇ ਫ਼ੌਲਾਦ ਤੋਂ ਬਣਦੀ ਹੈ ਉਹ ਛੁਰੀ
ਗਜ਼ਬ ਦੀ ਹੁੰਦੀ ਹੈ ਉਸ ਦੀ ਘਾੜਤ
ਸ਼ਬਦ ਦੀ ਸਾਣ ਤੇ ਚਾੜ੍ਹ ਕੇ ਬਣਦੀ ਹੈ ਉਸ ਦੀ ਧਾਰ
ਗੁਣਾਂ ਦੀ ਮਿਆਨ ਵਿਚ ਰੱਖੀ ਜਾਂਦੀ ਹੈ ਉਹ ਛੁਰੀ
ਓਸੇ ਦਾ ਕੁੱਠਿਆ ਬੰਦਾ ਹਲਾਲ ਹੋਵੇ
ਲਾਲਚ ਦਾ ਲੌਹੂ ਨਿਕਲ ਜਾਵੇ
ਤਉ ਬੰਦਾ ਰੱਬ ਦੇ ਦਰ ਮਨਜ਼ੂਰ ਹੋਵੇ।

ਸਚ ਕੀ ਕਾਤੀ ਸਚੁ ਸਭੁ ਸਾਰੁ॥
ਘਾੜਤ ਤਿਸ ਕੀ
ਅਪਰ ਅਪਾਰ॥

ਸਬਦੇ ਸਾਣ ਰਖਾਈ ਲਾਇ॥
ਗੁਣ ਕੀ ਥੇਕੈ ਵਿਚਿ ਸਮਾਇ॥

Then if the Sheikh surrenders his head to this knife,
His blood of greed floweth out,

ਤਿਸ ਦਾ ਕੁਠਾ ਹੋਵੈ ਸੇਖੁ॥
ਲੋਹੂ ਲਬੁ ਨਿਕਥਾ ਵੇਖੁ॥

And lo, his life is fulfilled and he's yoked to God,
And Mergeth he in God's Vision at the Lord's Gate.

ਹੋਇ ਹਲਾਲੁ ਲਗੈ ਹਕਿ ਜਾਇ॥
ਨਾਨਕ ਦਰਿ ਦੀਦਾਰਿ ਸਮਾਇ॥

The Pir, receiving this reply
received a great relief,
himself came to Nanak
and with great respect brought him to the dargah.

ਪੀਰ ਨੂੰ ਜਵਾਬ ਕੀ ਮਿਲੇ
ਵੱਡਾ ਸਕੂਨ ਮਿਲਿਆ
ਆਪ ਨਾਨਕ ਜੀ ਪਾਸ ਆਇਆ
ਅਦਬ ਅਦਾਬ ਨਾਲ ਦਰਗਾਹ ਤੇ ਲੈ ਕੇ ਗਿਆ।

They sat in discussion for many a day.
Kamil requested to hear the hymn
that he had heard that first day in the wilderness
which had intoxicated his soul:

ਕਈ ਦਿਨ ਮਜਲਸ ਹੋਈ।
ਕਮਾਲ ਨੇ ਓਹੀ ਕਲਾਮ ਸੁਣਾਉਣ ਦੀ ਅਰਜ਼ ਕੀਤੀ
ਜਿਹੜਾ ਉਸ ਨੇ ਉਜਾੜ ਬੀਆਬਾਨ ਵਿਚ ਸੁਣਿਆਂ ਸੀ
ਜਿਸ ਵਿਚ ਉਸ ਦੀ ਰੂਹ ਭਿੱਜ ਗਈ ਸੀ:

Thou, Thyself art the tablet,
Thou Thyself the pen and the script.
Sayeth Nanak: "Thou alone art,
for there is not another."

ਆਪੇ ਪਟੀ ਕਲਮ ਆਪਿ
ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ
ਦੂਜਾ ਕਾਹੇ ਕੂ॥

Saikh Ibrahim presented to Baba Nanak
A copy of Shaikh Farid's verses and writings
and kissed his hand and respectfully saw them off.

ਸ਼ੇਖ਼ ਇਬਰਾਹੀਮ ਨੇ ਬਾਬਾ ਨਾਨਕ ਨੂੰ
ਬਾਬਾ ਫ਼ਰੀਦ ਜੀ ਕੇ ਸਲੋਕਾਂ ਅਰ ਸਬਦਾਂ ਦਾਂ ਉਤਾਰਾ ਨਜ਼ਰ ਕੀਤਾ।
ਦਸਤਬੋਸੀ ਕਰ ਕੈ ਵਿਦਾ ਹੋਏ

## A Strange Town

## ਇਕ ਅਜਬ ਨਗਰ

Along the way
they came to a strange town
whose very name was frightening: worm town.
Entering its environs,
they saw
The trees, bushes and earth all appeared black
Mardana became frightened:
Master, let us leave here
Never have I seen such endless black
take me from here.
Then Guru Nanak said:
Mardana, this is the kingdom of worms
whoever enters the jungle
be it the offspring of animals they'll eat it
be it the spawn of a snake they'll devour it
but no one will touch you.

ਰਾਹ ਵਿਚ
ਇਕ ਅਜਬ ਨਗਰ ਆਇਆ
ਜਿਸ ਦਾ ਨਾਉਂ ਹੀ ਡਰਾਵਣਾ ਸੀ: ਕੀੜ ਨਗਰ
ਉਸ ਦੀ ਜੂਹ ਵਿਚ ਪ੍ਵੇਸ਼ ਪਾਇਆ
ਤਾਂ ਕੀ ਵੇਖਦੇ ਹਨ
ਰੁਖ ਬਿਰਖ ਧਰਤੀ ਸਭ ਸਿਆਹ ਨਜ਼ਰ ਆਵਣ
ਮਰਦਾਨਾ ਭੈਮਾਨ ਹੋਆ:
ਜੀ ਏਥੋਂ ਚੱਲੀਏ
ਐਸਾ ਸਿਆਹ ਅਸੀਂ ਕਦੇ ਨਹੀਂ ਡਿੱਠਾ।
ਏਥੋਂ ਲੈ ਚੱਲ।
ਤਬ ਗੁਰ ਬਾਬੇ ਆਖਿਆ:
ਮਰਦਾਨਿਆ ਏਥੇ ਕੀੜੀਆਂ ਦੀ ਪਾਤਸਾਹੀ ਹੈ
ਭਾਵੇਂ ਕੋਈ ਸਉ ਜੰਗਲ ਵਿਚ ਚਲਾ ਜਾਵੇ
ਜੇ ਕੋਈ ਜਾਨਵਰ ਦਾ ਬੱਚਾ ਹੋਵੇ ਤਾਂ ਖਾਇ ਜਾਵਣ
ਜੇ ਕਿਸੇ ਸੱਪ ਦਾ ਆਂਡਾ ਪੈਦਾ ਹੋਵੇ ਤਾਂ ਖਾਇ ਜਾਵਣ
ਪਰ ਤੇਰੇ ਨੇੜੇ ਕੋਈ ਨਹੀਂ ਆਂਵਦਾ।

| | |
|---|---|
| Master, has anyone else ever even entered here? | ਜੀ ਕਦੀ ਏਥੇ ਕੋਈ ਹੋਰ ਆਇਆ ਭੀ ਹੈ? |
| Mardana asked. | ਮਰਦਾਨੇ ਪੁੱਛਿਆ। |
| One day a king had ascended | ਇਕ ਦਿਨ ਇਕ ਰਾਜਾ ਚੜ੍ਹਿਆ ਸੀ |
| with ninety-two massive armies | ਬਾਨਵੇਂ ਖੂਹਣੀ ਲਸਕਰ ਲੈ ਕੇ |
| he had conquered a kingdom | ਇਕ ਰਾਜ ਉਪਰ ਚੜ੍ਹਿਆ ਸੀ |
| he passed over this land | ਇਸ ਧਰਤੀ ਆਇ ਨਿਕਲਿਆ |
| and happened to meet a worm | ਤਬਿ ਇਕ ਕੀੜੀ ਜਾਇ ਮਿਲੀ |
| who said: | ਕਹਿਣ ਲੱਗੀ: |
| King, you can't pass this way | ਹੇ ਰਾਜਾ ਇਤੁ ਰਾਹਿ ਚਾਲ ਨਾਹੀਂ |
| if you must, then meet my demands. | ਜੇ ਚਲਦਾ ਹੈ ਤਾਂ ਮੇਰੀ ਰਜਾਇ ਵਿਚ ਚਾਲ। |
| The king asked: what is your will? | ਤਬ ਰਾਜੇ ਪੁਛਿਆ: ਤੇਰੀ ਕਿਆ ਰਜਾਇ ਹੈ |
| My will is that you must eat my food to pass. | ਮੇਰੀ ਇਹ ਰਜਾਇ ਹੈ ਜੋ ਮੇਰੀ ਰੋਟੀ ਖਾਇ ਕਰ ਜਾਹ। |
| I'm the king of 52 massive armies | ਮੈਂ ਬਾਵਨ ਖੂਹਣੀ ਕਾ ਰਾਜਾ ਹਾਂ |
| why should I eat your food? | ਮੈਂ ਤੇਰੀ ਰੋਟੀ ਕਿਉ ਕਰ ਖਾਵਾਂ |
| The worm replied: | ਤਬ ਕੀੜੀ ਕਹਿਆ: |
| Otherwise fight me to pass. | ਹੇ ਰਾਜਾ, ਨਾਹੀਂ ਤਾਂ ਜੁਧੁ ਕਰਿ ਕੇ ਜਾਹੇ। |
| Then the king began to fight | ਤਬ ਰਾਜਾ ਜੁਧ ਲਗਾ ਕਰਨ |
| with his 52 armies against the worm. | ਬਾਵਨ ਖੂਹਣੀ ਲੈ ਕੇ ਕੀੜੀ ਸਾਥ। |
| The worm ordered the other worms | ਤਬ ਇਕਨ ਕੀੜੀ ਹੁਕਮ ਕੀਤਾ ਕੀੜੀਆਂ ਤਾਂਈ |
| go and get venom. | ਜਾਇ ਕਰ ਬਿਖ ਲੇਆਵਹੁ। |
| The worms went | ਤਬ ਕੀੜੀਆਂ ਗਈਆਂ |
| and brought venom from the | ਪਾਤਾਲ ਤੋਂ ਬਿਖ ਭਰ |
| netherworld in their mouths. | ਲਿਆਈਆਂ ਮੁਹ ਵਿਚ। |
| Whatever it touched turned to dust. | ਜਿਸ ਨੋ ਲਾਵਣ ਸੁਆਹ ਹੋ ਜਾਵੇ। |
| Mardana | ਹੇ ਮਰਦਾਨਿਆ |
| all 52 massive armies turned to ashes. | ਬਾਵਨ ਖੂਹਣੀ ਲਸਕਰ ਸਭੋ ਮੁਆ। |
| Under God's will | ਪਰਮੇਸਰ ਕੀ ਆਗਿਆ ਸਾਥ |
| only the king remained. | ਇਕੋ ਰਾਜਾ ਰਹਿਆ |
| The worm went up to him and said: | ਤਬ ਉਹ ਕੀੜੀ ਗਈ, ਆਖਿਓਸੁ: |
| O king, listen well | ਹੇ ਰਾਜਾ ਬਾਤ ਸੁਣ |
| now will you eat my food? | ਅਬ ਮੇਰੀ ਰੋਟੀ ਮੰਨਹਿਗਾ? |
| The king stood with folded hands | ਤਬ ਰਾਜਾ ਹੱਥ ਜੋੜ ਖੜਾ ਹੋਆ |
| and said: as you will. | ਆਖਿਓਸੁ: ਭਲਾ ਹੋਵੈ ਜੀ। |
| The worm ordered the other worms | ਤਬ ਉਸ ਕੀੜੀ ਹੁਕਮ ਕੀਤਾ ਕੀੜੀਆਂ ਜੋਗ |
| go fetch amrit (nectar). | ਜਾਹੁ ਅੰਮ੍ਰਿਤ ਲੈ ਆਵਹੁ। |
| There are seven pools of nectar in the netherworld | ਸਤ ਕੁੰਡੀ ਅੰਮ੍ਰਿਤ ਕੇ ਹੈ ਪਾਤਾਲ ਬਿਖੈ |
| and seven pools of venom in the netherworld. | ਸਤ ਕੁੰਡੀ ਬਿਖ ਕੇ ਹੈਂ ਪਾਤਾਲ ਬਿਖੈ |

| | |
|---|---|
| Then those worms went | ਤਬ ਉਹ ਕੀੜੀਆਂ ਗਈਆਂ |
| and brought back nectar in their mouths | ਜਾਇ ਕਰ ਅੰਮ੍ਰਿਤ ਮੁਖੁ ਭਰ ਲੈ ਆਈਆਂ |
| which brings back to life whoever it touches | ਜਿਸ ਕਉ ਲਾਵਨ ਸੋਈ ਉਠਿ ਖੜਾ ਹੋਵੇ |
| the 52 massive armies came back to life | ਬਾਵਨ ਖੂਹਣੀ ਲਸਕਰ ਉਠ ਖੜਾ ਹੋਆ |
| with the grace of God. | ਪਰਮੇਸਰ ਕੀ ਆਗਿਆ ਨਾਲ |

Then the king went to eat a meal
with his 52 armies.
When the meal was served the food was cold
The grass for the horses was old and damp
And the grain was tattered and broken
The king asked:
Why is the meal cold
and the grass rotten and the grain tattered

The worm replied:
O king, a king had come this way before you
and I had served him the same feast

ਤਬ ਰਾਜਾ ਉਠ ਕਰ ਰੋਟੀ ਖਾਵਣ ਗਿਆ
ਬਾਵਨ ਖੂਹਣੀ ਸਾਥ।
ਜਬ ਰੋਟੀ ਮਿਲੀ ਤਾਂ ਠੰਢੀ
ਘੋੜਿਆਂ ਨੋ ਘਾਸ ਮਿਲਿਆ ਤਾ ਭਿੰਨਾ ਹੋਆ
ਦਾਣਾ ਮਿਲਿਆ ਤਾ ਚਿੱਥਿਆ ਹੋਇਆ
ਤਬ ਰਾਜੇ ਪੁੱਛਿਆ:
ਐਸੀ ਰੋਟੀ ਠੰਢੀ ਕਿਉਂ ਮਿਲੀ
ਤੇ ਘਾਸ ਭਿੰਨਾ ਤੇ ਦਾਣਾ ਚਿੱਥਿਆ ਕਿਉਂ?

ਤਬ ਕੀੜੀ ਕਹਿਆ:
ਹੇ ਰਾਜਾ ਅੱਗੇ ਇਕ ਰਾਜਾ ਆਇਆ ਥਾ
ਤਿਸ ਕਉ ਮੈ ਰੋਟੀ ਕੀਤੀ ਆਹੀ



Whatever was left after that meal
I have served to your armies
Whatever grain remained from his horses
that I served to your horses
and the grass left behind by his horses
I have put to your horses.
Then the king went and saw
that the stores were filled to the bursting.
The king's hubris was shattered

Mardana
Never look down on someone
Never be arrogant
God is endless
He can make tigers, hawks, kites and falcons
feed on grass
grant kingship to worms
and turn armies into dust.

ਤਿਸ ਤੇ ਜੋ ਰਹਿਆ ਥਾ
ਸੋ ਮੈ ਤੇਰੇ ਲਸਕਰ ਕਉ ਪਰੋਸਿਆ
ਜੋ ਉਸ ਦੇ ਘੋੜਿਆਂ ਦਾ ਦਾਣਾ ਬਚਿਆ ਥਾ
ਸੋ ਤੇਰੇ ਘੋੜਿਆਂ ਕਉ ਦਿੱਤਾ
ਅਤੇ ਜੋ ਉਸ ਦੇ ਘੋੜਿਆਂ ਦਾ ਘਾਸ ਰਹਿਆ ਥਾ
ਸੋ ਤੇਰੇ ਘੋੜਿਆਂ ਤਾਂਈ ਪਾਇਆ
ਜਬ ਰਾਜਾ ਜਾਇ ਕਰ ਦੇਖੇ
ਤਾ ਆਬਾਰ ਹੀ ਭਰੇ ਪਏ ਹੈਨ
ਤਬਿ ਰਾਜੈ ਕਾ ਅਭਿਮਾਨ ਚੂਰ ਹੋਆ

ਹੇ ਮਰਦਾਨਿਆ
ਕਿਸੀ ਕਉ ਨੀਚ ਸਮਝਣਾ ਨਾਹੀਂ
ਅਹੰਕਾਰ ਕਰਨਾ ਨਾਹੀ
ਪਰਮੇਸਰ ਬੇਅੰਤ ਹੈ
ਉਹ ਸੀਹਾਂ, ਬਾਜਾਂ, ਸ਼ਿਕਰਿਆਂ ਤੇ ਸ਼ਾਹੀਂ ਕੁਹੀਆਂ ਨੋ
ਘਾਹ ਖਲਾ ਸਕਦਾ ਹੈ
ਕੀੜੀਆਂ ਨੋ ਪਾਤਸਾਹੀ ਬਖ਼ਸ਼ ਸਕਦਾ ਹੈ
ਤੇ ਲਸ਼ਕਰਾਂ ਨੋ ਸੁਆਹ ਕਰ ਸਕਦਾ ਹੈ।

Then Guru Nanak sang this hymn
Mardana played the rabab
in delighted accompaniment

ਤਬ ਬਾਬੇ ਰਾਗ ਵਿਚ ਸਬਦ ਉਠਾਇਆ
ਮਰਦਾਨੇ ਵਿਭੋਰ ਹੋਇ
ਰਬਾਬ ਵਜਾਇਆ

(If the Lord Willeth), He may make the tigers
and hawks and kites and falcons to eat grass.
And the grass-eating animals he may
feed on the meats;
He may dry up the beds of the streams
and flood the deserts;
A mere worm he may exalt to kingship and
reduce to dust the armies (arrayed against him).
All creatures live by breathing; but
He may keep one without it, if He Wills.
Nanak, as the True One Willeth, so doth man abide. [1]

ਸੀਹਾ ਬਾਜਾ ਚਰਗਾ ਕੁਹੀਆ
ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ
ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ
ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ
ਲਸਕਰ ਕਰੇ ਸੁਆਹ॥
ਜੇਤੇ ਜੀਅ ਜੀਵਹਿ ਲੈ ਸਾਹਾ
ਜੀਵਾਲੇ ਤਾ ਕਿ ਅਸਾਹ॥
ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥

Then Mardana touched the Guru's feet. Everything was
illuminated. The blackened trees,
bushes and earth turned green and lively again.

ਤਬ ਮਰਦਾਨਾ ਪੈਰੀ ਪਇਆ।
ਸਭ ਚਾਨਣ ਹੋਆ।
ਰੁਖ ਬਿਰਖ ਧਰਤੀ ਹਰੇ ਭਰੇ ਹੋਏ॥

## Kaliyug came to cheat

## ਕਲਜੁਗ ਛਲਣ ਕਉ ਆਇਆ

One day Kaliyug came to cheat them
disguised
when he saw Baba Nanak
A great storm suddenly arose
Trees were tossed by the wind
Mardana became very frightened
Said:
Master
If we die in such wilderness
we'd die without a shroud.
Nanak replied: Mardana
don't be frantic.
Mardana exclaimed: Never have I till today
ever seen a calamity like this
which has come today
to collect our lives.
Then it took the form of Fire.
Such smoke arose from all four sides
all four corners became ablaze
Mardana covered his face and lay down
Then he became water
as clouds amassed

ਇਕ ਵਾਰ ਕਲਜੁਗ ਛਲਣ ਕਉ ਆਇਆ
ਆਇ ਰੂਪ ਧਾਰਿਓਸੁ
ਤਬ ਬਾਬਾ ਦੇਖੈ
ਤਾਂ ਅੰਧੇਰੀ ਬਹੁਤ ਆਈ
ਦਰਖ਼ਤ ਲੱਗੇ ਉਡਣ
ਮਰਦਾਨਾ ਬਹੁਤ ਭੈਮਾਨ ਹੋਇਆ
ਆਖਿਓਸੁ:
ਜੀਉ ਪਾਤਸ਼ਾਹ
ਆਣ ਉਜਾੜ ਵਿਚ ਪਾਏ ਮਾਰਿਓ
ਗੋਰ ਖੱਫਣਹੁ ਭੀ ਗਏ
ਤਬ ਗੁਰੂ ਬਾਬੇ ਕਹਿਆ: ਮਰਦਾਨਿਆ
ਕਾਹਲਾ ਹੋਹੁ ਨਾਹੀ
ਤਬਿ ਮਰਦਾਨੇ ਆਖਿਆ: ਅਜ ਤੋੜੀ ਨਹੀਂ ਹੋਇਆ।
ਇਹ ਬਲਾ ਤਾਂ ਨਾਹੀਂ ਡਿੱਠੀ
ਇਹ ਜੋ ਅੱਜ ਆਇਆ ਹੈ
ਸਾਡੇ ਜੀਅੜੂ ਤਾਂਈ।
ਤਬਿ ਅਗਨਿ ਕਾ ਰੂਪੁ ਦਿਖਾਲਿਆ।
ਜੋ ਧੂੰਆਂ ਚਉਹਾਂ ਧਿਰਾਂ ਤੇ ਉਠਿਆ
ਚਾਰੇ ਕੁੰਡਾਂ ਅਗਨਿ ਹੋਈਆਂ
ਤਬਿ ਮਰਦਾਨਾ ਮੁਹੁ ਢਕਿ ਕੇ ਪੈ ਰਹਿਆ
ਫਿਰ ਪਾਣੀ ਕਾ ਰੂਪੁ ਹੋਆ
ਘਟਾਂ ਬੰਨ੍ਹੁ ਆਇਆ।



| | |
|---|---|
| and poured down | ਲੱਗਾ ਬਰਸਣ ਪਾਣੀ। |
| But could not touch Baba Nanak and Mardana | ਪਰ ਬਾਬੇ ਅਰ ਮਰਦਾਨੇ ਤੇ ਦੂਰਿ ਪਵੈ। |
| Then he became a gigantic ogre | ਤਬਿ ਦੈਤ ਕਾ ਰੂਪੁ ਧਾਰਿ ਆਇਆ |
| towering up to the skies | ਚੋਟੀ ਅਸਮਾਨ ਨਾਲਿ ਕੀਤੀਆਸੁ। |
| The closer he came, the further he shrank | ਜਿਉ ਜਿਉ ਨੇੜੈ ਆਵੈ ਤਿਉ ਤਿਉ ਘਟਦਾ ਜਾਵੇ |
| Until he was as tall as a person | ਤਬਿ ਮਨੁਖ ਕਾ ਸਰੂਪ ਕਰਿ ਕੇ ਆਇਆ |
| and stood there with folded hands | ਹਥਿ ਜੋੜ ਕਰ ਖੜਾ ਹੋਆ। |
| Baba Nanak asked: Brother, who art thou? | ਤਬਿ ਬਾਬੇ ਪੁਛਿਆ: ਭਾਈ ਤੂੰ ਕਉਣ ਹੈਂ? |
| Master, I am Kaliyug | ਮੈਂ ਜੀ ਕਲਿਜੁਗ ਹਾਂ |
| come to meet you | ਅਰ ਤੇਰੇ ਮਿਲਨੇ ਨੋ ਆਇਆ ਹਾਂ |
| You're God's deputy. | ਤੂੰ ਕਰਤਾ ਪੁਰਖ ਕਾ ਵਜ਼ੀਰ ਹੈ। |
| He greeted Baba Nanak and said: | ਤਬਿ ਬਾਬੇਨੂੰ ਨਮਸਕਾਰ ਕੀਤੀ, ਆਖਿਓਸੁ: |
| Please let me offer you something | ਜੀ ਕਿਛੁ ਮੈਂ ਤੇ ਲੇਹੁ |
| I have everything | ਮੇਰੇ ਪਾਸ ਸਭ ਕਿਛੁ ਹੈ |
| If you want I can make temples of pearls | ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਾਰਹ |
| embedded with gems and rubies. | ਰਤਨਾਂ ਤੇ ਲਾਲਾਂ ਦਾ ਜੜਾਉ ਕਰਾਵਾਂ |
| I can bring you the celestial nymphs of Indra | ਇੰਦਰ ਦੀਆਂ ਮੋਹਣੀਆਂ ਲੈ ਆਵਾਂ |
| grant you the power to perform miracles | ਰਿਧੀਆਂ ਸਿਧੀਆਂ ਦੇ ਦੇਵਾਂ |
| or make you a king. | ਸੁਲਤਾਨ ਬਾਦਸ਼ਾਹ ਬਣਾ ਦੇਵਾਂ। |
| | |
| Baba Nanak said: Mardana, strum the rabab. | ਬਾਬੇ ਕਹਿਆ: ਮਰਦਾਨਿਆ ਰਬਾਬ ਵਜਾਇ। |
| Mardana strummed the rabab. | ਮਰਦਾਨੇ ਰਬਾਬ ਵਜਾਇਆ |
| Nanak sang this hymn in Raga Sri Raga: | ਬਾਬੇ ਰਾਗ ਵਿਚ ਸ਼ਬਦ ਉਠਾਇਆ: |
| | |
| If my palace were raised of jewels | ਮੋਤੀ ਤ ਮੰਦਰ ਊਸਰਹਿ |
| and inlaid with rubies, | ਰਤਨੀ ਤ ਹੋਹਿ ਜੜਾਉ॥ |
| And pleasantly plastered with musk | ਕਸਤੂਰਿ ਕੁੰਗੂ ਅਗਰਿ |
| and saffron and sandal-paste, | ਚੰਦਨਿ ਲੀਪਿ ਆਵੈ ਚਾਉ॥ |
| Would then I lose myself and | ਮਤੁ ਦੇਖਿ ਭੂਲਾ ਵੀਸਰੈ |
| forget the Lord's Name? [1] | ਤੇਰਾ ਚਿਤਿ ਨ ਆਵੈ ਨਾਉ॥੧॥ |
| Let my body and soul burn without Thee. | ਹਰਿ ਬਿਨੁ ਜੀਉ ਜਲਿ ਬਲਿ ਜਾਉ॥ |
| There is no abode else for me | ਮੈ ਆਪਣਾ ਗੁਰੁ ਪੂਛਿ ਦੇਖਿਆ |
| but Thine, O Lord! [1-Pause] | ਅਵਰੁ ਨਾਹੀ ਥਾਉ॥੧॥ਰਹਾਉ॥ |
| | |
| If the earth were to be of diamonds, | ਧਰਤੀ ਤ ਹੀਰੇ ਲਾਲ ਜੜਤੀ |
| And my bedstead were strung with rubies, | ਪਲਘਿ ਲਾਲ ਜੜਾਉ॥ |
| And the dancing houri, her face sparkling like | ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥ |
| the shining bead, invited me with her gestures | ਮਤੁ ਦੇਖਿ ਭੂਲਾ ਵੀਸਰੈ ਤੇਰਾ |
| tender, If I were an ascetic centred on Self | ਚਿਤਿ ਨ ਆਵੈ ਨਾਉ॥੨॥ |
| | |
| And possessed the power to perform miracles, | ਸਿਧੁ ਹੋਵਾ ਸਿਧਿ ਲਾਈ |
| And could assume now subtle, now manifest, body, | ਰਿਧਿ ਆਖਾ ਆਉ॥ |
| And the people had faith in me for that, | ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ |

Would then I lose my head and
forget the Lord's Name?

Even if I were a king, a gatherer of armies,
and my seat were on a throne,
And I commanded people about and about,
O, all that would be in vain,
If I forget Thee, O my loved Lord!

Then Kaliyug circumambulated the Guru in reverence,
touched his feet and departed.

## Kodo Millet Bread


When Nanak arrived
Lalo put down the adze in his hand and stood up.
Guru Nanak said:
Sit down Bhai Lalo, keep working.
Bhai Lalo respectfully seated Baba Nanak
and Bhai Mardana and said:
Master, I do not know you, pray introduce yourselves.
Nanak said: Bhai Lalo we are foreigners.
Bhai Lalo said: Master, the whole world is a foreigner.
You seem like decent folk.
Guru Nanak said: Bhai Lalo you already understand
One need only enlighten the ignorant.
Lalo said: Master, only the
Almighty knows his own ways
though I have yet to see the Sadhu Nanak
that has appeared
but to my eyes you seem like him.
Nanak smiled
and Bhai Lalo fell at his feet.
Then he said to Mardana: So it's not difficult
to guess who you are.
If this is Nanak,
then you must be Mardana.

Lalo brought food and placed it before them
Mardana saw that it was kodo millet bread
and a bit of mustard greens.
Mardana looked down on it in his heart.
Then Guru Nanak, being all-seeing
said: Mardana, only if you eat it will you know.

ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥ ੩॥

ਸੁਲਤਾਨੁ ਹੋਵਾ ਮੇਲਿ ਲਸਕਰ
ਤਖਤਿ ਰਾਖਾ ਪਾਉ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥
ਮਤੁ ਦੇਖਿ ਭੂਲਾ ਵੀਸਰੈ
ਤੇਰਾ ਚਿਤਿ ਨ ਆਵੈ ਨਾਉ॥ ੪॥ ੧॥

ਤਬਿ ਕਲਜੁਗ ਪਰਦੱਖਣਾ ਕੀਤੀ।
ਆਇ ਪੈਰੀ ਪਇਆ ਤੇ ਵਿਦਾ ਹੋਇਆ॥



## ਕੋਧਰੇ ਦੀ ਰੋਟੀ

ਨਾਨਕ ਜੀ ਪਹੁੰਚੇ
ਤਾਂ ਲਾਲੋ ਹੱਥੋਂ ਤੇਸਾ ਪਾਸੇ ਰੱਖ ਉਠ ਖੜ੍ਹਾ ਹੋਇਆ।
ਤਾਂ ਗੁਰੂ ਨਾਨਕ ਆਖਿਆ:
ਬੈਠ ਭਾਈ ਲਾਲੋ, ਕਿਰਤ ਕਰ।
ਭਾਈ ਲਾਲੋ ਨੇ ਆਦਰ ਨਾਲ ਗੁਰੂ ਬਾਬੇ
ਤੇ ਭਾਈ ਮਰਦਾਨੇ ਨੂੰ ਬਿਠਾਇਆ ਤੇ ਕਹਿਣ ਲੱਗਾ:
ਜੀ ਮੈਂ ਤੁਹਾਡਾ ਮਹਿਰਮ ਨਾਹੀਂ। ਤੁਸੀ ਜਾਹਰ ਕਰੋ।
ਨਾਨਕ ਕਿਹਾ: ਭਾਈ ਲਾਲੋ ਅਸੀਂ ਪਰਦੇਸੀ ਹਾਂ
ਭਾਈ ਲਾਲੋ ਕਿਹਾ: ਜੀ ਪਰਦੇਸੀ ਤਾਂ ਸਭ ਸੰਸਾਰ ਹੈ।
ਭਲੇ ਲੋਕ ਨਜਰ ਆਂਵਦੇ ਹੋ।
ਗੁਰੂ ਨਾਨਕ ਕਹਿਆ: ਭਾਈ ਲਾਲੋ ਤੂੰ ਜਾਣਦਾ ਹੈਂ।
ਜੇ ਕੋਈ ਅਜਾਣ ਹੋਵੇ ਤਾਂ ਆਖੀਏ।
ਲਾਲੋ ਆਖਿਆ: ਜੀ
ਕਰਤਾਰ ਦੀਆਂ ਕਰਤਾਰ ਜਾਣੇ
ਪਰ ਉਹ ਜੋ ਨਾਨਕ ਸਾਧ ਪਰਗਟ ਹੋਆ
ਹੈ ਸੋ ਡਿੱਠਾ ਨਾਹੀਂ
ਪਰ ਮੈਨੂੰ ਓਹੋ ਜਿਹਾ ਨਜਰ ਆਵਨਾਂ ਹੈਂ।
ਨਾਨਕ ਜੀ ਹੱਸ ਪਏ
ਤਾਂ ਭਾਈ ਲਾਲੋ ਪੈਰੀਂ ਪਇਆ।
ਫਿਰ ਮਰਦਾਨੇ ਨੂੰ ਕਹਿਣ ਲੱਗਾ: ਤਾਂ ਫਿਰ
ਤੁਧ ਨੋ ਬੁੱਝਣਾ ਤਾਂ ਮੁਸਕਲ ਨਾਹੀ।
ਇਹ ਜੋ ਨਾਨਕ ਹੈ
ਤਾਂ ਤੂੰ ਤਾਂ ਫਿਰ ਮਰਦਾਨਾ ਹੀ ਹੈਂ।

ਲਾਲੋ ਲਿਆ ਕੇ ਪ੍ਰਸਾਦਿ ਅਗੇ ਆਣ ਰੱਖਿਆ
ਜਾਂ ਮਰਦਾਨਾ ਦੇਖੇ ਤਾਂ ਕੋਧਰੇ ਦੀ ਰੋਟੀ ਤੇ
ਸਰਸੋਂ ਦੇ ਸਾਗ ਦੀ ਪਿੰਨੀ।
ਮਰਦਾਨੇ ਨੇ ਦਿਲ ਵਿਚ ਗਿਣਤੀ ਕੀਤੀ।
ਤਾਂ ਗੁਰੂ ਨਾਨਕ ਅੰਤਰਜਾਮੀ ਆਹਾ।
ਆਖਿਓਸੁ: ਮਰਦਾਨਿਆ ਖਾਵੇਂਗਾ ਤਾਂ ਜਾਣੇਂਗਾ।

Mardana put a morsel in his mouth
and the taste of nectar burst forth.
Guru Nanak said: Bhai Lalo that which is known
as the ultimate nectar
you have mixed into this food.
Then Lalo bowed his head.

For three days Baba Nanak stayed with Lalo
on the fourth day he said:
Bhai Lalo you have pleased my heart immensely.
May you keep the Lord in your heart
we will take your leave today.
Then Lalo said: Master, where did
my hospitality fall short
that you are now leaving.
Baba Nanak said: Bhai Lalo your hospitality
lacked nothing.
Then please stay at least a month with me
Whatever coarse fare falls to my lot
I will share with you.
Please partake of it.
Guru Nanak said:
Mardana, let us heed his words.
Mardana said: So be it.
So Guru Nanak stayed with Lalo
Each day was spent remembering God
and singing his praises.
Two days later Mardana said:
Since you're going to stay here for a month
with your permission I'll go visit Talwandi.
Guru Nanak said: Mardana you have to stay with us
where do you want to go
Mardana said: I'll come back in a few days.
Guru Nanak said: Go Mardana, but return soon.
Guru Nanak had stayed with Bhai Lalo for a fortnight
When Malik Bhago opened a three day long
grand feast for holy men
All the holy men, yogis and mendicants,
came to partake of this feast
Then Punjoo Brahmin said to Malik Bhago,
only Nanak hasn't come
He's been saying the coarse fare of
carpenter Lalo is nectar.

ਮਰਦਾਨੇ ਟੁੱਕਰ ਭੰਨ ਕੇ ਮੁਹੁ ਪਾਇਆ
ਮਰਦਾਨੇ ਨੂੰ ਅੰਮ੍ਰਿਤ ਦਾ ਸੁਆਦ ਆਇਆ।
ਗੁਰੂ ਨਾਨਕ ਕਿਹਾ: ਭਾਈ ਲਾਲੋ ਕੋਈ
ਮਹਾ ਅੰਮ੍ਰਿਤ ਜੋ ਆਖੀਦਾ ਹੈ
ਸੋ ਤੂੰ ਇਸ ਪ੍ਰਸਾਦ ਵਿਚ ਪਾਇਆ ਹੈ।
ਤਾਂ ਲਾਲੋ ਮੱਥਾ ਟੇਕਿਆ।

ਤਿੰਨ ਦਿਨ ਨਾਨਕ ਜੀ ਲਾਲੋ ਪਾਸ ਰਹੇ
ਚੌਥੇ ਦਿਨ ਆਖਣ ਲੱਗੇ:
ਭਾਈ ਲਾਲੋ ਮਨ ਬਹੁਤ ਪ੍ਰਸੰਨ ਹੋਇਆ।
ਤੁਹਾਨੂੰ ਕਰਤਾਰ ਚਿੱਤ ਆਵੇ
ਅਸਾਨੂੰ ਅੱਜ ਵਿਦਾ ਕਰਹੁ।
ਤਾਂ ਲਾਲੋ ਆਖਿਆ:
ਜੀ ਅਸਾਂ ਵਿਚ ਕੀ ਅਵਗਿਆ ਹੈ
ਜੋ ਸਾਡੇ ਪਾਸੋਂ ਜਾਵੀਂਦਾ ਹੈ
ਤਾਂ ਗੁਰੂ ਨਾਨਕ ਆਖਿਆ: ਭਾਈ ਲਾਲੋ ਤੇਰੇ ਵਿਚ
ਕੋਈ ਅਵੱਗਿਆ ਨਾਹੀ।
ਤਾਂ ਫਿਰ ਇਕ ਮਹੀਨਾ ਤਾਂ ਮੇਰੇ ਕੋਲ ਰਹੋ
ਜੇਹਾ ਰੁਖਾ ਸੁਖਾ ਅਲੂਣਾ ਟੁੱਕਰ ਹੋਸੀ
ਤੁਹਾਡੇ ਅੱਗੇ ਹੈ
ਜਿਉਂ ਕਿਉਂ ਟਿਕੋ।
ਗੁਰੂ ਨਾਨਕ ਜੀ ਕਹਿਣ ਲੱਗੇ:
ਮਰਦਾਨਿਆ ਲਾਲੋ ਦਾ ਆਖਿਆ ਭੀ ਮੰਨੀਏ।
ਮਰਦਾਨੇ ਆਖਿਆ: ਜੀ ਭਲਾ ਹੋਵੇ।
ਲਾਲੋ ਪਾਸ ਗੁਰੂ ਨਾਨਕ ਟਿਕਿਆ
ਨਿਸ ਦਿਨ ਹਰਿ ਚਰਚਾ
ਤੇ ਕੀਰਤਨ ਹੋਵੇ।
ਦੋ ਦਿਨ ਗੁਜ਼ਰੇ ਤਾਂ ਮਰਦਾਨੇ ਆਖਿਆ:
ਤੁਸੀਂ ਤਾਂ ਮਹੀਨਾ ਇਕ ਟਿਕੇ ਹੋ
ਮੈਨੂੰ ਹੁਕਮ ਹੋਏ ਤਾਂ ਮੈਂ ਤਲਵੰਡੀਅਹੁ ਫਿਰ ਆਵਾਂ।
ਗੁਰੂ ਨਾਨਕ ਆਖਿਆ: ਮਰਦਾਨਿਆ ਤੈਨੂੰ ਸਾਡੇ ਪਾਸ ਰਹਿਣਾ ਹੈ
ਤੂੰ ਕਿੱਥੇ ਜਾਂਦਾ ਹੈਂ
ਮਰਦਾਨੇ ਆਖਿਆ: ਜੀ ਮੈਂ ਥੋੜ੍ਹੇ ਦਿਨਾਂ ਵਿਚ ਫਿਰ ਆਵਾਂਗਾ।
ਗੁਰੂ ਨਾਨਕ ਆਖਿਆ: ਜਾਹ ਮਰਦਾਨਿਆ ਪਰ ਝੱਬ ਆਵੀਂ
ਪੰਦ੍ਰਾਂ ਦਿਨ ਗੁਰੂ ਨਾਨਕ ਜੀ ਭਾਈ ਲਾਲੋ ਕੋਲ ਰਹਿਆ
ਤਾਂ ਮਲਕ ਭਾਗੋ ਨੇ
ਤਿੰਨ ਦਿਨ ਦਾ ਬ੍ਰਹਮ ਭੋਜ ਕੀਤਾ
ਸਾਰੇ ਸਾਧੂ ਸੰਤ, ਜੋਗੀ, ਸਨਿਆਸੀ,
ਮਲਕ ਭਾਗੋ ਦਾ ਬ੍ਰਹਮ ਭੋਜ ਛਕ ਆਏ
ਤਾਂ ਪੰਜੂ ਬ੍ਰਾਹਮਣ ਨੇ ਮਲਿਕ ਭਾਗੋ ਨੂੰ ਕਿਹਾ
ਇਕ ਨਾਨਕ ਤਪੀਆ ਨਹੀਂ ਆਇਆ
ਉਹ ਲਾਲੋ ਤਰਖਾਣ ਦੀ ਰੁੱਖੀ ਸੁੱਖੀ ਨੂੰ ਅੰਮ੍ਰਿਤ ਕਹੀ ਜਾਂਦਾ ਹੈ।
ਮਲਿਕ ਭਾਗੋ ਨੂੰ ਇਹ ਆਪਣੀ ਹੱਤਕ ਲੱਗੀ।

Malik Bhago took this as a personal slight.
He sent his men to go bring Baba Nanak.
Nanak said: Blessed be, then let us go
and look at this grand feast of Malik Bhago's today.
Nanak took with him Lalo's kodo millet bread
Malik Bhago's chefs brought out fried dumplings
Baba Nanak held the dumplings in one fist
and the kodo millet bread in the other fist
and squeezed both fists.
The fist with the millet bread dripped drops of milk
while the one with dumplings dripped drops of blood
the whole gathering was ecstatic with awe
Malik Bhago too came and fell at his feet
Baba Nanak said:
If the blood sticks to the clothes,
the clothes are rendered impure;
Will the minds of those be pure
who suck the blood of humans?

ਉਸ ਨੇ ਨਾਨਕ ਜੀ ਲਿਆਉਣ
ਲਈ ਆਪਣੇ ਬੰਦੇ ਭੇਜੇ।
ਨਾਨਕ ਜੀ ਕਿਹਾ: ਭਲਾ ਹੋਵੇ, ਚੱਲਦੇ ਹਾਂ
ਅੱਜ ਮਲਿਕ ਭਾਗੋ ਦਾ ਬ੍ਰਹਮ ਭੋਜ ਭੀ ਦੇਖਦੇ ਹਾਂ।
ਨਾਨਕ ਜੀ ਨੇ ਲਾਲੋ ਦੀ ਕੋਧਰੇ ਦੀ ਰੋਟੀ ਵੀ ਨਾਲ ਲੈ ਲਈ
ਮਲਿਕ ਭਾਗੋ ਦੇ ਰਸੋਈਏ ਕਚੌਰੀਆਂ ਲੈ ਆਏ
ਬਾਬੇ ਨੇ ਇਕ ਮੁੱਠੀ ਵਿਚ ਕਚੌਰੀਆਂ
ਦੂਜੀ ਮੁੱਠੀ ਵਿਚ ਕੋਧਰੇ ਦੀ ਰੋਟੀ ਪਕੜ ਲਈ
ਦੋਹਾਂ ਮੁੱਠੀਆਂ ਨੂੰ ਘੁੱਟਿਆ
ਤਾਂ ਕੋਧਰੇ ਦੀ ਰੋਟੀ ਵਿਚੋਂ ਦੁੱਧ ਦੀਆਂ ਬੂੰਦਾਂ ਸਿੰਮ ਆਈਆਂ
ਤੇ ਕਚੌਰੀਆਂ ਵਿਚੋਂ ਰੱਤ ਸਿੰਮ ਆਈ
ਸਾਰੀ ਖ਼ਲਕਤ ਬਿਸਮਾਦ ਹੋਈ
ਮਲਿਕ ਭਾਗੋ ਵੀ ਆਇ ਪੈਰੀਂ ਪਇਆ।
ਬਾਬੇ ਆਖਿਆ:
ਜੇ ਰਤੁ ਲਗੈ ਕਪੜੈ
ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥

## Wali Kandhari

To the northwest of Islamabad
about 25 miles away, lies the town of Hasan Abdal
Baba Nanak and Bhai Mardana reached here
Mardana felt very thirsty
so Baba Nanak said:
Mardana, climb the peak of this hill
there you'll find
a spring and a tank of water
owned by the Pir Wali Kandhari.
Mardana climbed the hill and requested the Pir
O Pir, I'm a foreigner
and I'm very thirsty
I need two sips of water.
Wali asked him his name and occupation
Mardana replied: Sir, my name is Mardana
I play the rabab for Baba Nanak.
Wali said: that same infidel
who claims he's neither Hindu nor Muslim?
Mardana replied: Sir, Nanak is not a heretic
he is the light of the Almighty
Wali Kandhari got more enraged:
If Nanak is the light of God,

## ਵਲੀ ਕੰਧਾਰੀ

ਇਸਲਾਮਾਬਾਦ ਦੇ ਉੱਤਰ ਪੱਛਮ ਵਿਚ
੨੫ ਕੁ ਮੀਲਾਂ ’ਤੇ ਵਸਦਾ ਹੈ ਸ਼ਹਿਰ ਹਸਨ ਅਬਦਾਲ
ਬਾਬਾ ਨਾਨਕ ਤੇ ਭਾਈ ਮਰਦਾਨਾ ਏਥੇ ਪਹੁੰਚੇ
ਮਰਦਾਨੇ ਨੂੰ ਬਹੁਤ ਪਿਆਸ ਲੱਗੀ
ਤਾਂ ਬਾਬੇ ਆਖਿਆ;
ਮਰਦਾਨਿਆ, ਇਸ ਪਹਾੜੀ ਕੀ ਚੋਟੀ ਚੜ੍ਹ ਜਾ
ਇਸ ’ਤੇ
ਇਕ ਚਸ਼ਮਾ ਅਰ ਇਕ ਹੌਜ਼ ਆਹਾ
ਉਸ ਕਾ ਮਾਲਕ ਇਕ ਪੀਰ ਹਾ ਵਲੀ ਕੰਧਾਰੀ
ਮਰਦਾਨੇ ਚੋਟੀ ਪਰ ਚੜ੍ਹ ਕੈ ਪੀਰ ਨੂੰ ਅਰਜ਼ ਗੁਜ਼ਾਰੀ
ਪੀਰ ਜੀ ਪਰਦੇਸੀ ਹਾਂ
ਪਿਆਸ ਘਣੀ ਆਹੀ
ਦੋ ਘੁੱਟ ਪਾਣੀ ਲੋੜੀਂਦਾ।
ਵਲੀ ਨਾਮ ਅਰ ਪੇਸ਼ਾ ਪੁੱਛਿਆ
ਮਰਦਾਨੇ ਕਹਿਆ: ਜੀ ਮੇਰਾ ਨਾਉਂ ਮਰਦਾਨਾ
ਮੈਂ ਬਾਬਾ ਨਾਨਕ ਦਾ ਰਬਾਬੀ।
ਵਲੀ ਕਹਿਆ: ਓਹੀ ਕਾਫ਼ਰ?
ਜੋ ਕਹੈ ਨਾ ਹਿੰਦੂ ਨਾ ਮੁਸਲਮਾਨ?
ਮਰਦਾਨੇ ਕਹਿਆ: ਜੀ ਨਾਨਕ ਕਾਫ਼ਰ ਨਾਹੀਂ
ਖੁਦਾਇ ਕਾ ਨੂਰ ਹੈ
ਵਲੀ ਕੰਧਾਰੀ ਹੋਰ ਗੁੱਸੇ ਹੋਇਆ:
ਜੇ ਨਾਨਕ ਖੁਦਾਇ ਦਾ ਨੂਰ ਹੈ




| | |
|---|---|
| why does he send you to me for water? | ਤਾਂ ਤੈਨੂੰ ਮੇਰੇ ਕੋਲ ਪਾਣੀ ਮੰਗਣ ਕਿਉਂ ਭੇਜਦਾ ਹੈ? |
| Mardana turned back still thirsty | ਮਰਦਾਨਾ ਪਿਆਸਾ ਮੁੜ ਆਇਆ |
| Baba Nanak heard his tale and said: | ਬਾਬਾ ਨਾਨਕ ਨੇ ਉਸ ਦੀ ਗੱਲ ਸੁਣ ਕੇ ਕਹਿਆ: |
| Mardana go back once more | ਮਰਦਾਨਿਆ ਇਕ ਵਾਰ ਫੇਰ ਜਾ |
| and request the Pir | ਪੀਰ ਅੱਗੇ ਅਰਜ਼ ਗੁਜ਼ਾਰ |
| Say | ਆਖ |
| Water is God's creation, Sir | ਪਾਣੀ ਖ਼ੁਦਾ ਦੀ ਕੁਦਰਤ ਹੈ ਵਲੀ ਜੀਓ |
| and creation is neither Hindu nor Muslim. | ਕੁਦਰਤ ਹਿੰਦੂ ਜਾਂ ਮੁਸਲਮਾਨ ਨਹੀਂ ਹੋਂਦੀ |
| Mardana climbed the hill once more | ਮਰਦਾਨਾ ਫਿਰ ਪਹਾੜੀ ਉੱਪਰ ਗਿਆ |
| Hearing his words, Wali got even angrier | ਵਲੀ ਮਰਦਾਨੇ ਦੀ ਗੱਲ ਸੁਣ ਕੇ ਹੋਰ ਖ਼ਫ਼ਾ ਹੋ ਗਿਆ |
| Has your Pir sent you to me to ask for water, | ਤੇਰੇ ਪੀਰ ਨੇ ਤੈਨੂੰ ਮੇਰੇ ਕੋਲ ਪਾਣੀ ਮੰਗਣ ਭੇਜਿਆ ਏ |
| or has he sent you to teach me a lesson? | ਕਿ ਮੈਨੂੰ ਦਰਸ ਦੇਣ ਲਈ ਭੇਜਿਆ ਏ? |
| Mardana turned back again | ਮਰਦਾਨਾ ਉਨ੍ਹੀਂ ਪੈਰੀਂ ਮੁੜ ਆਇਆ |
| Then Nanak said: | ਤਾਂ ਨਾਨਕ ਜੀ ਆਖਿਆ: |
| Mardana, strum the rabab, | ਮਰਦਾਨਿਆ ਰਬਾਬ ਵਜਾਇ |
| rather than water, | ਪਾਣੀ ਨਹੀਂ |
| let us drink the nectar of hymns | ਸਬਦ ਦਾ ਅੰਮ੍ਰਿਤ ਪੀਂਵਦੇ ਹਾਂ |
| Mardana strummed the rabab | ਮਰਦਾਨੇ ਰਬਾਬ ਵਜਾਇਆ |
| Baba Nanak sang this hymn: | ਬਾਬੇ ਰਾਗ ਵਿਚ ਸਬਦ ਉਠਾਇਆ: |

Thou art the River of Wisdom; how can I,
a mere fish, know Thy Expanse?
Yea, I see Thee all around me: without
Thee I lose my life.
I see not the fisherman, nor the net,
But when cometh Pain, I call on Thee.

ਤੂ ਦਰੀਆਉ ਦਾਨਾ ਬੀਨਾ
ਮੈ ਮਛੁਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂ ਹੈ
ਤੁਝ ਤੇ ਨਿਕਸੀ ਫੂਟਿ ਮਰਾ॥੧॥
ਨ ਜਾਣਾ ਮੇਉ ਨ ਜਾਣਾ ਜਾਲੀ॥
ਜਾ ਦੁਖੁ ਲਾਗੈ ਤਾ ਤੁਝੈ ਸਮਾਲੀ॥੧॥ਰਹਾਉ॥

Thou pervadest all; I thought thou art afar.
But whatever I do, I do in Thy Presence
Thou See-est me; I pretend that Thou dost not.
Of no avail I am to Thee; nor have
I realised the Glory of Thy Name.
Whatever Thou Givest, I eat
There is no Door other Than Thine;
whither else shall I go?
Prayeth Nanak: "My life and body are Thine
Thou are near, and far, and in the middle,
Thou See-est by Thyself, Hearest by Thyself,
and Createst all by Thyself:
And, whatever Pleaseth Thy Will,
Nanak, that alone prevails

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕਛੁ ਕਰੀ ਸੁ ਤੇਰੈ ਹਦੂਰਿ॥
ਤੂ ਦੇਖਹਿ ਹਉ ਮੁਕਰਿ ਪਾਉ॥
ਤੇਰੈ ਕੰਮਿ ਨ ਤੇਰੈ ਨਾਇ॥੨॥
ਜੇਤਾ ਦੇਹਿ ਤੇਤਾ ਹਉ ਖਾਉ॥
ਬਿਆ ਦਰੁ ਨਾਹੀ ਕੈ ਦਰਿ ਜਾਉ॥
ਨਾਨਕੁ ਏਕ ਕਹੈ ਅਰਦਾਸਿ॥
ਜੀਉ ਪਿੰਡੁ ਸਭੁ ਤੇਰੈ ਪਾਸਿ॥੩॥
ਆਪੇ ਨੇੜੈ ਦੂਰਿ ਆਪੇ ਹੀ
ਆਪੇ ਮੰਝਿ ਮਿਆਨੋੁ॥
ਆਪੇ ਵੇਖੈ ਸੁਣੇ ਆਪੇ ਹੀ
ਕੁਦਰਤਿ ਕਰੇ ਜਹਾਨੋੁ॥
ਜੋ ਤਿਸੁ ਭਾਵੈ ਨਾਨਕਾ
ਹੁਕਮੁ ਸੋਈ ਪਰਵਾਨੋੁ॥੪॥੩੧॥

Mardana, absorbed in the hymn,
had completely forgotten his thirst.
Nanak said to Mardana:
Mardana, pick up that stone lying there
Mardana picked up the stone
and lo, a sparkling spring burst forth.
Water enough for the entire town began to flow.
The water flowed from high ground to low;
As God's Grace flows towards
the wretched.
Up on the hill Wali's tank was emptying out.
Angered, Wali rolled a heavy stone
down towards Guru Nanak.
The hagiographer writes
Baba Nanak raised his hand and
stopped the rolling stone
and the print of his hand was impressed on the stone.

ਮਰਦਾਨਾ ਬਾਣੀ ਵਿਚ ਲੀਨ
ਪਾਣੀ ਭੁੱਲ ਚੁੱਕਿਆ ਸੀ।
ਨਾਨਕ ਜੀ ਮਰਦਾਨੇ ਨੂੰ ਕਹਿਣ ਲੱਗੇ:
ਮਰਦਾਨਿਆ, ਅਹੁ ਪਰ੍ਹੇ ਪਿਆ ਪੱਥਰ ਉਠਾਇ।
ਮਰਦਾਨੇ ਪੱਥਰ ਉਠਾਇਆ
ਤਾਂ ਕੀ ਦੇਖੇ ਕਿ ਪਾਣੀ ਦਾ ਸ਼ਫ਼ਾਫ਼ ਚਸ਼ਮਾ ਫੁੱਟ ਆਇਆ ਹੈ।
ਸਾਰੇ ਨਗਰ ਜੋਗਾ ਪਾਣੀ ਵਹਿ ਤੁਰਿਆ ਹੈ।
ਊਚਾਂ ਤੋਂ ਨੀਚਾਂ ਵੱਲ ਪਾਣੀ ਵਹਿ ਤੁਰਿਆ ਹੈ
ਖ਼ੁਦਾ ਕੀ ਰਹਿਮਤ ਵਹਿ ਤੁਰੀ ਹੈ
ਮਸਕੀਨਾਂ ਵੱਲ।
ਓਧਰ ਪਹਾੜੀ ’ਤੇ ਵਲੀ ਦਾ ਹੌਜ਼ ਨੀਵਾਂ ਹੋਈ ਜਾ ਰਿਹਾ।
ਵਲੀ ਨੇ ਕ੍ਰੋਧ ਵਿਚ ਆ ਕਿ ਇਕ
ਭਾਰੀ ਸਿੱਲ ਗੁਰਾਂ ਵੱਲ ਰੇੜ੍ਹ ਦਿੱਤੀ।
ਸਾਖੀਕਾਰ ਲਿਖਦਾ ਹੈ
ਬਾਬੇ ਨੇ ਆਪਣੇ ਉਠਾਏ ਹੱਥ
’ਤੇ ਸਿਲ ਰੋਕ ਲਈ
ਤੇ ਸਿੱਲ ਉਪਰ ਬਾਬੇ ਦੇ ਹੱਥ ਦਾ ਨਿਸ਼ਾਨ ਪੈ ਗਿਆ।

This is the hagiographer's allegory
his poetic composition.
Over there Wali's stone heart also melted.

ਇਹ ਸਾਖੀਕਾਰ ਦੀ ਰਮਜ਼ ਹੈ
ਉਹਦੀ ਕਵਿਤਾ ਹੈ।
ਓਧਰ ਵਲੀ ਦਾ ਪੱਥਰੁ ਦਿਲ ਵੀ ਪਿਘਲ ਗਿਆ।

| | |
|---|---|
| He also came down the hill. | ਉਹ ਵੀ ਹੇਠਾਂ ਉੱਤਰ ਆਇਆ। |
| He greeted Guru Nanak and said: | ਬਾਬੇ ਨੂੰ ਸਲਾਮ ਕੀਤੀ ਤੇ |
| Oh Man of God, | ਆਖਿਓਸੁ: ਖ਼ੁਦਾ ਦੇ ਬੰਦੇ, |
| Wali has come to ask for the nectar of your teachings. | ਵਲੀ ਤੈਥੋਂ ਤੇਰੇ ਬੋਲਾਂ ਦਾ ਆਬੇਹਯਾਤ ਮੰਗਣ ਆਇਆ ਹੈ। |
| Baba Nanak said: | ਬਾਬੇ ਆਖਿਆ: |
| He to whom the two ways are | ਰਾਹ ਦੋਵੈ ਇਕੁ |
| revealed as one, is blessed; | ਜਾਣੈ ਸੋਈ ਸਿਝਸੀ॥ |
| (But) he who believes not (in it) | ਕੁਫਰ ਗੋਅ ਕੁਫਰਾਣੈ |
| burns in his own inner fire. | ਪਇਆ ਦਝਸੀ॥ |
| Blessed is the whole world (if it) | ਸਭ ਦੁਨੀਆ ਸੁਬਹਾਨੁ |



| | |
|---|---|
| abideth in the Truth: | ਸਚਿ ਸਮਾਈਐ॥ |
| Yea, he who loses his self, will be | ਸਿਝੈ ਦਰਿ ਦੀਵਾਨਿ |
| approved at the Lord's Court. | ਆਪੁ ਗਵਾਈਐ॥ |

| | |
|---|---|
| Wali said: Praise be to God | ਵਲੀ ਆਖਿਆ: ਸੁਬਹਾਨ ਅੱਲ੍ਹਾ॥ |
| Baba Nanak said: Water always | ਬਾਬੇ ਆਖਿਆ: ਪਾਣੀ ਆਦਿ |
| flows towards low ground | ਜੁਗਾਦਿ ਨੀਵੇਂ ਪਾਸੇ ਵਹਿੰਦਾ ਹਾ। |
| and so does Nanak. | ਅਰ ਨਾਨਕ ਭੀ॥ |

| | |
|---|---|
| The lowliest of the lowly, the lowest of | ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ |
| the low-born, Nanak seeks their company. | ਨਾਨਕੁ ਤਿਨ ਕੈ ਸੰਗਿ ਸਾਥਿ |
| The friendship of the great is vain. | ਵਡਿਆ ਸਿਉ ਕਿਆ ਰੀਸ॥ |

| | |
|---|---|
| For, where the weak are cared for, | ਜਿਥੈ ਨੀਚ ਸਮਾਲੀਅਨਿ |
| there doth Thy Mercy rain. | ਤਿਥੈ ਨਦਰਿ ਤੇਰੀ ਬਖਸੀਸ॥ |

On Wali's heart the words of Nanak left their mark.
Wali kissed Baba Nanak's hands and sent him off.

## The Sky is the Salver

On the Eastern coast of India
in the town of Puri in Orissa
stands the famous temple of Visnu's avatar Jagannath
where, every day, in front of the idol of Jagannath
lamps are lit and placed in a salver
adorned with flowers and the arti is performed.

One evening Guru Nanak Dev and Bhai Mardana
were sitting near the temple.
Above their heads was the star-studded sky.
From the North a fragrant breeze was blowing
from the direction of that famed Malay hill
which was covered with a forest of sandalwood trees.

The priests came out of the temple
and said: why didn't you come
into the temple during the arti?
Nanak Ji replied: Pandit Ji,
we are already inside the temple
and in our temple the arti is still being performed.
Day and night this arti happens, everywhere and at all times.

The entire cosmos is God's temple
and look up there above our heads is the salver of the sky
in which the sun and moon glow like lamps
and the stars gleam like pearls
The breeze coming from the sandal forests of Malaya hill
scents the air like incense
the wind swings the fly-whisk
this is the arti of my Fear-Destroying Lord.

The priests were transfixed.
They were gazing towards
Guru Nanak Ji and his cosmic temple.
Baba Nanak said to his companion,
the musician Bhai Mardana:
Mardana, play the rabab
Mardana played the rabab
Baba sang this hymn in a raga:

ਵਲੀ ਕੇ ਦਿਲ ਪਰ ਬਾਬੇ ਕੇ ਸਬਦਾਂ ਕਾ ਨਿਸਾਨ ਰਹਾ
ਵਲੀ ਤੇ ਨਾਨਕ ਦਸਤਬੋਸੀ ਕਰ ਕੇ ਵਿਦਾ ਹੋਏ॥

## ਗਗਨ ਮੈ ਥਾਲੁ

ਭਾਰਤ ਦੇ ਪੂਰਬੀ ਤੱਟ ਤੇ
ਉੜੀਸਾ ਦੇ ਨਗਰ ਪੁਰੀ ਵਿਚ
ਵਿਸ਼ਣੂ ਦੇ ਅਵਤਾਰ ਜਗਨ ਨਾਥ ਦਾ ਪ੍ਰਸਿੱਧ ਮੰਦਰ ਹੈ
ਜਿੱਥੇ ਰੋਜ਼ ਜਗਨਨਾਥ ਦੀ ਮੂਰਤੀ ਦੇ ਸਨਮੁਖ
ਥਾਲੀ ਵਿਚ ਜਗਦੇ ਦੀਵੇ ਟਿਕਾ ਕੇ
ਫੁੱਲ ਸਜਾ ਕੇ ਆਰਤੀ ਉਤਾਰੀ ਜਾਂਦੀ ਹੈ।

ਇਕ ਸੰਧਿਆ ਗੁਰੂ ਨਾਨਕ ਦੇਵ ਤੇ ਭਾਈ ਮਰਦਾਨਾ
ਮੰਦਰ ਦੇ ਪਾਸ ਬੈਠੇ ਸਨ।
ਸਿਰ ਉੱਤੇ ਤਾਰਿਆਂ ਭਰਿਆ ਅਸਮਾਨ ਸੀ।
ਉੱਤਰ ਦਿਸ਼ਾ ਵੱਲੋਂ ਮਹਿਕ ਭਰੀ ਹਵਾ ਆ ਰਹੀ ਸੀ
ਜਿੱਧਰ ਉਹ ਮਸ਼ਹੂਰ ਮੱਲਿਆਗਿਰੀ ਪਰਬਤ ਸੀ
ਜਿਸ ਉੱਤੇ ਚੰਦਨ ਦੇ ਰੁੱਖਾਂ ਦੇ ਜੰਗਲ ਹਨ।

ਮੰਦਰ ਵਿਚੋਂ ਪੁਜਾਰੀ ਬਾਹਰ ਆਏ
ਕਹਿਣ ਲੱਗੇ: ਤੁਸੀਂ ਆਰਤੀ ਵੇਲੇ
ਮੰਦਰ ਵਿਚ ਕਿਉਂ ਨਹੀਂ ਆਏ?
ਨਾਨਕ ਜੀ ਨੇ ਕਿਹਾ: ਪੰਡਿਤ ਜੀ,
ਅਸੀਂ ਮੰਦਰ ਵਿਚ ਹੀ ਹਾਂ
ਤੇ ਸਾਡੇ ਮੰਦਰ ਵਿਚ ਅਜੇ ਵੀ ਆਰਤੀ ਹੋ ਰਹੀ ਹੈ।
ਦਿਨ ਰਾਤ ਹਰ ਦੇਸ਼ ਕਾਲ ਹੁੰਦੀ ਰਹਿੰਦੀ ਹੈ ਆਰਤੀ।

ਸਾਰਾ ਬ੍ਰਹਿਮੰਡ ਪ੍ਰਭੂ ਦਾ ਮੰਦਰ ਹੀ ਤਾਂ ਹੈ
ਤੇ ਅਹੁ ਦੇਖੋ ਸਿਰ ਉੱਤੇ ਗਗਨ ਦਾ ਥਾਲ
ਜਿਸ ਵਿਚ ਦੀਵਿਆਂ ਵਾਂਗ ਜਗਦੇ ਰਹਿੰਦੇ ਹਨ ਸੂਰਜ ਚੰਨ
ਤੇ ਤਾਰੇ ਮੋਤੀਆਂ ਵਾਂਗ ਚਮਕਦੇ
ਮੱਲਿਆਗਿਰੀ ਪਰਬਤ ਦੇ ਚੰਦਨਵਣਾਂ ਵਿਚੋਂ ਆਉਂਦੀ ਹਵਾ
ਧੂਫ਼ ਵਾਂਗ ਮਹਿਕਦੀ ਹੈ
ਪਵਨ ਚਵਰ ਕਰਦੀ ਹੈ
ਏਹੀ ਹੈ ਮੇਰੇ ਭਵਖੰਡਨ ਦੀ ਆਰਤੀ

ਪੁਜਾਰੀ ਮੰਤਰ ਮੁਗਧ ਹੋਏ
ਨਾਨਕ ਜੀ ਤੇ ਉਸ ਦੇ ਬ੍ਰਹਿਮੰਡੀ ਮੰਦਰ
ਵੱਲ ਨਿਹਾਰ ਰਹੇ ਸਨ।
ਬਾਬਾ ਨਾਨਕ ਨੇ ਆਪਣੇ ਸੰਗੀ ਸਾਜ਼ਨਵਾਜ਼
ਭਾਈ ਮਰਦਾਨੇ ਜੀ ਨੂੰ ਆਖਿਆ:
ਮਰਦਾਨਿਆ ਰਬਾਬ ਵਜਾਇ
ਮਰਦਾਨੇ ਰਬਾਬ ਵਜਾਇਆ
ਬਾਬੇ ਰਾਗ ਵਿਚ ਸਬਦ ਉਠਾਇਆ:



The sky is the salver, the sun and the moon are the lamps;
The spheres of stars are studded in it as jewels;
The Chandan-scented winds from the Malai mountains wave
And scatter across the fragrance of myriads of flowers.
(Thus) is Thy Worship performed,
O Thou, the Destroyer of fear
The Unstruck Melody rings, And maketh music of the Word
as if on the tender lips of a flute.
Thousands are Thy eyes, yet hast Thou a form?
Thousands are Thy lotus-feet, yet hast Thou feet?
Thousands are Thy noses to smell, yet hast Thou a nose?
O, Wonder of wonders,
Thou art the Spirit that Pervadeth all.
'Tis Thy Light, that lights all hearts.
Through the Guru's Wisdom doth Thy Light burnish,
And that what Pleaseth Thee becometh Thy Worship. [3]
(Like the black-bee) I crave day and night
for the honey of Thy Lotus-feet.
Grant Nanak, the Chatrik,
the Nectar of Thy Mercy, O Lord,
That he Mergeth in Thy Name.

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥

ਸਹਸ ਤਵ ਨੈਨ ਨਨਾ ਨੈਨ ਹਹਿ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋੁਹੀ
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋੁ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥

## So do I Utter O Lalo

Nanak shared such affection with Bhai Lalo
that during his last peregrination
he went to Saidpur for the second time.
He stayed with him.
While staying there he witnessed
the horror of Babur's invasion.
He composed those four hymns in which
looking at the concerns of his discourse
the mind is astounded.
Though these are merely four hymns
they are epic in their impact.
These hymns contain philosophy, music,
and spirituality as well.
The great compassion, agony, grief, great vision,
linguistic acumen, depiction, and metaphors
in these hymns are second to none.
Guru Nanak Ji compares Babur's armies
to a wedding-party of sin
whose members forcefully insist on taking away a bride

## ਤੈਸੜਾ ਕਰੀ ਗਿਆਨੁ ਵੇ ਲਾਲੋ

ਭਾਈ ਲਾਲੋ ਨਾਲ ਨਾਨਕ ਜੀ ਦਾ ਪਿਆਰ ਐਸਾ ਸੀ
ਕਿ ਉਹ ਆਪਣੀ ਆਖ਼ਰੀ ਉਦਾਸੀ ਦੌਰਾਨ
ਦੂਜੀ ਵਾਰ ਸੈਦ ਪੁਰ ਆਏ।
ਉਹਦੇ ਕੋਲ ਰਹੇ।
ਏਥੇ ਰਹਿੰਦਿਆਂ ਹੀ ਉਨ੍ਹਾਂ ਨੇ
ਬਾਬਰ ਦੇ ਹਮਲੇ ਦਾ ਕਹਿਰ ਦੇਖਿਆ।
ਉਹ ਚਾਰ ਸ਼ਬਦ ਉਚਾਰੇ
ਜਿਨ੍ਹਾਂ ਵਿਚ ਉਨ੍ਹਾਂ ਦੀ ਬਾਣੀ ਦੇ ਸਰੋਕਾਰ ਵੇਖ ਕੇ
ਮਨ ਅਚੰਭਿਤ ਹੋ ਜਾਂਦਾ ਹੈ।
ਇਹ ਚਾਰ ਸ਼ਬਦ ਹਨ
ਪਰ ਇਨ੍ਹਾਂ ਦਾ ਪ੍ਰਭਾਵ ਮਹਾਕਾਵਿਕ ਹੈ।
ਇਨ੍ਹਾਂ ਵਿਚ ਦਾਰਸ਼ਨ ਵੀ ਹੈ,
ਸਰੋਦ ਵੀ, ਰੂਹਾਨੀਅਤ ਵੀ।
ਇਨ੍ਹਾਂ ਵਿਚਲੀ ਮਹਾ ਕਰੁਣਾ,
ਤੜਪ, ਸੰਤਾਪ, ਮਹਾ ਦ੍ਰਿਸ਼ਟੀ,
ਭਾਸ਼ਾ ਸਮਰੱਥਾ, ਦ੍ਰਿਸ਼ ਵਰਣਨ, ਰੂਪਕਤਾ ਲਾਸਾਨੀ ਹੈ।
ਗੁਰੂ ਨਾਨਕ ਜੀ ਬਾਬਰ ਦੀ ਫ਼ੌਜ
ਨੂੰ ਪਾਪ ਦੀ ਜੰਞ ਨਾਲ ਤੁਲਨਾ ਦੇਂਦੇ ਹਨ
ਉਹਦੇ ਜਾਂਞੀ ਜਬਰਨ ਕੰਨਿਆ ਦਾਨ ਮੰਗਦੇ ਹਨ



the wedding vows and marriage rites
are officiated by the devil
instead of Brahmins or qazis.

ਵਿਆਹ ਦੇ ਮੰਤ੍ਰ ਅਤੇ ਅਕਦ
ਬ੍ਰਾਹਮਣਾਂ ਤੇ ਕਾਜ਼ੀਆਂ ਦੀ ਥਾਂ
ਸ਼ੈਤਾਨ ਪੜ੍ਹ ਰਿਹਾ ਹੈ।

These words
Guru Nanak
addresses to his beloved hardworking
follower Bhai Lalo
when he says:

ਇਹ ਸ਼ਬਦ
ਨਾਨਕ ਜੀ
ਆਪਣੇ ਪਿਆਰੇ ਕਿਰਤੀ ਸਿੱਖ
ਭਾਈ ਲਾਲੋ ਨੂੰ ਸੰਬੋਧਿਤ ਕਰ ਕੇ
ਉਚਾਰਦੇ ਹਨ:

O Lalo, as I receive the Word of the Lord, so do I utter;
(Babar, the Moghal) hath come from Kabul with sin as his
wedding party, and asketh us by force to part with (our
motherland, our daughter)

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ ॥

Righteousness and sense of shame have hid themselves,
and falsehood walks abroad with abandon.
The days of the Qazis and the Brahmins are over, yea, the
Devil himself playeth the priest.

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥

The four hymns of the Baburbani
contain both Khurasan and Hindustan.
Both Hindus and Turks.
There is the battlefield of the war between
the Mughals and the Afghans
elephants, swords and guns, too
stables and horses too
those who looked at their beautiful reflections
in their mirrored thumb-rings
being looted of both their marital fortunes
and their honour
the betel-leaves and their sellers,
and harems too,
breaking strings of pearls too,
the bridal sedan chairs of glamorous brides,
and the bangles of ivory on their wrists too,
and mothers waving water
over their heads to ward off bad luck,
eating coconut and dates,
bridal couples at their nuptial bed too,
Pirs praying in their hour of need too,
Hindu, Turk, Bhatti and Thakur women too,
each reciting their own God's name in hardship.
They who firmly believed

ਬਾਬਰਵਾਣੀ ਦੇ ਚਾਰ ਸ਼ਬਦਾਂ ਵਿਚ
ਖੁਰਾਸਾਨ ਵੀ ਹੈ, ਹਿੰਦੁਸਤਾਨ ਵੀ।
ਹਿੰਦੂ, ਤੁਰਕ ਵੀ।
ਮੁਗਲਾਂ ਤੇ ਪਠਾਣਾਂ
ਦੀ ਲੜਾਈ ਦਾ ਰਣ ਵੀ
ਹਾਥੀ, ਤੇਗਾਂ, ਤੁਪਕ ਵੀ,
ਤਬੇਲਾ ਵੀ, ਘੋੜੇ ਵੀ ,
ਆਰਸੀਆਂ ਵਿਚ
ਸੁਹਣੇ ਮੂੰਹ ਵੇਖਣ ਵਾਲੀਆਂ ਦੇ
ਲੁੱਟ ਹੁੰਦੇ ਸੁਹਾਗ ਭਾਗ ਵੀ
ਤੇ ਲੱਜ ਪੱਤ ਵੀ ,
ਪਾਨ, ਤੰਬੋਲੀ, ਹਰਮ ਵੀ,
ਮੋਤੀਆਂ ਦੇ ਟੁੱਟਦੇ ਹਾਰ ਵੀ ,
ਸੱਜ ਵਿਆਹੀਆਂ ਦੀਆਂ ਡੋਲ਼ੀਆਂ ਵੀ,
ਦੰਦ ਖੰਡ ਦੇ ਚੂੜੇ ਵੀ,
ਪਾਣੀ ਵਾਰਦੀਆਂ ਮਾਂਵਾਂ ਵੀ,
ਗਰੀ ਛੁਹਾਰੇ ਖਾਂਦੀਆਂ,
ਸੇਜਾਂ ਮਾਣਦੀਆਂ ਸੁਹਾਗ–ਜੋੜੀਆਂ ਵੀ,
ਮੁਸੀਬਤ ਦੀ ਘੜੀ ਵਿਚ
ਦੁਆਵਾਂ ਕਰਦੇ ਪੀਰ ਵੀ,
ਕਸ਼ਟ ਵਿਚ ਆਪਣੇ ਆਪਣੇ ਇਸ਼ਟ
ਦਾ ਨਾਮ ਧਿਆਉਂਦੀਆਂ
ਹਿੰਦਵਾਣੀਆਂ, ਤੁਰਕਾਣੀਆਂ, ਭਟਿਆਣੀਆਂ
ਤੇ ਠਕੁਰਾਣੀਆਂ ਵੀ।

that if anyone attacked their temples
he would be struck blind.
They witnessed their centuries old belief
turn into ashes in front of their eyes.
The charms and spells someone wrote for them
also proved of no use.
The bodies of princes, chopped limb to limb,
lay rolling in the dust.
Beautiful way-stations, palaces and villas
were burnt to the ground.

ਜਿਨ੍ਹਾਂ ਨੂੰ ਵਿਸ਼ਵਾਸ ਸੀ
ਕਿ ਜੇ ਕੋਈ ਸਾਡੇ
ਮੰਦਰਾਂ ਤੇ ਹਮਲਾ ਕਰੇਗਾ
ਉਹ ਅੰਨ੍ਹਾ ਹੋ ਜਾਵੇਗਾ ,
ਉਨ੍ਹਾਂ ਨੇ ਆਪਣਾ
ਸਦੀਆਂ ਪੁਰਾਣਾ ਵਿਸ਼ਵਾਸ
ਆਪਣੇ ਸਾਹਮਣੇ ਰਾਖ਼ ਹੁੰਦਾ ਵੇਖਿਆ।
ਕਿਸੇ ਦਾ ਲਿਖ ਕੇ
ਦਿੱਤਾ ਹੋਇਆ ਟੂਣਾ ਮੰਤਰ ਵੀ
ਕਿਸੇ ਕੰਮ ਨ ਆਇਆ।

But he burnt all the age-old temples
and the resting places, and the princes,
cut-up into pieces,
were thrown to the winds.
Yea, not a Mughal was blinded (by God),
No miracle, no charm,
saved the man from disaster.

ਰਾਜਕੰਵਰਾਂ ਦੀਆਂ ਵੱਢੀਆਂ ਟੁੱਕੀਆਂ ਦੇਹਾਂ
ਮਿੱਟੀ ਵਿਚ ਰੁਲ਼ਦੀਆਂ ਰਹੀਆਂ
ਸੁਹਣੇ ਥਾਂ ਟਿਕਾਣੇ, ਮਹਿਲ ਮੰਦਰ
ਅੱਖਾਂ ਸਾਹਮਣੇ ਸੜਦੇ ਰਹੇ:
ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥੪॥

Those whose graceful sons, husbands, fathers, brothers
did not return home from the battlefield
their traumatic, sleepless night filled with mourning too
falls in the purview of Nanak Ji:

ਜਿਨ੍ਹਾਂ ਦੇ ਬਾਂਕੇ ਪੁੱਤਰ, ਪਤੀ, ਪਿਤਾ, ਭਰਾ
ਜੰਗ ਦੇ ਮੈਦਾਨ ਚੋਂ ਮੁੜ ਕੇ ਘਰ ਨਾ ਆਏ
ਉਨ੍ਹਾਂ ਦੀ ਸਦਮਿਆਂ, ਸੋਗਾਂ ਭਰੀ ਉਣੀਂਦੀ ਰੈਣ ਵੀ
ਨਾਨਕ ਜੀ ਦੀਆਂ ਨਿਗਾਹਾਂ ਵਿਚ ਹੈ:

And they whose loved ones returned not to their homes,
O, how did they pass their nights?

ਜਿਨ੍ ਕੇ ਬੰਕੇ ਘਰੀ ਨ ਆਇਆ
ਤਿਨ੍ ਕਿਉ ਰੈਣਿ ਵਿਹਾਣੀ॥੬॥



Also, the Almighty too
who let such Mughal terror come
Why all this came to pass
is a question whose answer too
Nanak Ji provides in his hymns.
He writes that the rulers of Hindustan
were absorbed in revelry and pleasures.
If they had been alert to begin with
they wouldn't have received such a punishment:

ਤੇ ਉਹ ਅਕਾਲ ਪੁਰਖ ਵੀ
ਜਿਸ ਨੇ ਜਮ ਕਰ ਮੁਗਲ ਚੜ੍ਹਾਇਆ।
ਇਹ ਸਭ ਕਿਉਂ ਹੋਇਆ,
ਇਸ ਪ੍ਰਸ਼ਨ ਦਾ ਉੱਤਰ ਵੀ
ਆਪਣੀ ਬਾਣੀ ਵਿਚ ਨਾਨਕ ਜੀ ਦਿੰਦੇ ਹਨ।
ਉਹ ਲਿਖਦੇ ਨੇ ਹਿੰਦੁਸਤਾਨ ਦੇ ਰਾਜੇ
ਆਪਣੇ ਰੰਗ ਤਮਾਸ਼ਿਆਂ ਵਿਚ ਲੱਗੇ ਹੋਏ ਸਨ।
ਜੇ ਉਹ ਪਹਿਲਾਂ ਤੋਂ ਹੀ ਸੁਚੇਤ ਹੁੰਦੇ
ਤਾਂ ਇਹ ਸਜ਼ਾ ਨਾ ਮਿਲ਼ਦੀ:

If one foresee-eth and forethink-eth,
why should he be punished thus?
The kings had lost their heads
and revelled in revelries.

ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ॥



At the completion of this same hymn,
Nanak Ji writes
that all of this is according to His Will:

ਏਸੇ ਸ਼ਬਦ ਦੀ ਸੰਪੰਨਤਾ ਵੇਲੇ
ਨਾਨਕ ਜੀ ਲਿਖਦੇ ਹਨ
ਕਿ ਇਹ ਸਭ ਕੁਝ ਉਸ ਦੇ ਹੁਕਮ ਵਿਚ ਹੈ:

Yea, in the lot of some it is so writ, that (with their spouses gone) they will wail in anguish their whole lives. Sayeth Nanak: "That what the Lord Willed hath come to pass, else what could the man do of Himself?"

ਇਕਨ੍ਹਾ ਏਹੋ ਲਿਖਿਆ
ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਥੀਐ
ਨਾਨਕ ਕਿਆ ਮਾਨੁਖ॥੭॥੧੧॥

But in one hymn of the Baburbani
Nanak Ji speaks to his Lord
and addresses him thus:

ਪਰ ਬਾਬਰਵਾਣੀ ਦੇ ਇਕ ਸ਼ਬਦ ਵਿਚ
ਨਾਨਕ ਜੀ ਆਪਣੇ ਕਰਤਾ ਪੁਰਖ ਨੂੰ
ਇਉਂ ਸੰਬੋਧਨ ਵੀ ਕਰਦੇ ਹਨ:

Thou, O Creator-Lord, hast protected Khurasan;
and Hindustan Thou hast terrified.
Thou takest not the blame on Thyself,
and so hast made the Mughal the angel of Death.
Such intense is our suffering, O Lord, and

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ




Thou Feelest not compassion?
O Creator, Thou Belongest to all,
If power overpowereth power, I grieve not; [1-Pause]
But if a wild lion falleth upon a flock of sheep,
then the Master must answer.
The Jewel (of my country) has been laid waste by curs,
O, who shall cherish their memory
when they are gone?
Thou Thyself Separatest, O Lord;
Thou Thyself Unitest: yea, I revel in Thy Glory.

ਤੈਂ ਕੀ ਦਰਦੁ ਨ ਆਇਆ ॥੧॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀ
ਮੁਇਆ ਸਾਰ ਨ ਕਾਈ ॥
ਆਪੇ ਜੋੜਿ ਵਿਛੋੜੇ ਆਪੇ
ਵੇਖੁ ਤੇਰੀ ਵਡਿਆਈ ॥੨॥

Someone asked
How would the Almighty have answered
this question of Guru Nanak's?

ਕਿਸੇ ਨੇ ਪੁੱਛਿਆ:
ਕਰਤਾ ਪੁਰਖ ਨੇ ਨਾਨਕ ਜੀ ਦੇ ਸਵਾਲ ਦਾ
ਕੀ ਜਵਾਬ ਦਿੱਤਾ ਹੋਵੇਗਾ ?

God must have answered thus
O Nanak

ਕਰਤਾ ਪੁਰਖ ਨੇ ਏਹੀ ਕਿਹਾ ਹੋਵੇਗਾ:
ਹੇ ਨਾਨਕ ਜੀ

You yourself are
the compassion that I felt

ਜੋ ਮੇਨੂੰ ਦਰਦ ਆਇਆ
ਉਹ ਤੂੰ ਹੀ ਤਾਂ ਹੈ।

You are the manifestation of my compassion
That was God's reply to Nanak's question.

ਤੂੰ ਹੈਂ ਮੇਰੀ ਦਰਦ ਦਇਆ ਦੀ ਆਤਮਾ
ਨਾਨਕ ਨੂੰ ਇਹ ਬੋਲ ਕਹੇ ਪਰਮਾਤਮਾ॥

## Dialogue with Ascetic Adepts

## ਸਿਧ ਗੋਸਟਿ

Bhai Gurdas Ji
gives us an account of two dialogues
between Guru Nanak Dev Ji and the Adepts
One being when he met a band of eighty four Adepts
in the high mountains
at such heights and in such snow
seeing Guru Nanak Dev Ji reach them
the Adepts were convinced of his greatness
they asked Guru Nanak Dev Ji the state of the world.

ਭਾਈ ਗੁਰਦਾਸ ਜੀ
ਸਿੱਧਾਂ ਨਾਲ ਗੁਰੂ ਨਾਨਕ ਦੇਵ ਜੀ ਦੀਆਂ
ਦੋ ਗੋਸ਼ਟੀਆਂ ਦਾ ਬਿਆਨ ਕਰਦੇ ਹਨ
ਇਕ ਵਾਰ ਚੁਰਾਸੀ ਸਿੱਧਾਂ ਦੀ ਮੰਡਲੀ ਨੂੰ
ਉੱਚੇ ਪਰਬਤ ਤੇ ਜਾ ਕੇ ਮਿਲੇ
ਏਡੀ ਉਚਾਈ ਤੇ ਏਨੀਆਂ ਬਰਫ਼ਾਂ ਵਿਚ
ਗੁਰੂ ਨਾਨਕ ਦੇਵ ਜੀ ਆਪਣੇ ਕੋਲ ਪਹੁੰਚਿਆਂ ਦੇਖ ਕੇ
ਸਿੱਧ ਉਨ੍ਹਾਂ ਦੀ ਮਹਾਨਤਾ ਦੇ ਕਾਇਲ ਹੋ ਗਏ
ਉਨ੍ਹਾਂ ਨਾਨਕ ਜੀ ਨੂੰ ਦੁਨੀਆ ਦਾ ਹਾਲ ਚਾਲ ਪੁੱਛਿਆ।

The Baba said: O Naths! The Truth is
the moon in the darkness of falsehood...
The earth is engulfed in sin and Dhaul,
the bull, holding it up, cries out
The Adepts have retreated to the mountains,
who will redeem the world now...
The kings earn sins and the hedge overruns
the field it was meant to protect
the people, blind and ignorant, utter falsehoods...

ਬਾਬੇ ਆਖਿਆ ਨਾਥ ਜੀ
ਸਚੁ ਚੰਦ੍ਰਮਾ ਕੂੜੁ ਅੰਧਾਰਾ।...
ਪਾਪਿ ਗਿਰਾਸੀ ਪਿਰਥਮੀ
ਧਉਲੁ ਖੜਾ ਧਰਿ ਹੇਠ ਪੁਕਾਰਾ।
ਸਿਧ ਛਪਿ ਬੈਠੇ ਪਰਬਤੀ
ਕਉਣੁ ਜਗਤਿ ਕਉ ਪਾਰਿ ਉਤਾਰਾ।...
ਰਾਜੇ ਪਾਪੁ ਕਮਾਂਵਦੇ
ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤੁ ਮੁਖਹੁ ਆਲਾਈ।...

The Adepts realise that if they manage
to induct Nanak into their order
the name of their order would gain prominence
and fame across the world
They show Guru Nanak Ji
miracles and astonishing feats
and attempt to impress and entice him
But Guru Nanak uses the power of his utterances
and makes the Adepts realise
the meaninglessness of their miracles
and having convinced them of his own unique way
to enlighten Kaliyug towards the
simple path of the Name
he sets off on the next leg of his journey:

ਸਿੱਧ ਸੋਚਦੇ ਹਨ ਕਿ
ਜੇ ਨਾਨਕ ਜੋਗ ਲੈ ਲਵੇ
ਤਾਂ ਸਾਡੇ ਪੰਥ ਦਾ ਨਾਮ
ਦੁਨੀਆ ਉੱਤੇ ਪ੍ਰਸਿੱਧ ਹੋ ਜਾਵੇ
ਉਹ ਨਾਨਕ ਜੀ ਨੂੰ
ਕਰਾਮਾਤਾਂ ਤੇ ਰਿਧੀਆਂ ਸਿਧੀਆਂ ਵਿਖਾ ਕੇ
ਪ੍ਰਭਾਵਿਤ ਕਰਨ ਦੇ ਯਤਨ ਕਰਦੇ ਹਨ
ਪਰ ਬਾਬਾ ਆਪਣੇ ਸ਼ਬਦ ਦੀ ਸ਼ਕਤੀ ਨਾਲ
ਸਿੱਧਾਂ ਨੂੰ ਉਨ੍ਹਾਂ ਦੀਆਂ ਰਿਧੀਆਂ ਸਿਧੀਆਂ ਦੀ ਨਿਰਾਰਥਕਤਾ ਦਾ
ਬੋਧ ਕਰਾ ਦਿੰਦਾ ਹੈ
ਤੇ ਆਪਣੇ ਨਿਰਾਲੇ ਪੰਥ ਦੀ ਪਰਤੀਤ ਕਰਵਾ ਦਿੰਦਾ ਹੈ
ਤੇ ਕਲਯੁਗ ਨੂੰ ਨਾਮ ਦੇ
ਸਾਦੇ ਮਾਰਗ ਦਾ ਗਿਆਨ ਦੇਣ ਲਈ
ਆਪਣੇ ਅਗਲੇ ਪੈਂਡੇ ਤੇ ਚੱਲ ਪੈਂਦਾ ਹੈ:



With the Word he conquered the
Adepts and turned them onto his new Way
In Kaliyug, Nanak, only the Name can bring ease.

ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥੩੧॥

Bhai Gurdas writes that
another meeting of Nanak Ji with the Adepts
occurs in Achal Batala
at the Shivratri fair.

ਭਾਈ ਗੁਰਦਾਸ ਲਿਖਦੇ ਹਨ
ਸਿਧਾਂ ਨਾਲ ਨਾਨਕ ਜੀ ਦੀ ਇਕ ਭੇਂਟ
ਅਚਲ ਵਟਾਲੇ ਵਿਖੇ
ਸ਼ਿਵਰਾਤਰੀ ਦੇ ਮੇਲੇ ਤੇ ਹੁੰਦੀ ਹੈ

Seeing Guru Nanak Ji surrounded
by a congregation of followers eager for a glimpse
the Yogis are beset by envy

ਗੁਰੂ ਨਾਨਕ ਜੀ ਦੇ ਆਲੇ ਦੁਆਲੇ
ਦਰਸ਼ਨਾਂ ਲਈ ਜੁੜੀਆਂ ਸੰਗਤਾਂ ਦੇਖ ਕੇ
ਜੋਗੀਆਂ ਨੂੰ ਈਰਖਾ ਹੁੰਦੀ ਹੈ

They again begin to perform their miracles
when this proves of no avail, Yogi Bhangar Nath
asks Nanak Ji with great anger
O Guru, you assumed the guise of a wanderer for so
many years and travelled
but eventually came back to the
ways of the householder
into the milk of your spiritual pursuit
you have added a fermented drink
from this now curdled milk
what butter can you obtain?
Guru Nanak replied: O Bhangar Nath
you gave up the domestic life of the householder
but everyday you go to the homes of
householders to beg
this is akin to that clumsy lady
who does not wash the vessel
before pouring milk into it.

ਉਹ ਫਿਰ ਆਪਣੀਆਂ ਰਿਧੀਆਂ ਸਿਧੀਆਂ ਦਿਖਾਉਣ ਲੱਗ ਪੈਂਦੇ ਹਨ।
ਕੋਈ ਪੇਸ਼ ਨਾ ਚੱਲਦੀ ਵੇਖ ਕੇ ਜੋਗੀ ਭੰਗਰ ਨਾਥ
ਨਾਨਕ ਜੀ ਨੂੰ ਬਹੁਤ
ਕ੍ਰੋਧ ਨਾਲ ਪੁੱਛਦਾ ਹੈ
ਹੇ ਨਾਨਕ ਤੂੰ ਏਨੇ ਸਾਲ
ਉਦਾਸੀ ਦਾ ਵੇਸ ਪਾ ਕੇ
ਅਖੀਰ ਫਿਰ ਸੰਸਾਰੀ ਰੀਤ ਵੱਲ ਆ ਗਿਆ
ਤੂੰ ਆਪਣੇ ਸਾਰੇ ਪਰਮਾਰਥ ਦੇ
ਦੁੱਧ ਵਿਚ ਕਾਂਜੀ ਘੋਲ ਲਈ
ਹੁਣ ਦੁੱਧ ਦੇ ਫਿੱਟੇ ਚਾਟੇ ਵਿਚੋਂ
ਤੈਨੂੰ ਕਿਹੜਾ ਮੱਖਣ ਮਿਲੇਗਾ ?
ਗੁਰੂ ਨਾਨਕ ਆਖਦੇ ਹਨ: ਹੇ ਭੰਗਰ ਨਾਥ
ਤੁਸੀਂ ਗ੍ਰਹਿਸਥ ਤਿਆਗ ਕੇ
ਵਾਰ ਵਾਰ ਗ੍ਰਹਿਸਥੀਆਂ
ਦੇ ਘਰੀਂ ਮੰਗਣ ਜਾਂਦੇ ਹੋ
ਇਹ ਉਸ ਕੁਚੱਜੀ ਸੁਆਣੀ ਵਰਗੀ ਗੱਲ ਹੈ
ਜੋ ਦੁੱਧ ਪਾਉਣ ਤੋਂ ਪਹਿਲਾਂ
ਬਰਤਨ ਨੂੰ ਧੋ ਕੇ ਸਾਫ਼ ਨਹੀਂ ਕਰਦੀ।

The Yogis, rendered unable to answer
again began to recite their mantras
and, displaying their miracles,
attempted to attract the crowds towards themselves
but the people were gathered around Guru Nanak
to listen to his hymns.

ਜੋਗੀ ਨਿਰੁੱਤਰ ਹੋ ਕੇ
ਫਿਰ ਤੰਤ੍ਰ ਮੰਤ੍ਰ ਪੜ੍ਹਦੇ ਹਨ
ਤੇ ਰਿਧੀਆਂ ਸਿਧੀਆਂ ਵਿਖਾ ਕੇ
ਲੋਕਾਂ ਨੂੰ ਆਪਣੇ ਮਗਰ ਲਾਉਣ ਦੀ ਕੋਸ਼ਸ਼ ਕਰਦੇ ਹਨ
ਪਰ ਲੋਕ ਗੁਰੂ ਨਾਨਕ ਦੇ ਸ਼ਬਦ ਨੂੰ ਸੁਣਨ ਲਈ
ਉਨ੍ਹਾਂ ਦੁਆਲੇ ਜੁੜੇ ਹੋਏ ਹਨ।

The Adepts, astounded, eventually asked:
O Nanak, what miracle do you perform
so that the crowds follow you so
show us that miracle too.

ਸਿੱਧ ਆਖ਼ਰ ਹੈਰਾਨ ਹੋ ਕੇ ਪੁੱਛਦੇ ਹਨ:
ਹੇ ਨਾਨਕ ਤੂੰ ਜਗਤ ਨੂੰ ਕਿਹੜੀ ਕਰਾਮਾਤ ਨਾਲ
ਆਪਣੇ ਮਗਰ ਲਾ ਲੈਂਦਾ ਹੈਂ
ਸਾਨੂੰ ਵੀ ਦਿਖਾ ਤਾਂ ਉਹ ਕਰਾਮਾਤ।

"O Great Nath Baba! Heed
my words as I utter the Truth
Other than the True Name I have
no other miracles to offer."
After this the Adepts
in order to satisfy their curiosity
ask Guru Nanak Dev Ji many questions.
Finally, the words of Guru Nanak satiate their minds
The same Adepts who asked
Guru Nanak harsh questions
now speak benign words.

ਬਾਬਾ ਬੋਲੇ ਨਾਥ ਜੀ
ਸਬਦੁ ਸੁਨਹੁ ਸਚੁ ਮੁਖਹੁ ਅਲਾਈ
ਬਾਝੌ ਸਚੇ ਨਾਮ ਦੇ
ਹੋਰੁ ਕਰਾਮਾਤਿ ਅਸਾਂ ਤੇ ਨਾਹੀ
ਇਸ ਤੋਂ ਬਾਅਦ ਸਿੱਧ
ਆਪਣੀ ਜਗਿਆਸਾ ਨੂੰ ਸ਼ਾਂਤ ਕਰਨ ਲਈ
ਗੁਰੂ ਨਾਨਕ ਦੇਵ ਜੀ ਨੂੰ ਬਹੁਤ ਪ੍ਰਸ਼ਨ ਪੁੱਛਦੇ ਹਨ।
ਅੰਤ ਨਾਨਕ ਦਾ ਸ਼ਬਦ
ਉਨ੍ਹਾਂ ਦੇ ਮਨਾਂ ਨੂੰ ਤ੍ਰਿਪਤ ਕਰਦਾ ਹੈ
ਨਾਨਕ ਜੀ ਨੂੰ ਕੌੜੇ ਪ੍ਰਸ਼ਨ ਪੁੱਛਣ ਵਾਲੇ ਸਿੱਧ
ਹੁਣ ਸ਼ੁਭ ਬਚਨ ਬੋਲਦੇ ਹਨ।

The Adepts spoke auspiciously,
Great are your deeds Nanak
You are the Great Man who has appeared
to light a lamp in this Kaliyug. ...

ਸਿਧਿ ਬੋਲਨਿ ਸੁਭਿ ਬਚਨਿ
ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ
ਕਲਿਜੁਗਿ ਅੰਦਰਿ ਜੋਤਿ ਜਗਾਈ। . . . .

Guru Nanak Dev Ji
in his own hymns, the Sidh Gosht
has described his discussion with the Adepts
In this discussion the name of
Charpat Nath also appears
who lived many ages ago.
Some Sikh scholars claim
that this is the same Charpat Nath
and he had become very long-lived
through the practice of Yoga
while some other scholars say
that this dialogue
engages with the entire Ascetic Adept
and Saintly tradition as a whole.

ਗੁਰੂ ਨਾਨਕ ਦੇਵ ਜੀ ਨੇ
ਆਪ ਵੀ ਆਪਣੀ ਬਾਣੀ ਸਿਧ ਗੋਸਟ ਵਿਚ
ਸਿਧਾਂ ਨਾਲ ਹੋਈ ਗੋਸ਼ਟੀ ਨੂੰ ਅੰਕਿਤ ਕੀਤਾ ਹੈ
ਇਸ ਗੋਸਟ ਵਿਚ ਚਰਪਟ ਨਾਥ
ਦਾ ਨਾਉਂ ਵੀ ਆਉਂਦਾ ਹੈ
ਜਿਹੜਾ ਬਹੁਤ ਸਮਾਂ ਪਹਿਲਾਂ ਹੋਇਆ।
ਕੁਝ ਸਿੱਖ ਵਿਦਵਾਨਾਂ ਦਾ ਕਹਿਣਾ ਹੈ
ਕਿ ਇਹ ਓਹੀ ਚਰਪਟ ਨਾਥ ਹੈ
ਤੇ ਇਸ ਨੇ ਯੋਗ ਨਾਲ
ਆਪਣੀ ਉਮਰ ਬਹੁਤ ਲੰਮੀ ਕਰ ਲਈ ਸੀ
ਕੁਝ ਵਿਦਵਾਨਾਂ ਦਾ ਕਹਿਣਾ ਹੈ
ਕਿ ਦਰਅਸਲ ਇਹ ਗੋਸ਼ਟੀ
ਸਮੁੱਚੀ ਸਿੱਧ ਪਰੰਪਰਾ
ਤੇ ਸੰਤ ਪਰੰਪਰਾ ਵਿਚਕਾਰ ਹੈ।

Charpat Nath asks:

ਚਰਪਟ ਨਾਥ ਪੁੱਛਦਾ ਹੈ:

"The Sea of the world is considered impassable:
how is then one to Go across?
"Speak, O Nanak, the detached one,
what sayest thou to it, pray?"

ਦੁਨੀਆ ਸਾਗਰੁ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ
ਦੇਹੁ ਸਚਾ ਬੀਚਾਰੋ॥

Guru Nanak Ji replies to Charpat Nath Ji
with great love and respect:
O Nath you are a transcended being
you have already passed across this sea of the world
what answer could I possibly give you!

ਗੁਰੂ ਨਾਨਕ ਜੀ ਚਰਪਟ ਨਾਥ ਜੀ ਨੂੰ
ਬਹੁਤ ਪਿਆਰ ਸਤਿਕਾਰ ਨਾਲ ਆਖਦੇ ਹਨ:
ਨਾਥ ਜੀ ਤੁਸੀਂ ਤਾਂ ਪਾਰਗਰਾਮੀ ਹੋ
ਤੁਸੀਂ ਤਾਂ ਪਹਿਲਾਂ ਹੀ ਇਸ ਦੁਤਰ ਸਾਗਰ ਨੂੰ ਤਰ ਚੁੱਕੇ ਹੋ
ਤੁਹਾਨੂੰ ਮੈਂ ਕੀ ਜਵਾਬ ਦਿਆਂ?



“How can one instruct the one who sayeth
that he knoweth.
“He who considers himself having crossed
the Sea, how can one argue with him? [4]

ਆਪੇ ਆਖੈ ਆਪੇ ਸਮਝੈ
ਤਿਸੁ ਕਿਆ ਉਤਰੁ ਦੀਜੈ॥
ਸਾਚੁ ਕਹਹੁ ਤੁਮ ਪਾਰਗਰਾਮੀ
ਤੁਝੁ ਕਿਆ ਬੈਸਣੁ ਦੀਜੈ॥

After speaking these respectful lines,
Guru Nanak Ji says:

ਇਹ ਸਤਿਕਾਰ ਭਰੇ ਵਾਕ ਕਹਿਣ ਤੋਂ ਬਾਅਦ
ਨਾਨਕ ਜੀ ਕਹਿੰਦੇ ਹਨ:

“As the lotus liveth detached in waters, as the duck
floateth care-free on the stream,
“So doth one Cross the Sea of Existence, his mind At-
tuned to the Word.

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥

Loharipa expresses his doubts
he says:

ਲੌਹਾਰੀਪਾ ਆਪਣਾ ਸੰਦੇਹ ਪਰਗਟ ਕਰਦਾ ਹੈ
ਉਹ ਕਹਿੰਦਾ ਹੈ:

we live far from settlements and hearths
in the mountains and forests
eating root vegetables
bathing in the holy places
we are clean and untouched.
This is the true path of Yoga.

ਅਸੀਂ ਹੱਟੀਆਂ ਭੱਠੀਆਂ ਤੋਂ ਦੂਰ
ਪਰਬਤਾਂ ਜੰਗਲਾਂ ਵਿਚ ਰਹਿੰਦੇ ਹਾਂ
ਕੰਦ ਮੂਲ ਖਾਂਦੇ ਹਾਂ
ਤੀਰਥਾਂ ਤੇ ਇਸ਼ਨਾਨ ਕਰਦੇ ਹਾਂ
ਅਸੀਂ ਨਿਰਮਲ ਹਾਂ।
ਜੋਗ ਦਾ ਮਾਰਗ ਤਾਂ ਏਹੀ ਹੈ।

Answering Loharipa’s doubts
Nanak Ji says:

ਲੌਹਾਰੀਪਾ ਦੇ ਸੰਸੇ ਦਾ ਉੱਤਰ ਦਿੰਦਿਆਂ
ਨਾਨਕ ਜੀ ਆਖਦੇ ਹਨ:

Even whilst dwelling in our homes
if we keep our appetites
and our ease and comfort under control
we can engage in the business of Truth.

ਦਰਾਂ ਘਰਾਂ ਵਿਚ ਵਸਦਿਆਂ ਹੋਇਆਂ ਵੀ
ਅਸੀਂ ਆਪਣੀਆਂ ਭੁੱਖਾਂ
ਅਤੇ ਆਪਣੇ ਸੁੱਖ ਆਰਾਮ ਨੂੰ ਸੰਜਮ ਵਿਚ ਰੱਖ ਕੇ
ਸੱਚ ਦਾ ਵਣਜ ਕਰ ਸਕਦੇ ਹਾਂ।

The Adepts exhort Guru Nanak to pierce his ears
and become a Yogi:

ਸਿੱਧ ਗੁਰੂ ਨਾਨਕ ਜੀ ਨੂੰ ਕੰਨੀਂ ਮੁੰਦਰਾਂ ਪਾ ਕੇ
ਜੋਗ ਧਾਰਨ ਲਈ ਕਹਿੰਦੇ ਹਨ:

Guru Nanak Dev Ji replies:
The incessant ringing of the Word heard in my soul
is like ear-rings to me.
This unceasing Hymn
keeps ego, affection, lust and anger away from me.

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:
ਅੰਤਰਮਨ ਨੂੰ ਨਿਰੰਤਰ ਸੁਣਾਈ ਦੇ ਰਿਹਾ ਸ਼ਬਦ ਹੀ
ਮੇਰੇ ਲਈ ਮੁੰਦਰਾਂ ਸਮਾਨ ਹੈ।
ਇਹ ਨਿਰੰਤਰ ਸਬਦ
ਹਉਮੈ, ਮਮਤਾ, ਕਾਮ ਤੇ ਕ੍ਰੋਧ ਨੂੰ ਮੇਰੇ ਤੋਂ ਦੂਰ ਰੱਖਦਾ ਹੈ।

Again the Adepts ask:
“Who is thy Guru of whom
thou mayest be the follower?

ਫਿਰ ਸਿਧ ਪੁੱਛਦੇ ਹਨ:
ਤੇਰਾ ਕਵਣੁ ਗੁਰੂ
ਜਿਸ ਕਾ ਤੂ ਚੇਲਾ॥

Then Guru Nanak replies:
"The Word is the Guru: and the mind
Attuned (to the Word) the disciple.

ਤਾਂ ਗੁਰੂ ਨਾਨਕ ਉੱਤਰ ਦਿੰਦੇ ਹਨ:
ਸਬਦੁ ਗੁਰੂ
ਸੁਰਤਿ ਧੁਨਿ ਚੇਲਾ॥

The Sidh Gosht contains the exploration of very deep
philosophical ideas because
the Adepts were no ordinary people.
With great learning, deep thought
and cogitation, and self-control
these were accomplished men of great attainment.
Their questions, too, were not ordinary.
What set them apart most of all was that
they had abandoned the world
and gone up the mountains.

ਸਿਧ ਗੋਸਟਿ ਵਿਚ ਬਹੁਤ ਗਹਿਰੇ
ਦਾਰਸ਼ਨਿਕ ਵਿਚਾਰਾਂ ਦਾ ਮੰਥਨ ਹੈ
ਕਿਉਂਕਿ ਸਿੱਧ ਕੋਈ ਮਾਮੂਲੀ ਇਨਸਾਨ ਨਹੀਂ ਸਨ।
ਉਹ ਬਹੁਤ ਅਧਿਅਨ, ਮਨਨ,
ਚਿੰਤਨ ਤੇ ਸ੍ਵੈਅਨੁਸ਼ਾਸਨ ਵਾਲੇ
ਪਹੁੰਚੇ ਹੋਏ ਵਿਅਕਤੀ ਸਨ।
ਉਨ੍ਹਾਂ ਦੇ ਪ੍ਰਸ਼ਨ ਵੀ ਮਾਮੂਲੀ ਨਹੀਂ ਸਨ।
ਉਨ੍ਹਾਂ ਦੀ ਵੱਡੀ ਸੀਮਾ ਏਹੀ ਸੀ
ਕਿ ਉਹ ਦੁਨੀਆ ਤੋਂ ਮੂੰਹ ਮੋੜ ਕੇ
ਪਰਬਤਾਂ ਤੇ ਆ ਗਏ ਸਨ।

## Jasmine Flower Afloat on a Bowl of Milk

## ਦੁੱਧ ਦੇ ਕਟੋਰੇ ਉੱਤੇ ਚੰਬੇਲੀ ਦਾ ਫੁੱਲ

The discussions of Guru Nanak Dev Ji
were very deeply spiritual, enlivening and unique.
One such unique incomparable
discussion of Guru Nanak's
happened in the vicinity of Multan.
Multan a city famed for its many Pirs, Walis and Sufis.
When Guru Nanak Ji reached close to Multan
the Pirs of that city
sent Baba Nanak
a bowl filled to the brim with milk.
There was no scope for a single drop more of milk in it.
The hidden meaning behind this
full to the brim bowl was
that there was now no space in
Multan for even one more Pir
if more milk were added to this bowl
it would spill over.
Guru Nanak's answer to this symbolic message
was very poetic, deep and full of love,
and in the same idiom that the Pirs had used.
On the surface of the bowl of milk
he set afloat a jasmine flower
and sent the bowl back.

ਗੁਰੂ ਨਾਨਕ ਦੇਵ ਜੀ ਦੇ ਸੰਵਾਦ
ਬਹੁਤ ਗਹਿਰੇ ਰੂਹਾਨੀ, ਬਿਨੋਦੀ ਅਤੇ ਅਨੂਠੇ ਸਨ।
ਨਾਨਕ ਜੀ ਦਾ ਇਕ ਬੇਬੋਲ ਅਨੂਠਾ ਸੰਵਾਦ
ਮੁਲਤਾਨ ਦੀ ਜੂਹ ਤੇ ਹੋਇਆ ਸੀ।
ਮੁਲਤਾਨ ਜਿੱਥੇ ਬਹੁਤ ਪੀਰਾਂ ਵਲੀਆਂ
ਸੂਫ਼ੀਆਂ ਦੀਆਂ ਰੌਣਕਾਂ ਹਨ।
ਜਦੋਂ ਗੁਰੂ ਨਾਨਕ ਜੀ ਮੁਲਤਾਨ ਕੋਲ ਪਹੁੰਚੇ
ਤਾਂ ਓਥੋਂ ਦੇ ਪੀਰਾਂ ਨੇ
ਬਾਬੇ ਲਈ
ਲਬਾਲਬ ਭਰਿਆ ਦੁੱਧ ਦਾ ਕਟੋਰਾ ਭੇਜਿਆ।
ਜਿਸ ਵਿਚ ਹੋਰ ਤਿਪ ਵੀ
ਦੁੱਧ ਸਮਾ ਸਕਣ ਦੀ ਥਾਂ ਨਹੀਂ ਸੀ।
ਇਸ ਲਬਾਲਬ ਭਰੇ ਕਟੋਰੇ ਦੀ ਰਮਜ਼ ਇਹ ਸੀ
ਕਿ ਹੁਣ ਮੁਲਤਾਨ ਵਿਚ ਕਿਸੇ
ਹੋਰ ਪੀਰ ਫ਼ਕੀਰ ਲਈ ਥਾਂ ਨਹੀਂ
ਹੁਣ ਇਸ ਕਟੋਰੇ ਵਿਚ ਹੋਰ ਦੁੱਧ ਪਾਇਆ
ਤਾਂ ਉਹ ਡੁੱਲ੍ਹ ਜਾਵੇਗਾ।
ਗੁਰੂ ਨਾਨਕ ਦੇਵ ਜੀ ਨੇ ਇਸ ਰਮਜ਼ ਦਾ
ਬਹੁਤ ਕਾਵਿਕ, ਗਹਿਰਾ ਤੇ ਪਿਆਰ ਭਰਿਆ ਜਵਾਬ
ਪੀਰਾਂ ਫ਼ਕੀਰਾਂ ਦੀ ਭਾਸ਼ਾ ਵਿਚ ਹੀ ਭੇਜਿਆ।
ਉਨ੍ਹਾਂ ਨੇ ਦੁੱਧ ਦੇ ਕਟੋਰੇ ਦੀ ਸਤਹ ਉੱਤੇ
ਚੰਬੇਲੀ ਦਾ ਫੁੱਲ ਟਿਕਾ ਕੇ
ਕਟੋਰਾ ਵਾਪਸ ਭੇਜ ਦਿੱਤਾ।




## Kaaba Appeared in every Direction

The tale of sleeping with his feet pointed
towards the house of God in Mecca
has also been told this way:

The Maulvi was angered
and in a rage he spoke
who dares sleep with his feet
pointing towards God's abode?

Baba Nanak laughed and said:
O Mullah, grant me pardon
and wherever God does not reside
point my feet in that direction.

## ਹਰ ਪਾਸੇ ਦਿਸਿਆ ਕਾਅਬਾ

ਮੱਕੇ ਰੱਬ ਦੇ ਘਰ ਵੱਲ
ਪੈਰ ਪਸਾਰਨ ਦੀ ਕਥਾ
ਇਉਂ ਬਿਆਨ ਕੀਤੀ ਗਈ ਹੈ:

ਹੋਇਆ ਮੌਲਵੀ ਕਰੋਪੀ
ਤੇ ਬੋਲਿਆ ਹਰਖ ਕੇ
ਸੁੱਤਾ ਹੈ ਕੌਣ
ਰੱਬ ਦੇ ਘਰ ਵੱਲ ਨੂੰ ਪੈਰ ਕਰ ਕੇ ?

ਨਾਨਕ ਜੀ ਹੱਸ ਕੇ ਬੋਲੇ:
ਮੁੱਲਾਂ ਜੀ ਮਾਫ਼ ਕਰ ਦੇ
ਜਿਸ ਪਾਸੇ ਰੱਬ ਨਹੀਂ ਹੈ
ਉਸ ਪਾਸੇ ਪੈਰ ਕਰ ਦੇ

Such was the effect
of Nanak's wise utterance
the Kaaba appeared in every direction
lifted was the curtain of ignorance.

ਕੁਝ ਐਸਾ ਅਸਰ ਹੋਇਆ
ਨਾਨਕ ਦੇ ਇਸ ਕਥਨ ਦਾ
ਹਰ ਪਾਸੇ ਦਿਸਿਆ ਕਾਅਬਾ
ਉਠਿਆ ਭਰਮ ਦਾ ਪਰਦਾ।

## Is the Hindu Superior or the Muslim

## ਹਿੰਦੂ ਵੱਡਾ ਕਿ ਮੁਸਲਮਾਨ

The Qazis and Mullahs gathered
and asked Guru Nanak:
Is the Hindu better or the Muslim?

ਕਾਜੀ ਮੁੱਲਾਂ ਇਕੱਠੇ ਹੋ ਕੇ
ਬਾਬਾ ਨਾਨਕ ਨੂੰ ਕਹਿਣ ਲੱਗੇ:
ਹਿੰਦੂ ਵੱਡਾ ਕਿ ਮੁਸਲਮਾਨ?

The Baba replied O Hajis,
without good deeds both will weep
Just being Hindu or Muslim doesn't guarantee
God their souls will keep
Like the colour of safflower,
washed by water, will fade and seep
Busy arguing amongst themselves,
where can Ram and Rahim find place to stand
The world follows Satan's path

ਬਾਬਾ ਆਖੇ ਹਾਜੀਆ
ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ
ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗੁ ਕੁਸੰਭ ਦਾ
ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ
ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ॥੩੩॥

## Great Fakir Ecstatic

## ਇਕੁ ਫਕੀਰੁ ਵਡਾ ਮਸਤਾਨਾ

Then Baba Nanak went to Baghdad
and camped at its outskirts
The Baba, a manifestation of the Eternal,
and with him the rabab player Mardana,
There he gave the call to Prayer,
hearing which the world fell still
The entire town was silenced
and the Pir seeing this was wonder-struck
When he looked for the cause
he found a great fakir ecstatic
Dastgir went and asked him.
What fakir are you and of which lineage?
Nanak, come to Kaliyug, who knows
fakirs and their God as one
He is known by the earth and sky
and all four directions.


ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ
ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ
ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆ ਫਿਰਿ ਕੈ ਦਸਤਗੀਰ
ਕਉਣ ਫਕੀਰੁ ਕਿਸ ਕਾ ਘਰਿਆਨਾ।
ਨਾਨਕ ਕਲਿ ਵਿਚਿ ਆਇਆ
ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ
ਚਹੂ ਦਿਸਿ ਜਾਨਾ।

## Nanak came to Kartarpur

## ਬਾਬਾ ਆਇਆ ਕਰਤਾਰਪੁਰਿ

Then Baba Nanak came to Kartarpur
and took off his guise of mendicant

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।



He donned worldly attire, sat on a cot
and continued his mission...

After his peregrinations, Sri Guru Nanak Dev Ji spent the remaining eighteen years of his life in Sri Kartarpur Sahib, the town he founded on the banks of the River Ravi. He farmed crops with his own hands. In furrows he planted seeds and in minds he planted hymns. Shahzad, the son of the rabab playing musician Bhai Mardana, Nanak's departed companion, came and settled in Sri Kartarpur Sahib close to Guru Nanak. Morning and evening the nectar of the Guru's hymns being sung began to shower upon the land. The Guru's langar would be served without pause.

ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ। . . .

ਉਦਾਸੀਆਂ ਤੋਂ ਬਾਅਦ ਸ਼੍ਰੀ ਗੁਰੂ ਨਾਨਕ ਜੀ ਨੇ ਆਪਣੀ ਆਰਜਾ ਦੇ ਆਖ਼ਰੀ ੧੮ ਵਰ੍ਹੇ ਰਾਵੀ ਦੇ ਕੰਢੇ ਆਪੁਵਸਾਏ ਨਗਰ ਸ਼੍ਰੀ ਕਰਤਾਰ ਪੁਰ ਸਾਹਿਬ ਵਿਚ ਗੁਜ਼ਾਰੇ। ਹੱਥੀਂ ਖੇਤੀ ਕੀਤੀ। ਸਿਆੜਾਂ ਵਿਚ ਬੀਜ ਬੀਜੇ ਤੇ ਮਨਾਂ ਵਿਚ ਸ਼ਬਦ। ਵਿੱਛੜੇ ਸੰਗੀਤਕਾਰ ਸੰਗੀ ਰਬਾਬੀ ਭਾਈ ਮਰਦਾਨਾ ਜੀ ਦਾ ਸਪੁੱਤਰ ਸ਼ਹਿਜ਼ਾਦ ਗੁਰੂ ਜੋ ਕੋਲ ਆ ਵਸਿਆ। ਸ਼ਾਮ ਸਵੇਰੇ ਗੁਰਬਾਣੀ ਕੀਰਤਨ ਦਾ ਅੰਮ੍ਰਿਤ ਰਿਮਝਿਮ ਵਰਸਣ ਲੱਗਾ। ਗੁਰੂ ਕਾ ਲੰਗਰ ਅਟੁੱਟ ਵਰਤਦਾ।